ਹਫਤਾਵਾਰੀ
# ਦੇਸ਼ ਦੁਆਬਾ



ਸ਼ਹੀਦ ਊਧਮ ਸਿੰਘ ਧਰਮ-ਨਿਰਪੱਖ ਅਤੇ ਅਗਾਂਹਵਧੂ ਸੋਚ ਦਾ ਪ੍ਰਤੀਕ ਸੀ- ਕੁਲਦੀਪ ਚੰਦ ਦਾ ਲੇਖ (ਦੇਖੋ ਸਫਾ 10 ਤੇ)

VOL - 4 ISSUE - 17
July 29, 2015
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



ਸਾਕਾ ਪੰਜਾ ਸਾਹਿਬ 'ਤੇ ਵਿਸ਼ੇਸ਼
ਪ੍ਰੋ: ਐਚ ਐਲ ਕਪੂਰ ਦਾ ਲੇਖ ਦੇਖੋ (ਸਫਾ 15 'ਤੇ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਰਜਿਸਟਰਡ ਨਾ ਕੀਤੇ ਜਾਣ ਵਾਲੇ ਨਫ਼ਰਤ ਦੇ ਕੇਸਾਂ ਨੂੰ ਰੋਕਣ ਲਈ ਸੁਰੱਖਿਆ ਏਜੰਸੀਆਂ ਨਾਲ ਗੱਲ ਕਰਾਂਗੇ- ਭਾਰਤੀ ਰਾਜਦੂਤ



ਸੰਨੀਵੇਲ (ਕੈਲੀਫੋਰਨੀਆ) ਅਮਰੀਕਾ ਭਾਰਤ ਦੇ ਵਪਾਰਕ ਤੇ ਰਾਜਨੀਤਿਕ ਸਬੰਧ ਬਹੁਤ ਮਜ਼ਬੂਤ ਹੋ ਰਹੇ ਹਨ ਜਿਸਦਾ ਦੋਹਾਂ ਹੀ ਦੇਸ਼ਾਂ ਨੂੰ ਆਰਥਿਕ ਤੇ ਰਾਜਨੀਤਕ ਤੌਰ ਤੇ ਬਹੁਤ ਫ਼ਾਇਦਾ ਹੋ ਰਿਹਾ ਹੈ। ਇਹ ਗਲ ਪਿਛਲੇ ਹਫ਼ਤੇ ਸੰਨੀਵੇਲ ਹਿੰਦੂ ਮੰਦਰ ਦੇ ਹਾਲ ਵਿਚ ਇੱਕ ਪਰੈਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਭਾਰਤੀ ਰਾਜਦੂਤ ਸ਼੍ਰੀ ਅਰੁਣ ਕੁਮਾਰ ਸਿੰਘ ਨੇ ਕਹੀ। ਉਨ੍ਹਾਂ ਕਿਹਾ ਕਿ ਦੋਹਾਂ ਹੀ ਦੇਸ਼ਾਂ ਵਿਚ ਵਧੀਆ ਬਣ ਰਹੇ ਸਬੰਧ ਇਹਨਾਂ ਦੇਸ਼ਾਂ ਦੇ ਲੋਕਾਂ ਨੂੰ ਆਰਥਿਕ ਤੌਰ ਤੇ ਹੋਰ ਖ਼ੁਸ਼ਹਾਲ ਕਰ ਦੇਣਗੇ। (ਬਾਕੀ ਸਫਾ 21 ਤੇ)



25 ਜੁਲਾਈ ਨੂੰ ਪਿਟਸਬਰਗ (ਕੈਲੇਫੋਰਨੀਆ) ਵਿਖੇ ਕਰਵਾਇਆ ਗਿਆ ਤੀਆਂ ਦਾ ਮੇਲਾ (ਸਬੰਧਿਤ ਖਬਰ ਦੇਖੋ ਸਫਾ 4 ਤੇ ਅਤੇ ਤਸਵੀਰਾਂ ਦੇਖੋ ਸਫਾ 11 ਤੇ)

# ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ.ਕਲਾਮ ਨਹੀਂ ਰਹੇ

## ਸਵੇਰੇ ਨਮਾਜ ਤੋਂ ਪਹਿਲਾਂ ਪੜ੍ਹਦੇ ਸਨ ਮੈਥ ਦੀ ਕਿਤਾਬ

**ਨਵੀਂ ਦਿੱਲੀ–** ਦਿਲ ਦਾ ਦੌਰਾ ਪੈਣ ਕਾਰਨ ਸਾਬਕਾ ਰਾਸ਼ਟਰਪਤੀ ਡਾ. ਏ. ਪੀ. ਜੇ. ਅਬਦੁਲ ਕਲਾਮ ਦਾ ਸੋਮਵਾਰ ਨੂੰ ਦੇਹਾਂਤ ਹੋ ਗਿਆ। 83 ਸਾਲ ਦੇ ਡਾ. ਕਲਾਮ ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ, ਸ਼ਿਲਾਂਗ ਵਿਚ ਲੈਕਚਰ ਦੇ ਰਹੇ ਸਨ। ਉਸੇ ਦੌਰਾਨ ਉਹਨਾਂ ਨੂੰ ਦਿਲ ਦਾ ਦੌਰਾ ਪਿਆ ਅਤੇ ਉਹ ਬੇਹੋਸ਼ ਹੋ ਗਏ। ਪਰ ਸ਼ਾਮ ਨੂੰ ਹਸਪਤਾਲ ਨੇ ਉਹਨਾਂ ਨੂੰ ਮ੍ਰਿਤਕ ਐਲਾਨ ਦਿੱਤਾ। ਵਰਣਨਯੋਗ ਹੈ ਕਿ ਕਲਾਮ ਨੂੰ ਪੜ੍ਹਾਈ ਨਾਲ ਬਹੁਤ ਲਗਾਅ ਸੀ। ਉਹ ਪੜ੍ਹਾਈ ਨੂੰ ਕਿਸੇ ਧਰਮ-ਸੰਪਰਦਾਇ ਤੋਂ ਵੱਡਾ ਮੰਨਦੇ ਸਨ। ਇਹ ਕਾਰਨ ਹੈ ਕਿ ਉਹ ਸਵੇਰ ਦੀ ਨਮਾਜ ਤੋਂ ਪਹਿਲਾਂ ਮੈਥ ਪੜ੍ਹਦੇ ਸਨ।

### ਤਾਮਿਲਨਾਡੂ ਦੇ ਧਨੁਸ਼ਕੋਡੀ ਪਿੰਡ ਵਿਚ ਹੋਇਆ ਸੀ ਕਲਾਮ ਦਾ ਜਨਮ

15 ਅਕਤੂਬਰ 1931 ਨੂੰ ਧਨੁਸ਼ਕੋਡੀ ਪਿੰਡ (ਰਾਮੇਸ਼ਵਰਮ, ਤਾਮਿਲਨਾਡੂ) ਵਿਚ ਇਕ ਮੱਧ ਵਰਗੀ ਮੁਸਲਿਮ ਪਰਿਵਾਰ ਵਿਚ ਕਲਾਮ ਦਾ ਜਨਮ ਹੋਇਆ। ਇਹਨਾਂ ਦੇ ਪਿਤਾ ਜੈਨੂਲਾਬਦੀਨ ਨਾ ਤਾਂ ਜ਼ਿਆਦਾ ਪੜ੍ਹੇ-ਲਿਖੇ ਸਨ, ਨਾ ਹੀ ਪੈਸੇ ਵਾਲੇ ਸਨ। ਇਹਨਾਂ ਦੇ ਪਿਤਾ ਮਛੇਰਿਆਂ ਨੂੰ ਕਿਸ਼ਤੀ ਕਿਰਾਏ ਤੇ ਦਿਆ ਕਰਦੇ ਸਨ। ਕਿਹਾ ਜਾਂਦਾ ਹੈ ਕਿ ਉਹਨਾਂ ਦਾ ਪੜ੍ਹਾਈ ਦੇ ਪ੍ਰਤੀ ਇੰਨਾ ਲਗਾਅ ਸੀ ਕਿ ਉਹ ਰੋਜ਼ਾਨਾ ਸਵੇਰੇ ਚਾਰ ਵਜੇ ਉਠ ਕੇ ਮੈਥ ਪੜ੍ਹਦੇ ਸਨ। ਪੜ੍ਹਾਈ ਹੋਣ ਤੋਂ ਬਾਅਦ ਹੀ ਉਹ ਆਪਣੇ ਪਿਤਾ ਦੇ ਨਾਲ ਨਮਾਜ ਪੜ੍ਹਦੇ। ਡਾ. ਏ. ਪੀ. ਜੇ.ਅਬਦੁਲ ਕਲਾਮ ਨੇ ਏਅਰੋਨਾਟਿਕਲ ਇੰਜੀਨੀਅਰ ਦੇ ਰੂਪ ਵਿਚ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ। ਉਹ ਭਾਰਤ ਦੀਆਂ ਦੋ ਵੱਡੀਆਂ ਏਜੰਸੀਆਂ ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ ਆਰਗੇਨਾਈਜੇਸ਼ਨ ਅਤੇ ਇੰਡੀਅਨ ਸਪੇਸ ਰਿਸਰਚ ਆਰਗੇਨਾਈਜੇਸ਼ਨ ਦੇ ਮੁਖੀ ਰਹੇ ਹਨ। ਦੋਵੇਂ ਏਜੰਸੀਆਂ ਨੇ ਉਹਨਾਂ ਦੀ ਹਾਜ਼ਰੀ ਵਿਚ ਬਹੁਤ ਅਹਿਮ ਕੰਮ ਕੀਤੇ ਹਨ।



ਭਾਰਤ ਦੇ ਪਹਿਲੇ ਰਾਕਟ ਐਸ. ਐਲ. ਵੀ. 3 ਨੂੰ ਬਣਾਉਣ ਵਿਚ ਉਹਨਾਂ ਨੇ ਅਹਿਮ ਭੂਮਿਕਾ ਨਿਭਾਈ। ਪੋਲਰ ਸੈਟੇਲਾਈਟ ਲਾਂਸ ਵਹੀਕਲ ਬਣਾਉਣ ਵਿਚ ਵੀ ਉਹਨਾਂ ਦੀ ਅਹਿਮ ਭੂਮਿਕਾ ਸੀ। ਭਾਰਤ ਦੀ ਪਹਿਲੀ ਮਿਜ਼ਾਇਲ ਪ੍ਰਿਥਵੀ ਅਤੇ ਫਿਰ ਉਸ ਤੋਂ ਬਾਅਦ ਅਗਨੀ ਮਿਜ਼ਾਇਲ ਬਣਾਉਣ ਵਚ ਵੀ ਡਾਕਟਰ ਕਲਾਮ ਦਾ ਅਹਿਮ ਯੋਗਦਾਨ ਰਿਹਾ। ਭਾਰਤ ਨੇ 1998 ਵਿਚ ਜੋ ਪਰਮਾਣੂ ਤਜਰਬਾਕੀਤਾ ਸੀ, ਉਸ ਵਿਚ ਵੀ ਡਾ. ਕਲਾਮ ਦੀ ਅਹਿਮ ਭੂਮਿਕਾ ਸੀ। ਉਸ ਵਕਤ ਉਹ ਡੀ.ਆਰ. ਡੀ. ਓ. ਦੇ ਮੁਖੀ ਸਨ। ਡਾ. ਕਲਾਮ ਦੁਨੀਆਂ ਦੇ ਗਿਣੇ ਚੁਣੇ ਰਾਸ਼ਟਰਪਤੀਆਂ ਵਿਚੋਂ ਇਕ ਹਨ, ਜਿਹੜੇ ਉਚ ਸਿੱਖਿਆ ਪ੍ਰਾਪਤ ਰਾਸ਼ਟਰਪਤੀ ਰਹੇ ਹਨ। ਕੌਮਾਂਤਰੀ ਰਾਜਨੀਤੀ ਵਿਚ ਵੀ ਉਹਨਾਂ ਨੂੰ ਬਹੁਤ ਚੰਗੀ ਤਰ੍ਹਾਂ ਜਾਣਿਆ ਜਾਂਦਾ ਸੀ। ਉਹ ਮਨੁੱਖਤਾ ਦੀ ਭਲਾਈ ਲਈ ਬਹੁਤ ਹੀ ਨਾਜ਼ੁਕ ਦਿਲ ਰੱਖਦੇ ਸਨ। ਡਾ. ਕਲਾਮ ਅਦਾਲਤਾਂ ਦੁਆਰਾ ਮੌਤ ਦੀ ਸਜ਼ਾ ਦੇਣ ਦੀ ਖਿਲਾਫਤ ਕਰਦੇ ਆਏ ਹਨ।

ਇਕ ਸਧਾਰਨ ਬੱਚੇ ਤੋਂ ਲੈ ਕੇ ਕਲਾਮ ਬਣਨ ਦਾ ਸਫਰ ਆਸਾਨ ਨਹੀਂ ਸੀ। ਪਰ ਉਹਨਾਂ ਦੀ ਜ਼ਿੰਦਗੀ ਦਾ ਤਾਂ ਫਲਸਫਾ ਹੀ ਸੀ ਕਿ ਕਦੀ ਛੋਟੇ ਸੁਪਨੇ ਨਾ ਦੇਖੋ। ਜੋ ਵੀ ਜ਼ਿੰਮੇਵਾਰੀ ਲਈ, ਉਸਨੂੰ ਨਵੀਂ ਪਰਿਭਾਸ਼ਾ ਦੇ ਦਿੱਤੀ। ਇਸ ਕਰਕੇ ਉਹ ਆਮ ਲੋਕਾਂ ਦੇ ਰਾਸ਼ਟਰਪਤੀ ਹੋ ਕੇ ਵੀ ਸਭ ਦੇ ਲਈ ਹਮੇਸ਼ਾ ਖਾਸ ਰਹਿਣਗੇ। 84 ਸਾਲ ਦੀ ਉਮਰ ਵਿਚ ਵੀ ਬੇਹੱਦ ਸਰਗਰਮ ਸਨ। ਖੁਦ ਨੂੰ ਟੀਚਰ ਮੰਨਣ ਵਾਲੇ ਕਲਾਮ ਹਮੇਸ਼ਾ ਮਿਸ਼ਨ ਮੋਡ ਵਿਚ ਰਹਿੰਦੇ ਸਨ। ਜਦੋਂ ਉਹਨਾਂ ਨੇ ਅੰਤਿਮ ਸਾਹ ਲਿਆ, ਉਸ ਵਕਤ ਵੀ ਆਪਣੇ ਮਿਸ਼ਨ ਵਿਚ ਪੂਰੇ ਜੋਸ਼ ਅਤੇ ਜਨੂੰਨ ਦੇ ਨਾਲ ਲੱਗੇ ਸਨ। ਇਕ ਸਧਾਰਨ ਪਰਿਵਾਰ ਤੋਂ ਨਿਕਲ ਕੇ ਦੇਸ਼ ਦੇ ਸਭ ਤੋਂ ਵੱਡੇ ਅਹੁਦੇ ਤੱਕ ਪਹੁੰਚਣ ਵਾਲੇ ਕਲਾਮ ਦੀ ਜ਼ਿੰਦਗੀ ਸਾਨੂੰ ਸਾਰਿਆਂ ਨੂੰ ਪ੍ਰੇਰਨਾ ਦੇਵੇਗੀ।



SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
WE OPEN 7-DAYS A WEEK
MANDEEP SANDHU
msandhu2014@gmail.com
SANDHU
Tours And Travels
(CST# 2122162-50)
Note: I am not an Immigration Attorney.
Email: sandhutat@gmail.com.
"We sell International and Domestic Airline Tickets on Low Airfares"
(209-373-3562)
3222 PENELOPE DR.
STOCKTON, CA- 95212
(NEAR HWY 99 ON MORADA LANE)

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price



ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing



Prop: Jasbir Singh Takhar
510-755-2132
510- 733- 2222
1421 Industrial PKWY West#F Hayward, CA 94544
Harmandeep Singh

KSR AUTO REPAIR
Complete Auto Repair Import & Domestic
Honda & Acura Specialist Toyta, Lexus, Nissan, Mazda
Mercedes Benz, BMW, Volvo, Volkswager



50 % Off On Labor
Brackes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd
Santa Clara, CA 95054
408-235-8654
Cell 510-579-8583
Fax 408-235-8674

GR Video Production
Where precious moments are captured
Gurinder Purewal
Videographer/Photographer



grvideoproductionOl@gmail.com
www.grvideoproduction.com
For bookings. Call (510) 921-6626
or Kash Fabrics (510) 538-1138

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com





MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਪੀਸੀਐਸ ਸੈਕਰਾਮੈਂਟੋ ਵੱਲੋਂ 16 ਅਗਸਤ ਨੂੰ ਤੀਆਂ ਦੇ ਮੇਲੇ ਦੀਆਂ ਤਿਆਰੀਆਂ ਮੁਕੰਮਲ



**ਸੈਕਰਾਮੈਂਟੋ–** ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਦੀ ਮੀਟਿੰਗ ਬੀਤੇ ਐਤਵਾਰ ਸਥਾਨਕ ਪਾਰਕ ਵਿਚ ਹੋਈ, ਜਿਸ ਵਿਚ 16 ਅਗਸਤ ਦੇ ਤੀਆਂ ਦੇ ਮੇਲੇ ਦੀਆਂ ਤਿਆਰੀਆਂ ਬਾਰੇ ਚਰਚਾ ਹੋਈ।

ਪੀਸੀਐਸ ਵੱਲੋਂ ਕਰਵਾਇਆ ਜਾ ਰਿਹਾ ਇਹ ਮੇਲਾ 16 ਅਗਸਤ ਦਿਨ ਐਤਵਾਰ 1 ਵਜੇ ਐਸ ਈ ਐਸ ਹਾਲ ਵਿਚ 10427, ਈਸਟ ਸਟਾਕਟਨ ਬੁਲੇਵਰਡ ਐਲਕ ਗਰੋਵ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਵਿਚ ਸਭ ਤੋਂ ਪਹਿਲਾਂ ਗੀਤ-ਸੰਗੀਤ, ਸਟੇਜ ਪ੍ਰੋਗਰਾਮ, ਲਾਈਵ ਬੋਲੀਆਂ ਤੇ ਡੀ. ਜੇ. ਲਗਾਇਆ ਜਾਵੇਗਾ। ਮੇਲੇ ਦੀ ਕੋਈ ਟਿਕਟ ਨਹੀਂ ਹੋਵੇਗੀ। ਹਰ ਇਕ ਉਮਰ ਦੀਆਂ ਔਰਤਾਂ ਇਸ ਵਿਚ ਭਾਗ ਲੈ ਸਕਦੀਆਂ ਹਨ। ਇਸ ਵਿਚ ਸਟਾਲ ਵੀ ਲਗਾਏ ਜਾਣਗੇ, ਖਾਣੇ ਦਾ ਪ੍ਰਬੰਧ ਵੀ ਇੰਡੀਅਨ ਰੈਸਟੋਰੈਂਟ ਵਲੋਂ ਕੀਤਾ ਜਾਵੇਗਾ।

ਵਰਣਨਯੋਗ ਹੈ ਕਿ ਇਹ ਸੰਸਥਾ ਸਾਲ ਵਿਚ ਦੋ ਸਭਿਆਚਾਰਕ ਮੇਲੇ ਪਿਛਲੇ 27 ਸਾਲਾਂ ਤੋਂ ਕਰਵਾਉਂਦੀ ਆ ਰਹੀ ਹੈ। ਵਿਸਾਖੀ ਅਤੇ ਤੀਆਂ ਦਾ ਮੇਲਾ ਕਰਵਾਉਣ ਦਾ ਇਹ ਸੰਸਥਾ ਇੰਨਾ ਲੰਮਾ ਪੈਂਡਾ ਤਹਿ ਕਰਕੇ ਆਈ ਹੈ ਅਤੇ ਪੰਜਾਬੀ ਪਰਿਵਾਰਾਂ ਦਾ ਭਰਪੂਰ ਸਹਿਯੋਗ ਮਿਲ ਰਿਹਾ ਹੈ।

ਇਸ ਮੀਟਿੰਗ ਦੇ ਅੰਤ ਵਿਚ ਮਨਦੀਪ ਫਰਵਾਲਾ ਨੇ ਸਭਨਾਂ ਦਾ ਧੰਨਵਾਦ ਕੀਤਾ ਤੇ ਸਮੂਹ ਭੈਣਾਂ ਨੂੰ ਬੇਨਤੀ ਕੀਤੀ ਕਿ ਪਰਿਵਾਰਾਂ ਸਮੇਤ ਹੁੰਮ-ਹੁੰਮਾ ਕੇ ਪਹੁੰਚੋ। ਉਹਨਾਂ ਆਸ ਪ੍ਰਗਟਾਈ ਕਿ ਇਸ ਵਾਰ ਵੀ ਸਮੂਹ ਦਰਸ਼ਕ ਭਰਪੂਰ ਹੁੰਗਾਰਾ ਭਰਨਗੇ।

ਇਸ ਮੇਲੇ ਵਿਚ 200 ਤੋਂ ਵੱਧ ਪਾਰਟੀਸੀਪੈਂਟ ਭਾਗ ਲੈ ਰਹੇ ਹਨ। ਇਸ ਮੀਟਿੰਗ ਮੌਕੇ ਪਰਦੀਪ ਕੌਰ, ਰਾਜਵਿੰਦਰ ਪੂਨੀ, ਭਵਨ ਕੌਰ, ਰੁਪਿੰਦਰ ਮੱਲ੍ਹੀ, ਪਰਮਜੀਤ ਕੌਰ, ਬਲਦੇਵ ਕੌਰ, ਰਾਣੀ ਸਰਹੱਦੀ, ਅਮਨ ਕੌਰ, ਰਾਣੀ ਬਿੰਦਰਾ, ਦਲਜੀਤ ਕੌਰ, ਰੋਜ਼ੀ, ਪਰਮਜੀਤ ਔਲਖ, ਰਸ਼ਪਾਲ ਕੌਰ, ਪਰਮਜੀਤ ਕੌਰ, ਜਸਮੀਰ ਕੌਰ, ਜਤਿੰਦਰ ਸੰਘਾ, ਜਸਮੀਨ ਕੌਰ, ਸਰਬਜੀਤ ਕੌਰ, ਹ ਰਿੰਦਰ ਕੌਰ, ਪਰਮਜੀਤ ਮਿਨਹਾਸ, ਸਿਮਰਨ ਕੌਰ, ਸੁਰਿੰਦਰ ਗਿੱਲ ਅਤੇ ਮਨਦੀਪ ਫਰਵਾਲਾ ਨੇ ਸ਼ਮੂਲੀਅਤ ਕੀਤੀ। ਮੇਲੇ ਸਬੰਧੀ ਹੋਰ ਜਾਣਕਾਰੀ ਲਈ ਮਨਦੀਪ ਫਰਵਾਲਾ 916×212-1826, ਬਲਦੇਬ 916-996-2010, ਰਸ਼ਪਾਲ 916-730-7191 ਜਾਂ ਪਰਮਜੀਤ ਨਾਲ 916-716-1593 ਤੇ ਸੰਪਰਕ ਕੀਤਾ ਜਾ ਸਕਦਾ ਹੈ।



ਸਵਰਗਵਾਸੀ ਕਮਿਸ਼ਨਰ ਸ੍ਰੀ ਲਾਹੌਰੀ ਰਾਮ ਜੀ ਦੇ ਸਪੁੱਤਰ ਜਗਦੇਵ ਰਾਮ, ਗੈਰੀ ਚਾਹਲ, ਅਜੈਪਾਲ ਰਾਮ, ਸ੍ਰੀ ਇੰਦਰ ਸਿੰਘ ਅਟਵਾਲ ਵਿਧਾਇਕ, ਰੋਟੀ ਰੈਸਟੋਰੈਂਟ ਦੇ ਮਾਲਕ ਸ੍ਰੀ ਸਨੀ ਅਰੋੜਾ, ਨੇਲ ਅਰੋੜਾ (ਸਨੀ ਅਰੋੜਾ ਦੇ ਸਪੁੱਤਰ) ਦੇ ਨਾਲ ਇਕ ਮੀਟਿੰਗ ਦੌਰਾਨ।






# ਦੀਨਾਨਗਰ ਦਹਿਸ਼ਤੀ ਹਮਲੇ ਵਿਚ ਐਸ.ਪੀ.ਸਮੇਤ 10 ਹਲਾਕ

## ਪਾਕਿਸਤਾਨ ਤੋਂ ਆਏ ਸਨ ਦਹਿਸ਼ਤੀ; ਬੱਸ 'ਤੇ ਕੀਤੀ ਫਾਇਰਿੰਗ, ਰੇਲ ਪਟੜੀ 'ਤੇ ਰੱਖੇ ਬੰਬ; ਥਾਣੇ 'ਤੇ ਕੀਤਾ ਫ਼ਿਦਾਈਨ ਹਮਲਾ

**ਗੁਰਦਾਸਪੁਰ :** ਸੋਮਵਾਰ ਨੂੰ ਦੀਨਾਨਗਰ ਪੁਲਸ ਥਾਣੇ 'ਚ ਹੋਏ ਅੱਤਵਾਦੀ ਹਮਲੇ 'ਚ ਸਾਰੇ ਅੱਤਵਾਦੀਆਂ ਨੂੰ ਮਾਰਨ ਤੋਂ ਬਾਅਦ ਅੱਤਵਾਦੀਆਂ ਦੀਆਂ ਲਾਸ਼ਾਂ ਨੂੰ ਉਥੋਂ ਬਾਹਰ ਕੱਢ ਲਿਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਅੱਤਵਾਦੀਆਂ ਵਲੋਂ ਕੀਤੇ ਇਸ ਹਮਲੇ ਦਾ ਸੀ.ਸੀ.ਟੀ.ਵੀ. ਫੁਟੇਜ ਸਾਹਮਣੇ ਆਇਆ ਹੈ। ਪੰਜਾਬ ਪੁਲਸ ਵਲੋਂ ਚਲਾਏ ਗਏ ਸਰਚ ਅਭਿਆਨ ਦੌਰਾਨ ਪੁਲਸ ਥਾਣੇ 'ਚ 17 ਏ.ਕੇ. 47 ਦੀਆਂ ਮੈਗਜ਼ੀਨਾਂ, ਇਕ ਰਾਕੇਟ ਲਾਂਚਰ ਅਤੇ ਹੈਂਡ ਗ੍ਰਨੇਡ ਬਰਾਮਦ ਕੀਤੇ ਗਏ ਹਨ। ਇਸ ਤੋਂ ਪਹਿਲਾਂ ਪੰਜਾਬ ਪੁਲਸ ਦੇ ਬੰਬ ਰੋਕੂ ਦਸਤੇ ਨੇ ਉਥੋਂ 8 ਜ਼ਿੰਦਾ ਬੰਬ ਬਰਾਮਦ ਕੀਤੇ ਸਨ ਜਿਨ੍ਹਾਂ 'ਚੋਂ ਇਕ ਬੰਬ ਨੂੰ ਡਿਫਿਊਸ ਕਰ ਦਿੱਤਾ ਗਿਆ ਹੈ। ਤਕਰੀਬਨ 20 ਸਾਲਾਂ ਬਾਅਦ ਪੰਜਾਬ ਇਕ ਵਾਰ ਫਿਰ ਅੱਤਵਾਦ ਨਾਲ ਦਹਿਲਿਆ ਤਾਂ ਪੰਜਾਬ ਪੁਲਸ ਨੇ ਬੜੀ ਬਹਾਦਰੀ ਨਾਲ ਅੱਤਵਾਦੀਆਂ ਦਾ ਮੁਕਾਬਲਾ ਕੀਤਾ। ਪਰ ਇਸ ਦੌਰਾਨ ਪੰਜਾਬ ਪੁਲਸ ਦੀਆਂ ਉਹ ਸਾਰੀਆਂ ਕਮੀਆਂ ਸਾਹਮਣੇ ਆ ਗਿਆ ਜਿਸ ਤੋਂ ਸਾਬਤ ਹੋ ਗਿਆ ਕਿ ਅਸੀ ਇਸ ਤਰ੍ਹਾਂ ਦੀ ਕਿਸੇ ਵਾਰਦਾਤ ਦਾ ਸਾਹਮਣਾ ਕਰਨ ਲਈ ਪਹਿਲਾਂ ਤੋਂ ਤਿਆਰ ਨਹੀਂ ਹਾਂ। ਸੋਮਵਾਰ ਨੂੰ ਹੋਏ ਇਸ ਅੱਤਵਾਦੀ ਹਮਲੇ ਨਾਲ ਨਜਿੱਠਣ ਲਈ ਪੰਜਾਬ ਪੁਲਸ ਨੇ ਆਰਮੀ ਦੀ ਮਦਦ ਨਹੀਂ ਲਈ। ਇਸ ਆਪ੍ਰੇਸ਼ਨ ਵਿਚ ਤਾਲਮੇਲ ਦੀ ਕਮੀ ਸਾਫ ਦਿਖਾਈ ਦਿੱਤੀ, ਜਿਸ ਕਾਰਨ ਇਹ ਆਪ੍ਰੇਸ਼ਨ ਕਾਫੀ ਲੰਬਾ ਚੱਲਿਆ। 26ķ11 ਦੇ ਅੱਤਵਾਦੀ ਹਮਲੇ ਤੋਂ ਬਾਅਦ ਇਹ ਦੂਜਾ ਮੌਕਾ ਸੀ, ਜਦੋਂ ਇੰਨਾਂ ਲੰਬਾ ਇਨਕਾਊਂਟਰ ਚੱਲਿਆ। ਇਹ ਆਪ੍ਰੇਸ਼ਨ ਸਮੇਂ ਤੋਂ ਪਹਿਲਾਂ ਵੀ ਖਤਮ ਹੋ ਸਕਦਾ ਸੀ ਜੇਕਰ ਇਸ ਆਪ੍ਰੇਸ਼ਨ ਦੌਰਾਨ ਕੁਝ ਗਲਤੀਆਂ ਨਾ ਹੁੰਦੀਆਂ। ਹਾਲਾਂਕਿ ਪੰਜਾਬ ਪੁਲਸ ਦੇ ਜਵਾਨਾਂ 'ਚ ਬਹਾਦਰੀ ਦੀ ਕੋਈ ਕਮੀ ਨਹੀਂ ਸੀ। ਉਹ ਵਰ੍ਹਦੀਆਂ ਗੋਲੀਆਂ ਦੇ ਵਿਚ ਹਿੱਕ ਤਾਣ ਕੇ ਡਟੇ ਰਹੇ।

ਹਮਲਾ ਸੋਮਵਾਰ ਸਵੇਰੇ 5.20 ਵਜੇ ਦੀਨਾਨਗਰ ਪੁਲਸ ਥਾਣੇ 'ਤੇ ਹੋਇਆ ਅਤੇ ਤਿੰਨ ਅੱਤਵਾਦੀਆਂ ਨੂੰ ਢੇਰ ਕਰਨ ਲਈ ਲਗਭਗ 12 ਘੰਟੇ ਤੱਕ ਇਹ ਆਪ੍ਰੇਸ਼ਨ ਚੱਲਿਆ। ਇਸ ਵਿਚ ਕੁੱਲ 13 ਲੋਕਾਂ ਦੀ ਮੌਤ ਹੋਈ। ਇਹ ਨੁਕਸਾਨ ਕੁਝ ਘੱਟ ਵੀ ਹੋ ਸਕਦਾ ਸੀ। ਖੁਦ ਡੀ. ਜੀ. ਪੀ. ਸੁਮੈਧ ਸੈਣੀ ਨੇ ਇਸ ਆਪ੍ਰੇਸ਼ਨ ਦੀ ਕਮਾਨ ਸੰਭਾਲੀ ਸੀ ਪਰ ਮੋਰਚਾ ਸੰਭਾਲਣ ਆਈ ਆਰਮੀ ਕਮਾਂਡੋ ਨੂੰ ਡਿਪਲਾਯ ਨਹੀਂ ਕੀਤਾ ਗਿਆ। ਅੱਤਵਾਦੀਆਂ ਨੇ ਥਾਣੇ ਵਿਚ ਵੜਦੇ ਹੀ ਮੁੰਸ਼ੀ ਰਾਮਲਾਲ ਅਤੇ ਸੰਤਰੀ ਨੂੰ ਗੋਲੀ ਮਾਰੀ। ਜਦੋਂ ਤੱਕ ਪੁਲਸ ਚੌਕੰਨੀ ਹੋਈ ਤਾਂ ਮੁਖਤਿਆਰ ਸਿੰਘ ਨੂੰ ਵੀ ਗੋਲੀ ਲੱਗ ਗਈ। ਅੱਤਵਾਦੀ ਥਾਣੇ ਦੇ ਪਿੱਛੇ ਰਹਿਣ ਵਾਲੇ ਹੋਮਗਾਰਡਾਂ ਦੇ ਕਮਰਿਆਂ ਤੱਕ ਪਹੁੰਚੇ ਤੇ ਉੱਥੇ




ਤ ਾ ਬ ੜ ਤ ੋ ੜ ਫਾਇਰਿੰਗ ਕਰਕੇ 3 ਹੋਮਗਾਰਡਾਂ ਨੂੰ ਵੀ ਮਾਰ ਦਿੱਤਾ। ਉੱਥੇ ਹੀ ਲੁਕ ਕੇ ਉਨ੍ਹਾਂ ਨੇ ਸ਼ਾਮ ਪੰਜ ਵਜੇ ਤੱਕ ਫਾਇਰਿੰਗ ਕੀਤੀ। ਪਠਾਨਕੋਟ ਤੋਂ ਆਰਮੀ ਕਮਾਂਡੋ 8.15 ਵਜੇ ਸਵੇਰੇ ਹੀ ਮੌਕੇ 'ਤੇ ਪਹੁੰਚ ਗਏ ਸਨ ਤੇ ਬਾਅਦ ਵਿਚ ਫੌਜ ਅਤੇ ਹੋਰ ਕਮਾਂਡੋ ਵੀ ਬੁਲਾਈ ਗਈ ਪਰ ਆਰਮੀ ਨੂੰ ਭੇਜਣ ਦੇ ਬਜਾਏ ਪੁਲਸ ਤੇ ਅੰਮ੍ਰਿਤਸਰ ਦੀ ਸਪੈਸ਼ਲ ਕਾਊਂਟਰ ਸੈਲ ਟੀਮ ਹੀ ਅੱਤਵਾਦੀਆਂ ਨਾਲ ਲੋਹਾ ਲੈਂਦੀ ਰਹੀ। ਆਪ੍ਰੇਸ਼ਨ ਦੌਰਾਨ ਪੁਲਸ ਇਲਾਕੇ ਦੀ ਘੇਰੀਬੰਦੀ ਕਰਨ 'ਚ ਵੀ ਨਾਕਾਮ ਰਹੀ। ਜਿਸ ਕਾਰਨ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਥਾਣੇ ਦੀ ਬਾਊਂਡਰੀ ਵਾਲ ਦੇ ਕੋਲ ਹਫੜਾ-ਦਫੜੀ ਮਚਾਉਂਦੇ ਰਹੇ।

### ਐੱਸ. ਪੀ. ਬਲਜੀਤ ਨੂੰ ਗੋਲੀ ਲੱਗਣ ਤੋਂ ਬਾਅਦ ਜਾਗੀ ਪੁਲਸ

12 ਵਜੇ ਗੁਰਦਾਸਪੁਰ ਦੇ ਐੱਸ. ਪੀ. ਬਲਜੀਤ ਸਿੰਘ ਨੂੰ ਗੋਲੀ ਲੱਗੀ ਤਾਂ ਜਾ ਕੇ ਪੁਲਸ ਜਾਗੀ ਅਤੇ ਉਨ੍ਹਾਂ ਨੇ ਸਪੈਸ਼ਲ ਆਪ੍ਰੇਸ਼ਨ ਗਰੁੱਪ ਸਵੈਟ ਦੀ ਟੀਮ ਦੀ ਵਰਤੋਂ ਕੀਤੀ। ਸਵੈਟ ਦੇ ਕਮਾਂਡੋ ਜੇ ਐਂਡ ਕੇ ਪੁਲਸ ਦੀ ਗੱਡੀ ਵਿਚ ਅੱਤਵਾਦੀਆਂ ਦੇ ਕੋਲ ਪਹੁੰਚੇ ਤੇ ਦੋ ਘੰਟਿਆਂ ਤੱਕ ਦੋਹਾਂ ਪਾਸਿਆਂ ਤੋਂ ਹੋਈ ਜ਼ਬਰਦਸਤ ਫਾਇਰਿੰਗ ਹੋਈ। ਜਿਸ ਕਰਕੇ ਸ਼ਾਮ ਪੰਜ ਵਜੇ ਪੁਲਸ ਕਮਾਂਡੋ ਹੋਮਗਾਰਡ ਰੂਮ ਦੇ ਉਸ ਹਾਲ ਤੱਕ ਪਹੁੰਚ ਸਕੀ, ਜਿੱਥੇ ਤਿੰਨੇਂ ਅੱਤਵਾਦੀ ਸਨ। ਆਰਮੀ ਦੇ ਮੁਤਾਬਕ ਆਪ੍ਰੇਸ਼ਨ 2-3 ਘੰਟਿਆਂ ਵਿਚ ਖਤਮ ਕੀਤਾ ਜਾ ਸਕਦਾ ਸੀ। ਸਵੈਟ ਟੀਮ ਇਸ ਤਰ੍ਹਾਂ ਦੇ ਆਪ੍ਰੇਸ਼ਨ ਨੂੰ ਅੰਜ਼ਾਮ ਦੇਣ ਲਈ ਪੂਰੀ ਤਰ੍ਹਾਂ ਟਰੇਨਡ ਹੁੰਦੀ ਹੈ।

ਜਾਣਕਾਰੀ ਅਨੁਸਾਰ ਅਤਿਵਾਦੀਆਂ ਨੇ ਸਵੇਰੇ 5.15 ਵਜੇ ਦੇ ਕਰੀਬ ਦੀਨਾਨਗਰ 'ਚ ਦਾਖ਼ਲ ਹੁੰਦਿਆਂ ਬਿਜਲੀ ਘਰ ਸ਼ਿਕਾਇਤ ਕੇਂਦਰ ਦੇ ਨੇੜੇ ਜੰਮੂ ਜਾ ਰਹੀ ਬੱਸ ਨੂੰ ਰੋਕਣ ਲਈ ਗੋਲੀਆਂ ਚਲਾਈਆਂ। ਗੋਲੀਬਾਰੀ ਦੌਰਾਨ ਕੁਝ ਮੁਸਾਫ਼ਰ ਜ਼ਖ਼ਮੀ ਹੋਏ ਪਰ ਡਰਾਈਵਰ ਨੇ ਹੁਸ਼ਿਆਰੀ ਦਿਖਾਉਂਦਿਆਂ ਬੱਸ ਨੂੰ ਤੇਜ਼ੀ ਨਾਲ ਭਜਾ ਲਿਆ। ਦਹਿਸ਼ਤਗਰਦਾਂ ਨੇ ਇਸ ਤੋਂ ਬਾਅਦ ਸੈਵਨ ਸਟਾਰ ਹੋਟਲ ਦੇ ਮਾਲਕ ਕਮਲ ਮਠਾਰੂ 'ਤੇ ਗੋਲੀਆਂ ਚਲਾਈਆਂ ਅਤੇ ਉਸ ਦੀ ਕਾਰ ਖੋਹ ਕੇ ਬੱਸ ਸਟੈਂਡ ਵੱਲ ਨੂੰ ਨਿਕਲ ਗਏ। ਇਕ ਦਹਿਸ਼ਤਗਰਦ ਨੇ ਸ਼ਹਿਨਾਈ ਪੈਲੇਸ ਨੇੜੇ ਨਾਨ ਬਣਾਉਣ ਦੀ ਦੁਕਾਨ ਚਲਾਉਣ ਵਾਲੇ ਅਮਰਜੀਤ ਨੂੰ ਗੋਲੀ ਮਾਰ ਕੇ ਜਾਨ ਲੈ ਲਈ। ਉਹ ਲਗਾਤਾਰ ਗੋਲੀਆਂ ਚਲਾਉਂਦੇ ਹੋਏ ਥਾਣੇ ਅੰਦਰ ਦਾਖ਼ਲ ਹੋ ਗਏ। ਉਨ੍ਹਾਂ ਥਾਣੇ ਦੇ ਪਿਛਲੇ ਪਾਸੇ ਹੋਮਗਾਰਡ ਜਵਾਨਾਂ ਦੀ ਤਿੰਨ ਮੰਜ਼ਿਲਾ ਇਮਾਰਤ ਨੂੰ ਛੁਪਣਗਾਹ ਬਣਾ ਲਿਆ। ਇਸ ਤੋਂ ਪਹਿਲਾਂ ਥਾਣੇ ਅੰਦਰ ਦਾਖ਼ਲ ਹੁੰਦਿਆਂ ਦਹਿਸ਼ਤਗਰਦਾਂ ਵੱਲੋਂ ਕੀਤੀ ਗਈ ਫਾਇਰਿੰਗ ਵਿੱਚ ਟਾਟਾ ਇੰਡੀਕਾਮ ਦੇ ਦੋ ਮੁਲਾਜ਼ਮ, ਜੋ ਥਾਣੇ ਦੇ ਬਾਹਰ ਟੈਲੀਫ਼ੋਨ ਦੀ ਤਾਰ ਨੂੰ ਠੀਕ ਕਰ ਰਹੇ ਸਨ, ਗੋਲੀਆਂ ਲੱਗਣ ਨਾਲ ਗੰਭੀਰ ਜ਼ਖ਼ਮੀ ਹੋ ਗਏ। ਥਾਣੇ ਦੇ ਅੰਦਰ ਹੋਮਗਾਰਡ ਦੇ ਤਿੰਨ ਜਵਾਨ ਦਹਿਸ਼ਤਗਰਦਾਂ ਦਾ ਮੁਕਾਬਲਾ ਕਰਦਿਆਂ ਹਲਾਕ ਹੋ ਗਏ ਜਦਕਿ ਉਨ੍ਹਾਂ ਦੇ ਸਾਥੀ ਅਸ਼ੋਕ ਕੁਮਾਰ ਦੇ ਮੋਢੇ 'ਤੇ ਗੋਲੀ ਲੱਗੀ ਅਤੇ ਉਸ ਨੇ ਥਾਣੇ ਦੀ ਕੰਧ ਟੱਪ ਕੇ ਜਾਨ ਬਚਾਈ। ਐਸਐਚਓ ਮੁਖਤਿਆਰ ਸਿੰਘ ਦਹਿਸ਼ਤਗਰਦਾਂ ਬਾਰੇ ਗ਼ਲਤ ਜਾਣਕਾਰੀ ਮਿਲਣ ਕਾਰਨ ਅਗਾਂਹ ਚਲਾ ਗਿਆ ਅਤੇ ਜਦੋਂ ਉਹ ਪਰਤਿਆ ਤਾਂ ਦਹਿਸ਼ਤਗਰਦਾਂ ਦੀ ਗੋਲੀ ਨਾਲ ਗੰਭੀਰ ਜ਼ਖ਼ਮੀ ਹੋ ਗਏ। ਇਸ ਦੌਰਾਨ ਗੁਰਦਾਸਪੁਰ, ਪਠਾਨਕੋਟ, ਕਾਨਵਾਂ, ਪੁਰਾਣਾਸ਼ਾਲਾ, ਬਹਿਰਾਮਪੁਰ ਅਤੇ ਸ਼ਾਹਪੁਰਕੰਡੀ ਥਾਣਿਆਂ ਤੋਂ ਭਾਰੀ ਗਿਣਤੀ 'ਚ ਪੁਲੀਸ ਮੁਲਾਜ਼ਮ ਦੀਨਾਨਗਰ ਵਿਖੇ ਪਹੁੰਚ ਗਏ। ਸਵਾ ਅੱਠ ਵਜੇ ਦੇ ਕਰੀਬ ਫ਼ੌਜ ਵੀ ਮੌਕੇ 'ਤੇ ਪਹੁੰਚ ਗਈ ਸੀ ਪਰ ਪ੍ਰਸ਼ਾਸਨ ਵੱਲੋਂ ਉਸ ਨੂੰ ਕਾਰਵਾਈ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਬਾਅਦ ਵਿੱਚ ਹੈਲੀਕਾਪਟਰ ਜ਼ਰੀਏ ਐਨਐਸਜੀ, ਪੰਜਾਬ ਕਮਾਂਡੋ ਅਤੇ ਸਵੈਟ ਅਲਟੀਮੇਟ ਦੇ ਜਵਾਨ ਉਥੇ ਪਹੁੰਚੇ ਅਤੇ ਉਨ੍ਹਾਂ ਪੁਲੀਸ ਨਾਲ ਮਿਲ ਕੇ ਦਹਿਸ਼ਤਗਰਦਾਂ ਖ਼ਿਲਾਫ਼ ਆਪਰੇਸ਼ਨ ਸ਼ੁਰੂ ਕੀਤਾ। ਆਪਰੇਸ਼ਨ ਦੀ ਕਮਾਂਡ ਐਸਐਸਪੀ ਗੁਰਦਾਸਪੁਰ ਗੁਰਪ੍ਰੀਤ ਸਿੰਘ ਤੂਰ ਵੱਲੋਂ ਆਪਣੇ ਹੱਥਾਂ ਵਿਚ ਲਈ ਗਈ ਸੀ ਜਦਕਿ ਬਾਅਦ ਵਿੱਚ ਡੀਜੀਪੀ ਸੁਮੇਧ ਸਿੰਘ ਸੈਣੀ, ਐਸਐਸਪੀ ਰਾਜਜੀਤ ਸਿੰਘ ਹੁੰਦਲ, ਐਸਐਸਪੀ ਪਠਾਨਕੋਟ ਰਾਕੇਸ਼ ਕੌਸ਼ਲ ਅਤੇ ਹੋਰ ਅਫ਼ਸਰ ਆਪਰੇਸ਼ਨ ਦੀ ਨਿਗਰਾਨੀ ਕਰ ਰਹੇ ਸਨ।

ਰੇਲਵੇ ਦੇ ਟਰੈਕਮੈਨ ਅਸ਼ਵਨੀ ਸੈਣੀ ਵੱਲੋਂ ਸਮੇਂ ਸਿਰ ਦਿਖਾਈ ਮੁਸਤੈਦੀ ਨਾਲ 270 ਵਿਅਕਤੀਆਂ ਦੀ ਜਾਨ ਬਚ ਗਈ। ਪਠਾਨਕੋਟ ਤੋਂ 5.10 ਉੱਤੇ ਤੁਰੀ ਰੇਲ ਗੱਡੀ ਨੂੰ ਉਸ ਪੁਲ ਤੋਂ ਸਿਰਫ ਸੌ ਮੀਟਰ ਦੂਰ ਰੋਕ ਲਿਆ ਗਿਆ, ਜਿਸ ਪੁਲ ਉੱਤੇ ਅਤਿਵਾਦੀਆਂ ਨੇ ਪੰਜ ਬੰਬ ਰੱਖੇ ਸਨ ।ਰੇਲ ਗੱਡੀ ਦੇ ਸੱਤ ਡੱਬੇ ਸਨ।

ਇਹ ਪੁਲ ਦੀਨਾਨਗਰ ਤੋਂ ਸਿਰਫ ਦੋ ਕਿਲੋ ਮੀਟਰ ਹੀ ਦੂਰ ਪੈਂਦਾ ਹੈ। ਇਸ ਦੌਰਾਨ ਇੱਥੇ ਭਾਰੀ ਗਿਣਤੀ ਵਿੱਚ ਲੋਕ ਇਕੱਤਰ ਹੋ ਗਏ ਪਰ ਫ਼ੌਜ ਦੇ ਆਉਣ ਤੋਂ ਬਾਅਦ ਇੱਥੇ ਥੋੜ੍ਹੇ ਜਿਹੇ ਲੋਕ ਰਹਿ ਗਏ।

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673

ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ

ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ।
ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।
ਹੋਰ ਜਾਣਕਾਰੀ ਲਈ ਸੰਪਰਕ ਕਰੋ
209-479-0242

# ਵਿਧਾਨ ਸਭਾ ਦੀਆਂ ਚੋਣਾਂ ਤੋਂ ਬਾਅਦ ਅਗਲੀ ਸਰਕਾਰ ਕਾਂਗਰਸ ਪਾਰਟੀ ਦੀ ਬਣੇਗੀ-ਜੋਗਿੰਦਰ ਸਿੰਘ ਮਾਨ

**ਮਿਲਪੀਟਸ (ਕੈਲੀਫੋਰਨੀਆ)–** ਪੰਜਾਬ ਵਿਧਾਨ ਸਭਾ ਦੀਆਂ ਫਰਵਰੀ–2017 ਵਿਚ ਹੋਣ ਵਾਲੀਆਂ ਚੋਣਾਂ ਤੋਂ ਬਾਅਦ ਪੰਜਾਬ ਅੰਦਰ ਬਣਨ ਵਾਲੀ ਸਰਕਾਰ ਕਾਂਗਰਸ ਪਾਰਟੀ ਦੀ ਹੋਵੇਗੀ। ਇਹ ਦਾਅਵਾ ਅਜ ਇਥੇ ਪੰਜਾਬ ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਸ: ਜੋਗਿੰਦਰ ਸਿੰਘ ਮਾਨ ਨੇ ਕੁਝ ਚੋਣਵੇਂ ਪਤਰਕਾਰਾਂ ਨਾਲ ਗਲਬਾਤ ਕਰਦਿਆਂ ਕੀਤਾ। ਉਹਨਾਂ ਦੋਸ਼ ਲਾਇਆ ਕਿ ਪੰਜਾਬ ਵਿਚ ਰਾਜ ਕਰ ਰਹੀ ਅਕਾਲੀ ਭਾਜਪਾ ਸਰਕਾਰ ਨੇ ਪੰਜਾਬ ਨੂੰ ਹਰ ਪੱਖ ਤੋਂ ਤਬਾਹ ਕਰ ਦਿਤਾ ਹੈ ਜਿਸ ਕਾਰਣ ਅਜ ਪੰਜਾਬ ਅੰਦਰ ਆਮ ਆਦਮੀ ਦਾ ਜਿਊਣਾ ਮੁਸ਼ਕਲ ਹੋ ਗਿਆ ਹੈ। ਉਹਨਾਂ ਕਿਹਾ ਕਿ ਰੇਤ ਮਾਫੀਆਂ, ਭੂਮੀ ਮਾਫੀਆ, ਟਰਾਂਸਪੋਰਟ ਮਾਫੀਆ ਤੇ ਅਪਰਾਧ ਕਰਨ ਵਾਲੇ ਅਪਰਾਧੀਆਂ ਨੂੰ ਸਰਕਾਰ ਵਲੋਂ ਉਤਸ਼ਾਹਤ ਹੀ ਨਹੀਂ ਕੀਤਾ ਜਾ ਰਿਹਾ ਸਗੋਂ ਅਜਿਹੇ ਸਮਾਜ ਵਿਰੋਧੀ ਅਨਸਰਾਂ ਦੀ ਸਰਕਾਰ ਵਲੋਂ ਪੁਸ਼ਤ ਪਨਾਹੀ ਵੀ ਕੀਤੀ ਜਾ ਰਹੀ ਹੈ। ਜਦੋਂ ਉਹਨਾਂ ਨੂੰ ਪੁਛਿਆ ਗਿਆ ਕਿ ਕਾਂਗਰਸ ਪਾਰਟੀ ਅੰਦਰ ਧੜੇਬੰਦੀ ਇਤਨੀ ਸਿਖਰ ਤੇ ਫੈਲ ਚੁਕੀ ਹੈ ਤਾਂ ਫਿਰ ਉਹ ਕਿਸ ਅਧਾਰ ਤੇ ਪੰਜਾਬ ਅੰਦਰ ਅਗਲੀ ਸਰਕਾਰ ਬਣਾਉਣ ਦਾ ਦਾਅਵਾ ਕਰ ਰਹੇ ਹਨ ਤਾਂ ਉਹਨਾਂ ਮੰਨਿਆ ਕਿ ਪੰਜਾਬ ਕਾਂਗਰਸ ਧੜੇਬੰਦੀ ਪੂਰੀ ਤਰਾਂ ਆਪਣੇ ਪੈਰ ਪਸਾਰ ਚੁਕੀ ਹੈ ਲੇਕਿਨ ਇਸ ਧੜੇਬੰਦੀ ਨੂੰ ਖਤਮ ਕਰਨ ਲਈ ਕਾਂਗਰਸ ਪਾਰਟੀ ਦੀ ਹਾਈ ਕਮਾਂਡ ਵਲੋਂ ਕੋਈ ਅਜਿਹਾ ਫਾਰਮੂਲਾ ਜਲਦੀ ਕਢਿਆ ਜਾ ਰਿਹਾ ਹੈ ਜਿਸ ਨਾਲ ਪਾਰਟੀ ਅੰਦਰ ਪੈਦਾ ਹੋਈ ਧੜੇਬੰਦੀ ਜਲਦੀ ਖਤਮ ਹੋ ਜਾਏਗੀ। ਸ: ਮਾਨ ਨੇ ਦਸਿਆ ਕਿ ਕਾਂਗਰਸ ਪਰਧਾਨ ਸ: ਪਰਤਾਪ ਸਿੰਘ ਬਾਜਵਾ ਜਿਥੇ ਪੰਜਾਬ ਅੰਦਰ ਕਾਂਗਰਸ ਪਾਰਟੀ ਨੂੰ ਮਜਬੂਤ ਕਰਨ ਲਈ ਦਿਨ ਰਾਤ ਇਕ ਕਰਕੇ ਕੰਮ ਕਰ ਰਹੇ ਹਨ ਉਥੇ ਸਾਬਕਾ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਇਸ ਸਿ–ਲਸਿਲੇ ਵਿਚ ਕੋਈ ਕਸਰ ਬਾਕੀ ਨਹੀਂ ਛਡ ਰਹੇ।ਬੰਦੀ ਸਿਖਾਂ ਦੀ ਰਿਹਾਈ ਲਈ ਮਰਨ ਵਰਤ ਤੇ ਬੈਠੇ ਬਾਪੂ ਸੂਰਤ ਸਿੰਘ ਖਾਲਸਾ ਸਬੰਧੀ ਪੁਛੇ ਗਏ ਇਕ ਸਵਾਲ ਦੇ ਜਵਾਬ ਵਿਚ ਸ: ਮਾਨ ਨੇ ਕਿਹਾ ਕਿ ਬਾਪੂ ਸੂਰਤ ਸਿੰਘ ਖਾਲਸਾ ਦੀਆਂ ਮੰਗਾਂ ਬਿਲਕੁਲ ਜਾਇਜ ਹਨ ਤੇ ਪੰਜਾਬ ਸਰਕਾਰ ਨੂੰ ਉਹਨਾਂ ਦੀਆਂ ਮੰਗਾਂ ਨੂੰ ਜਲਦੀ ਪਰਵਾਨ ਕਰਕੇ ਪੰਜਾਬ ਦੇ ਹਲਾਤਾਂ ਨੂੰ ਹੋਰ ਵਿਗੜਨ ਤੋਂ ਬਚਾਉਣ ਲਈ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ।


ਸ: ਜੋਗਿੰਦਰ ਸਿੰਘ ਮਾਨ ਸਿਖ ਆਗੂ ਮਹਿੰਦਰ ਸਿੰਘ ਕਲੇਰ ਦੇ ਨਾਲ ਗਲਬਾਤ ਕਰਦੇ ਹੋਏ

ਸ: ਮਾਨ ਨੇ ਦਸਿਆ ਕਿ ਸਰਕਾਰ ਦੀਆਂ ਗਲਤ ਨੀਤੀਆਂ ਦੇ ਕਾਰਣ ਪੰਜਾਬ ਅਜ ਤਬਾਹੀ ਦੇ ਕੰਢੇ ਤੇ ਆ ਕੇ ਖੜਾ ਹੋ ਗਿਆ ਹੈ। ਉਹਨਾਂ ਦੁਖ ਪਰਗਟ ਕੀਤਾ ਕਿ ਗੁਰੂਆਂ ਪੀਰਾਂ ਦੀ ਇਹ ਧਰਤੀ ਅਜ ਨਸ਼ਿਆਂ ਦੀ ਦਲਦਲ ਵਿਚ ਫਸ ਚੁਕੀ ਹੈ ਜਿਸਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਪੰਜਾਬ ਦੀ ਕੁਲ ਨੌਜਵਾਨ ਅਬਾਦੀ 75 ਪ੍ਰਤੀਸ਼ਤ ਨੌਜਵਾਨ ਨਸ਼ਿਆ ਦਾ ਸ਼ਿਕਾਰ ਹੋ ਚੁਕਾ ਹੈ। ਲਕਤੋੜ ਮਹਿੰਗਾਈ ਨੇ ਆਮ ਲੋਕਾਂ ਦਾ ਜਿਊਣਾ ਮੁਸ਼ਕਲ ਕਰ ਦਿਤਾ ਹੈ।ਪੜਿਆ ਲਿਖਿਆ ਨੌਜਵਾਨ ਡਿਗਰੀਆਂ ਦੀ ਪੰਡ ਚੁਕੀ ਨੌਕਰੀ ਲਭਣ ਲਈ ਦਰ ਦਰ ਦੀਆਂ ਠੋਕਰਾਂ ਖਾ ਰਿਹਾ ਹੈ। ਸਰਕਾਰੀ ਮੁਲਾਜਮਾਂ ਨੂੰ ਆਪਣੀਆਂ ਮੰਗਾਂ ਮੰਨਵਾਉਣ ਲਈ ਸਰਕਾਰੀ ਤਸ਼ੱਦਦ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਉਹਨਾਂ ਦਾ ਸੰਪਰਕ ਫੋਨ ਨੰਬਰ–510–754–0766

# ਡਾ.ਅੰਬੇਦਕਰ ਮਿਸ਼ਨ ਸੁਸਾਇਟੀ (ਰਜਿ) ਪੰਜਾਬ ਨੇ ਮੁਫਤ ਮੈਡੀਕਲ ਕੈਂਪ ਲਗਾਇਆ



**ਖੰਨਾ–** ਡਾ. ਅੰਬੇਦਕਰ ਮਿਸ਼ਨ ਸੁਸਾਇਟੀ (ਰਜਿ) ਪੰਜਾਬ, ਖੰਨਾ ਵੱਲੋਂ ਡਾ. ਮਨੋਹਰ ਲਾਲ ਐਸ. ਐਮ. ਓ. ਸਿਵਲ ਹਸਪਤਾਲ ਖੰਨਾ ਦੇ ਸਹਿਯੋਗ ਨਾਲ ਵੀਰਵਾਰ ਨੂੰ ਮੁਫਤ ਮੈਡੀਕਲ ਕੈਂਪ ਲਗਾਇਆ। ਇਹ ਕੈਂਪ ਕੇਂਦਰੀ ਸਿਹਤ ਵਿਭਾਗ ਦੇ ਸ਼ਹਿਰੀ ਸਿਹਤ ਮਿਸ਼ਨ ਅਧੀਨ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਸ੍ਰੀ ਜਸਵੰਤ ਸਿੰਘ ਖੇੜਾ ਕੌਮੀ ਪ੍ਰਧਾਨ ਮਨੁੱਖੀ ਅਧਿਕਾਰ ਮੰਚ ਅਤੇ ਪਵਨਦੀਪ ਸਿੰਘ ਟ੍ਰੈਫਿਕ ਪੁਲਿਸ ਅਧਿਕਾਰੀ ਖੰਨਾ ਨੇ ਕੀਤਾ। ਇਸ ਕੈਂਪ ਦੀ ਅਗਵਾਈ ਜ਼ਿਲ੍ਹਾ ਸਿਹਤ ਮੁਲਾਂਕਣ ਅਤੇ ਪਲਾਨਿੰਗ ਕਮੇਟੀ ਦੇ ਸਕੱਤਰ ਸ. ਗੁਰਸ਼ਰਨਜੀਤ ਸਿੰਘ ਨੇ ਕੀਤਾ।

ਡਾ. ਹਰਵਿੰਦਰ ਸਿੰਘ, ਡਾ. ਰਸਲੀਨ ਅਤੇ ਡਾ. ਅਸ਼ੀਬ ਨੇ 187 ਮਰੀਜ਼ਾਂ ਦੀ ਫਰੀ ਜਾਂਚ ਅਤੇ 42 ਮਰੀਜ਼ਾਂ ਦੇ ਫਰੀ ਲੈਬਾਰਟਰੀ ਟੈਸਟ ਕੀਤੇ। ਸੁਸਾਇਟੀ ਦੇ ਪ੍ਰਧਾਨ ਪ੍ਰਿੰਸੀਪਲ ਜਸਵੰਤ ਸਿੰਘ ਮਿੱਤਰ ਨੇ ਇਸ ਸਮੇਂ ਕਿਹਾ ਕਿ ਬਾਜੀਗਰ ਬਸਤੀ ਅਤੇ ਇਸ ਇਲਾਕੇ ਦੇ ਲੋਕਾਂ ਲਈ, ਕੈਂਪ ਦੀ ਸਖਤ ਜ਼ਰੂਰਤ ਸੀ। ਲੋਕ ਬਹੁਤ ਸਾਰੀਆਂ ਬਿਮਾਰੀਆਂ ਤੋਂ ਪੀੜਤ ਹਨ ਅਤੇ ਗੰਦਗੀ ਦੀ ਭਾਰੀ ਭਰਮਾਰ ਹੈ। ਲੋਕਾਂ ਨੇ ਸੁਸਾਇਟੀ ਦਾ ਅਤੇ ਆਏ ਡਾਕਟਰਾਂ ਦਾ ਧੰਨਵਾਦ ਕੀਤਾ। ਇਸ ਮੁਫਤ ਮੈਡੀਕਲ ਕੈਂਪ ਨੂੰ ਸਫਲ ਬਣਾਉਣ ਲਈ ਸੁਸਾਇਟੀ ਦੇ ਜਨਰਲ ਸਕੱਤਰ ਅੱਛਰਾਂ ਸਿੰਘ ਲਾਪਰਾਂ, ਚੇਅਰਮੈਨ ਹਰਨੇਕ ਸਿੰਘ ਸਿਫਤੀ, ਕੈਸ਼ੀਅਰ ਟੇਕ ਚੰਦ, ਸਵਰਨ ਸਿੰਘ, ਮਹਰ ਸਿੰਘ ਗੁਰੂ, ਭਾਮ ਸਿੰਘ, ਅਜਮੇਰ ਸਿੰਘ, ਤਾਰਾ ਸਿੰਘ, ਬੰਤ ਸਿੰਘ, ਗੁਰਨਾਮ ਸਿੰਘ, ਅਜੈਬ ਸਿੰਘ, ਰਾਮ ਸਿੰਘ, ਧਰਮਜੀਤ ਸਿੰਘ, ਪ੍ਰਕਾਸ਼ ਕੌਰ ਅਤੇ ਜਸਵਿੰਦਰ ਕੌਰ ਨੇ ਬਹੁਤ ਮਿਹਨਤ ਕੀਤੀ। ਸ੍ਰੀ ਰਾਏ ਸਿੰਘ ਚੇਅਰਮੈਨ ਪੈਨਸ਼ਨਰਜ਼ ਐਸੋਸੀਏਸ਼ਨ ਖੰਨਾ, ਲਾਭ ਸਿੰਘ, ਮਨੁੱਖੀ ਅਧਿਕਾਰ ਮੰਚ ਦੇ ਕੇ. ਐਲ. ਸਹਿਗਲ, ਅਸ਼ੋਕ ਰਾਜੇਵਾਲੀਆ, ਸ਼ਕੁੰਤਲਾ ਰਾਣੀ ਚੇਅਰਮੈਨ, ਜੇਠੂ ਲਾਲ ਸ਼ਰਮਾ, ਗੀਤਾ ਵਸ਼ਿਸ਼ਟ, ਧਰਮਵੀਰ, ਜੋਗਿੰਦਰ ਸਿੰਘ, ਤਾਰਾ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਸੁਸਾਇਟੀ ਵੱਲੋਂ ਲਗਾਇਆ ਇਹ ਪਹਿਲਾ ਫਰੀ ਮੈਡੀਕਲ ਕੈਂਪ ਪੂਰਨ ਰੂਪ ਵਿਚ ਸਫਲ ਰਿਹਾ।

# ਅਧਿਆਪਕਾਂ ਉੁਪਰ ਕੀਤੇ ਲਾਠੀਚਾਰਜ ਦੀ ਜ਼ੋਰਦਾਰ ਨਿਖੇਧੀ

**ਫਗਵਾੜਾ–** ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸਾਬਕਾ ਸੂਬਾ ਕਮੇਟੀ ਮੈਂਬਰ ਅਤੇ ਸਾਬਕਾ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ ਸੰਤੋਖ ਸਿੰਘ ਗਿੱਲ ਵੱਲੋਂ ਆਪਣੀਆਂ ਹੱਕੀ ਅਤੇ ਜਾਇਜ਼ ਮੰਗਾਂ ਮਨਵਾਉਣ ਲਈ ਸੰਘਰਸ਼ ਕਰ ਰਹੇ ਅਧਿਆਪਕ/ਅਧਿਆਪਕਾਂ ਉਪਰ ਅਖੌਤੀ ਲੋਕ ਪੱਖੀ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਲਾਠੀਚਾਰਜ ਦੀ ਸਮੁੱਚੇ ਮੁਲਾਜ਼ਮ ਵਰਗ ਨੂੰ ਇਕ ਪਲੇਟਫਾਰਮ ਉਪਰ ਇਕੱਠੇ ਹੋ ਕੇ ਸਾਂਝੀਆਂ ਮੰਗਾਂ ਉਪਰ ਸੰਘਰਸ਼ ਲੜਨ ਦੀ ਅਪੀਲ ਕੀਤੀ ਹੈ ਅਤੇ ਸੰਘਰਸ਼ ਦੀ ਰੂਪ ਰੇਖਾ ਅਜਿਹੀ ਬਣਾਈ ਜਾਵੇ ਕਿ ਪੰਜਾਬ ਸਰਕਾਰ ਤੇ ਪੰਜਾਬ ਪ੍ਰਸ਼ਾਸਨ ਦੇ ਨੱਕ ’ਚ ਦਮ ਕਰ ਦਿਓ।

ਇਹਨਾਂ ਮੰਤਰੀਆਂ/ ਵਿਧਾਇਕਾਂ ਨੂੰ ਕਿਸੇ ਪਿੰਡ ਵਿਚ ਨਾ ਵੜਨ ਦਿਓ। ਅਜਿਹੇ ਸੰਘਰਸ਼ਾਂ ਲਈ ਸਾਨੂੰ ਆਮ ਲੋਕਾਈ ਦਾ ਸਾਥ ਲੈਣਾ ਜ਼ਰੂਰੀ ਹੈ। ਪਿੰਡ ਦੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਦੱਸੋ ਕਿ ਅਸੀਂ ਜੋ ਮੁਲਾਜ਼ਮ ਸੰਘਰਸ਼ ਲੜ ਰਹੇ ਹਾਂ, ਅਸੀਂ ਤੁਹਾਡੇ ਹੀ ਧੀਆਂ–ਪੁੱਤ, ਭੈਣਾਂ ਭਰਾ ਹਾਂ। ਉਹਨਾਂ ਲੋਕਾਂ ਨੂੰ ਨਾਲ ਲੈ ਕੇ ਭ੍ਰਿਸ਼ਟ ਮੰਤਰੀਆਂ/ ਵਿਧਾਇਕਾਂ ਅਤੇ ਪ੍ਰਸ਼ਾਸਨ ਦਾ ਪਿੰਡਾਂ ਵਿਚ ਵੜਨਾ ਮੁਸ਼ਕਿਲ ਕਰ ਦਿਓ। ਜਿਸ ਤਰ੍ਹਾਂ ਪਿਛਲੇ ਮੁਲਾਜ਼ਮਾਂ ਦੇ ਸੰਘਰਸ਼ ਦੇ ਇਤਿਹਾਸ ਉਪਰ ਨਿਗਾ ਮਾਰੋ ਤਾਂ ਬੇਰੁਜ਼ਗਾਰ ਅਧਿਆਪਕ ਯੂਨੀਅਨ ਦਾ 1978 ਤੋਂ 1984 ਦਾ ਘੋਲ ਜਿਸ ਵਿਚ ਅਧਿਆਪਕਾਂ ਨੂੰ ਪੱਕਿਆਂ ਵੀ ਕੀਤਾ ਅਤੇ ਨਵੀਆਂ ਪੋਸਟਾਂ ਵੀ ਵਿੱਤ ਵਿਭਾਗ ਵੱਲੋਂ ਜਾਰੀ ਕਰਨੀਆਂ। ਇਸੇ ਤਰ੍ਹਾਂ ਟੀ. ਐਸ. ਯੂ. ਦੇ ਸੰਘਰਸ਼ ਦਾ ਇਤਿਹਾਸ ਹੈ। ਮੁਲਾਜ਼ਮਾਂ ਦੇ ਅਨੇਕਾਂ ਘੋਲ ਹਨ, ਜਿਹਨਾਂ ਹਮੇਸ਼ਾ ਹੀ ਮੁਲਾਜ਼ਮਾਂ ਦੀ ਜਿੱਤ ਹੋਈ ਹੈ ਤੇ ਸਰਕਾਰਾਂ ਨੂੰ ਮੂੰਹ ਦੀ ਖਾਣੀ ਪਈ ਹੈ। ਉਹਨਾਂ ਮੁਲਾਜ਼ਮ ਵਰਗ ਨੂੰ ਅਪੀਲ ਕੀਤੀ ਹੈ, ਖੁਦ ਆਤਮ ਹੱਤਿਆ ਨਾ ਕਰੋ ਸਗੋਂ ਸਰਕਾਰਾਂ ਨੂੰ ਤੁਹਾਡੀਆਂ ਮੰਗਾਂ ਮੰਨਣਾ ਜਾਂ ਮਰਨ ਲਈ ਮਜਬੂਰ ਕਰ ਦਿਓ। ਉਹਨਾਂ ਨੇ ਬਾਦਲ ਸਰਕਾਰ ਨੂੰ ਵੀ ਬੇਰੁਜ਼ਗਾਰ ਅਧਿਆਪਕ ਯੂਨੀਅਨ ਦੇ 1978 ਦੇ ਘੋਲ ਨੂੰ ਯਾਦ ਕਰਨ ਦੀ ਗੱਲ ਕਹੀ।

# ਪਿਟਸਬਰਗ ’ਚ ਪਹਿਲਾ “ਤੀਆਂ ਦਾ ਮੇਲਾ” ਯਾਦਗਾਰੀ ਰਿਹਾ

**ਪਿਟਸਬਰਗ (ਦੇਸ਼ ਦੁਆਬਾ ਬਿਓਰੋ)–** ਪਿਟਸਬਰਗ ਵਿੱਚ ਪੰਜਾਬੀ ਕਲਚਰਲ ਸੁਸਾਇਟੀ ਵਲੋਂ ਤੀਆਂ ਦਾ ਪਹਿਲਾ ਮੇਲਾ ਪਿਟਸਬਰਗ ਸੀਨੀਅਰ ਕਮਿਊਨਿਟੀ ਸੈਂਟਰ ਵਿੱਚ ਕਰਵਾਇਆ ਗਿਆ। ਪਹਿਲੀ ਵਾਰ ਆਯੋਜਤ ਇਹ ਮੇਲਾ ਪਿਟਸਬਰਗ ਗੁਰੂ ਰਵਿਦਾਸ ਗੁਰਦੁਆਰਾ ਦੇ ਦੋ ਸਾਬਕਾ ਪ੍ਰਧਾਨ ਸ਼੍ਰੀ ਰਾਮ ਪ੍ਰਕਾਸ਼ ਰਾਜੂ ਜਿਨ੍ਹਾਂ ਦੇ ਬਾਬਾ ਜੀ ਸ਼੍ਰੀ ਨਾਮਾ ਰਾਮ ਰਾਜੂ 1905 ਵਿਚ ਅਮਰੀਕਾ ਆਏ ਸਨ ਅਤੇ ਉਨ੍ਹਾਂ ਦੀ ਪਤਨੀ ਬੀਬੀ ਪਰਮਜੀਤ ਕੌਰ ਦੀ ਅਗਵਾਈ ਵਿੱਚ ਕਰਵਾਇਆ ਗਿਆ। ਇਸ ਮੇਲੇ ਨੂੰ ਕਾਮਯਾਬ ਕਰਨ ਵਾਸਤੇ ਰੂਬੀ ਰਾਜੂ, ਕਸ਼ਮੀਰ ਕੌਰ, ਬਲਵੀਰ ਕੌਰ, ਸੁਰਿੰਦਰ ਕੌਰ, ਰੂਬੇਕਾ ਵਾਇਟ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੇਲੇ ਨੂੰ ਪੰਜਾਬੀ ਰੰਗਤ ਵਿੱਚ ਪੇਸ਼ ਕੀਤਾ ਗਿਆ। ਇਸ ਮੇਲੇ ਵਿੱਚ ਲੋਕ ਗੀਤ, ਗੀਤ, ਗਿੱਧਾ, ਭੰਗੜਾ, ਜਾਗੋ, ਹਿੱਪ ਹੌਪ ਅਤੇ ਲਾਇਵ ਡੀ.ਜੇ. ਰਾਹੀਂ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ ਗਿਆ। ਇਸ ਮੇਲੇ ਦੀ ਇੱਕ ਖਾਸ ਵਿਸ਼ੇਸ਼ਤਾ ਇਹ ਰਹੀ ਕਿ ਇਸ ਵਿੱਚ ਫਿਲਪਾਈਨ, ਹਵਾਈ, ਅਫਰੀਕਨ ਡਾਂਸ ਵੀ ਪੇਸ਼ ਕੀਤਾ ਗਿਆ। ਜਿਸ ਨਾ਼ਲ ਇੱਕ ਦੂਜੇ ਦੇਸ਼ਾਂ ਦੇ ਸੱਭਿਆਚਾਰਕ ਪਹਿਲੂਆਂ ਦੀ ਸਾਂਝ ਪੁਆਈ ਗਈ। ਮੇਲੇ ਦੌਰਾਨ ਦੇਸੀ ਪਕਵਾਨ ਭੁਜੀਆ–ਬਦਾਣਾ, ਜਲੇਬੀਆਂ, ਪਕੌੜੇ ਆਦਿ ਦਰਸ਼ਕਾਂ ਵਾਸਤੇ ਤਿਆਰ ਕੀਤੇ ਗਏ ਸਨ। ਇਸ ਤੋਂ ਇਲਾਵਾ ਛੋਲੇ ਭਟੂਰੇ, ਮਹਿੰਦੀ ਆਦਿ ਦੇ ਸਟਾਲ ਵੀ ਲਗਵਾਏ ਗਏ। ਮੇਲੇ ਵਿਚ ਦੂਰ ਦੁਰਾਡੇ ਤੋਂ ਆਈਆਂ ਹੋਈਆਂ ਲੜਕੀਆਂ ਅਤੇ ਬਜ਼ੁਰਗ ਔਰਤਾਂ ਨੇ ਆਪਣੇ ਪੰਜਾਬ ਦੇ ਵਿਰਸੇ ਨੂੰ ਯਾਦ ਕਰਦੇ ਹੋਏ ਹੋਏ ਖੂਬ ਆਨੰਦ ਮਾਣਿਆਂ।

ਤੀਆਂ ਦੇ ਮੇਲੇ ਵਿੱਚ ਆਏ ਅਮਰੀਕਾ ਦੇ ਜੰਮਪਲ ਪੰਜਾਬੀ ਬੱਚੇ ਬੜੇ ਖੁਸ਼ ਨਜ਼ਰ ਆਏ। ਮੇਲੇ ਦੇ ਪ੍ਰਬੰਧਕਾਂ ਵਲੋਂ ਹਰ ਸਾਲ ਇਸ ਤਰ੍ਹਾਂ ਤੀਆਂ ਦਾ ਮੇਲਾ ਮਨਾਉਣ ਅਤੇ ਇਸ ਵਿੱਚ ਅੱਗੇ ਤੋਂ ਹੋਰ ਪ੍ਰੋਗਰਾਮ ਜੋੜ ਕੇ ਹੋਰ ਵੀ ਵਧੀਆ ਬਣਾਉਣ ਦਾ ਸੰਕਲਪ ਲਿਆ। ਤੀਆਂ ਦੇ ਮੇਲੇ ਦੀ ਸਟੇਜ ਦੀ ਕਾਰਵਾਈ ਰੂਬੀ ਰਾਜੂ ਨੇ ਬਾਖੂਬੀ ਨਿਭਾਈ। ਇਸ ਮੌਕੇ ਬੀਬੀ ਪਰਮਜੀਤ ਰਾਜੂ ਨੇ ਕਿਹਾ ਕਿ ਅਸੀਂ ਵਿਦੇਸ਼ ਵਿੱਚ ਵੀ ਆਪਣੇ ਸੱਭਿਆਚਾਰਕ ਵਿਰਸੇ ਨੂੰ ਸਾਂਭਣ ਅਤੇ ਯਾਦ ਰੱਖਣ ਦਾ ਉਪਰਾਲਾ ਕੀਤਾ ਹੈ ਜਿਸ ਵਾਸਤੇ ਸਾਨੂੰ ਕਾਫੀ ਹੁੰਗਾਰਾ ਮਿਲਿਆ ਅਤੇ ਸਹਿਯੋਗੀਆਂ ਵਲੋਂ ਪੂਰਾ ਸਹਿਯੋਗ ਮਿਲਿਆ ਹੈ। ਜਿਸ ਤਰ੍ਹਾਂ ਸਾਡੀ ਹੌਸਲਾ ਅਫ਼ਜਾਈ ਕੀਤੀ ਹੈ ਇਸ ਤਰ੍ਹਾਂ ਹੀ ਅਸੀਂ ਉੱਦਮ ਕਰਦੇ ਰਹਾਂਗੇ। ਇਸ ਮੇਲੇ ਵਿੱਚ ਹਾਜ਼ਰ ਹੋਏ।

# ਸਵਰਗਵਾਸੀ ਸ੍ਰੀ ਸਤਿੰਦਰ ‘ਕਾਲਾ’ ਰੱਤੂ ਦੀ ਦੂਜੀ ਬਰਸੀ 2 ਅਗਸਤ ਨੂੰ

ਮਾਹਿਰ ਸੰਗੀਤ ਲੇਖਕ ਵਜੋਂ ਪ੍ਰਸਿੱਧ ਰਹੇ ਸਵਰਗੀ ਸਤਿੰਦਰ ’ਕਾਲਾ’ ਰੱਤੂ ਦੀ ਦੂਜੀ ਬਰਸੀ ਉਹਨਾਂ ਦੇ ਪਰਿਵਾਰ ਅਤੇ ਸਮੂਹ ਸੰਗਤ ਵੱਲੋਂ 2 ਅਗਸਤ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਮਨਾਈ ਜਾ ਰਹੀ ਹੈ। ਸਵਰਗਵਾਸੀ ਰੱਤੂ ਦੇ ਪਿਤਾ ਸ੍ਰੀ ਜੋਗਰਾਜ ਸਿੰਘ ਰੱਤੂ ਅਤੇ ਪਰਿਵਾਰਕ ਮੈਂਬਰਾਂ ਵੱਲੋਂ ਇਸ ਦਿਨ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰ ਦੀ ਸੇਵਾ ਕੀਤੀ ਜਾਵੇਗੀ। ਸਵਰਗੀ ਸਤਿੰਦਰ ਰੱਤੂ ਮਸ਼ਹੂਰ ਗੀਤ ਲੇਖਕ ਸਨ, ਜਿਹਨਾਂ ਦੇ ਲਿਖੇ ਗੀਤ ਕਈ ਪ੍ਰਸਿੱਧ ਗੀਤਕਾਰਾਂ ਨੇ ਗਾਏ ਹਨ। ਸਮੂਹ ਰੱਤੂ ਪਰਿਵਾਰ ਨੇ ਸੰਗਤਾਂ ਨੂੰ ਬੇਨਤੀ ਕੀਤੀ ਹੈ ਕਿ ਇਸ ਦਿਨ ਅਰਦਾਸ ਵਿਚ ਸ਼ਾਮਲ ਹੋਣ ਲਈ ਜ਼ਰੂਰ ਸਮਾਂ ਕੱਢਣ।

# ਜੈਕਾਰਾ ਲਈ ਫੰਡ ਰੇਜਰ, ਪੀਸੀਏ ਵੱਲੋਂ ਅੱਠਵੇਂ ਸਭਿਆਚਾਰਕ ਮੇਲੇ ਤੇ ਸਰਤਾਜ ਦਾ ਖੁਲ੍ਹਾ ਅਖਾੜਾ ਅੱਠ ਅਗਸਤ ਨੂੰ!



ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ K ਕੁਲਵੰਤ ਧਾਲੀਆਂ– ਬਹੁ–ਚਰਚਿਤ ਸੰਸਥਾ ਜੈਕਾਰਾ ਮੂਵਮੈਂਟ ਫਰਿਜ਼ਨੋਂ ਜਿਹੜੀ ਕਿ ਸਾਡੀ ਨਵੀਂ ਪਨੀਰੀ ਨੂੰ ਸਾਡੇ ਧਰਮ, ਸੱਭਿਆਚਾਰ ਅਤੇ ਵਿਰਸੇ ਨਾਲ ਜੋੜਨ ਲਈ ਸਦਾ ਸਾਰਥਿਕ ਉਪਰਾਲੇ ਕਰਨ ਕਰਕੇ ਚਰਚਾ ਵਿੱਚ ਰਹਿੰਦੀ ਹੈ..ਲਈ ਫੰਡ ਰੇਜਰ ਦੇ ਤੌਰ ਤੇ ਫਰਿਜ਼ਨੋਂ ਪੀਸੀਏ ਮੈਂਬਰ ਆਪਣੇ ਅੱਠਵੇਂ ਸਭਿਆਚਰਕ ਮੇਲੇ ਦੌਰਾਂਨ ਸਤਿੰਦਰ ਸਰਤਾਜ ਦਾ ਖੁਲ੍ਹਾ ਅਖਾੜਾ ਅੱਠ ਅਗਸਤ ਦਿਨ ਸ਼ਨੀਵਾਰ ਨੂੰ ਵੁਡਵਰਡ ਪਾਰਕ ਵਿੱਚ ਕਰਵਾਉਣ ਜਾ ਰਹੇ ਹਨ, ਇਸ ਤੋਂ ਬਿਨਾਂ ਗਿੱਧੇ–ਭੰਗੜੇ ਦੀਆਂ ਟੀਮਾਂ ਵੀ ਆਪਣੇ ਜੌਹਰ ਵਿਖਾਉਣਗੀਆਂ ਇਸ ਮੇਲੇ ਦੀ ਟਿਕਟ ਸਿਰਫ਼ ਵੀਹ ਡਾਲਰ ਰੱਖੀ ਗਈ ਹੈ। ਸੱਤ ਸਾਲ ਤੱਕ ਦੇ ਬੱਚਿਆਂ ਅਤੇ ਸੀਨੀਅਰ ਸਿਟੀਜਨ 65 ਸਾਲ ਦੀ ਉਮਰ ਤੋਂ ਉਪਰ ਵਾਲੇ ਬਜੁਰਗਾਂ ਲਈ ਦਾਖਲਾ ਮੁਫਤ ਹੋਵੇਗਾ ਸਨਾਖਤੀ ਕਾਰਡ ਵਿਖਾਉਣਾਂ ਜਰੂਰੀ ਹੈ..! ਸਟੇਜ ਸੰਚਾਲਨ ਆਸ਼ਾ ਸ਼ਰਮਾਂ ਕਰਨਗੇ..ਪਰਿਵਾਰਾ ਦੀ ਸੁਰੱਖਿਆ ਨੂੰ ਮੁੱਖ ਰੱਖਕੇ ਸਕਿਉਰਟੀ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ..! ਵਧੇਰੇ ਜਾਣਕਾਰੀ ਲਈ ਕਾਲ ਮਿੱਕੀ ਸਰਾਂ (408) 966–7019 ਜਾ ਜਗਰੂਪ ਸਿੰਘ ਭੰਡਾਲ (559) 917–9608...!

# ਭਾਰਤੀ ਨੌਜਵਾਨ ਨੇ ਕੀਤਾ ਵੱਡਾ ਹੇਰ-ਫੇਰ, ਹੋ ਸਕਦੀ ਹੈ 5 ਸਾਲ ਦੀ ਸਜ਼ਾ

ਨਿਊਯਾਰਕ–ਸਟਬਹਬ ਨਾਮਕ ਵੈਂਬ–ਸੇਲਸ ਪਲੇਟਫਾਰਮ ’ਤੇ ਫਰਜ਼ੀ ਇਵੈਂਟ ਟਿਕਟ ਵੇਚਣ ਦੇ ਮਾਮਲੇ ’ਚ ਸ਼ਾਮਲ ਹੋਣ ਅਤੇ ਉਸ ਤੋਂ ਪੈਸੇ ਬਣਾਉਣ ਦੇ ਦੋਸ਼ ’ਚ ਭਾਰਤੀ ਮੂਲ ਦੇ ਇਕ ਅਮਰੀਕੀ ਵਿਦਿਆਰਥੀ ਨੂੰ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਕ ਅਖਬਾਰ ਦੀ ਰਿਪੋਰਟ ਮੁਤਾਬਕ 22 ਸਾਲ ਦਾ ਸਚਿਨ ਕੁਮਾਰ ਨਿਊਯਾਰਕ ਦਾ ਵਾਸੀ ਹੈ ਅਤੇ ਥਾਂਪਾ ਬੇ ਨਾਮਕ ਫਰਜ਼ੀ ਟਿਕਟ ਵੇਚ ਕੇ ਪੈਸੇ ਬਣਾਉਂਦਾ ਸੀ। ਸਚਿਨ ਲੋਰਿਡਾ ਦੇ ਟਾਂਪਾ ਯੂਨੀਵਰਸਿਟੀ ’ਚ ਪ੍ਰੀ–ਡੈਂਟਲ ਅਤੇ ਬਾਇਓਲੌਜੀ ਦਾ ਵਿਦਿਆਰਥੀ ਹੈ। ਉਹ ਫਰਜ਼ੀਵਾੜੇ ’ਚ ਹੋਏ ਨੁਕਸਾਨ ’ਤੇ ਸੰਘੀ ਇਸਤਗਾਸਾ ਪੱਖ ਦੇ ਨਾਲ ਇਕ ਸਮਝੌਤੇ ’ਤੇ ਸਹਿਮਤ ਹੋ ਗਿਆ ਹੈ। ਕੁਮਾਰ ਵਲੋਂ ਦਸਤਖਤ ਕੀਤੇ ਇਕ ਸਮਝੌਤੇ ਮੁਤਾਬਕ ਉਸ ਨੇ ਸਟਬ–ਹਬ ’ਤੇ ਧੋਖਾਧੜੀ ਕਰਕੇ ਕਥਿਤ ਤੌਰ ’ਤੇ 49121 ਡਾਲਰ ਦੀ ਰਾਸ਼ੀ ਬਣਾਈ। ਕੁਮਾਰ ਨੂੰ ਫਰਵਰੀ ’ਚ ਇਸ ਇਲਜ਼ਾਮ ’ਚ ਦੋਸ਼ੀ ਪਾਇਆ ਗਿਆ ਸੀ, ਪਰ ਕਾਰ ਦੁਰਘਟਨਾ ਕਾਰਨ ਉਸ ਹਸਪਤਾਲ ’ਚ ਦਾਖਲ ਕੀਤਾ ਗਿਆ ਸੀ। ਠੀਕ ਹੋ ਜਾਣ ਤੋਂ ਬਾਅਦ ਉਸ ਨੂੰ ਉਸ ਦੀ ਸਜ਼ਾ ਬਾਰੇ ਸੂਚਿਤ ਕਰ ਦਿੱਤਾ ਗਿਆ ਸੀ।

# ਕਲਾਮ ਜਨਤਾ ਦੇ ਰਾਸ਼ਟਰ-ਪਤੀ ਸਨ : ਪ੍ਰਧਾਨ ਮੰਤਰੀ ਲੀ



ਸਿੰਗਾਪੁਰ– ਸਿੰਗਾਪੁਰ ਦੇ ਪ੍ਰਧਾਨ ਮੰਤਰੀ ਲੀ ਸੀਨ ਲੁੰਗ ਨੇ ਮੰਗਲਵਾਰ ਨੂੰ ਰਾਸ਼ਟਰਪਤੀ ਅਬਦੁੱਲ ਕਲਾਮ ਨੂੰ ਸ਼ਰਧਾਜਲੀ ਦਿੰਦੇ ਹੋਏ ਕਿਹਾ ਹੈ ਕਿ ਉਹ ਜਨਤਾ ਦੇ ਰਾਸ਼ਟਰਪਤੀ ਸਨ। ਲੀ ਨੇ ਭਾਰਤ ਦੇ ਸਾਬਕਾ ਰਾਸ਼ਟਰ–ਪਤੀ ਦੇ ਬਾਰੇ ’ਚ ਆਪਣੇ ਫੇਸਬੁੱਕ ਅਕਾਊਂਟ ’ਤੇ ਲਿਖਿਆ ਹੈ ਕਿ ਮੈਨੂੰ 2006 ’ਚ ਡਾ. ਕਲਾਮ ਨੂੰ ਮਿਲਣ ਦਾ ਮੌਕਾ ਮਿਲਿਆ ਸੀ ਜਦੋਂ ਉਹ ਸਿ–ਗਾਪੁਰ ਆਏ ਸਨ। ਦੁੱਖ ਦੀ ਇਸ ਕੜੀ ’ਚ ਉਨ੍ਹਾਂ ਦੇ ਪਰਿਵਾਰ ਵਾਲਿਆਂ ਅਤੇ ਭਾਰਤ ਦੇ ਲੋਕਾਂ ਦੇ ਨਾਲ ਮੇਰੀ ਹਮਦਰਦੀ ਹੈ। ਕਲਾਮ ਦਾ ਸੋਮਵਾਰ ਨੂੰ ਦਿਹਾਂਤ ਹੋ ਗਿਆ ਸੀ। ਉਨ੍ਹਾਂ ਨੇ ਕਿਹਾ ਹੈ ਕਿ ਡਾ. ਕਲਾਮ ਦੀ ਜ਼ਿੰਦਗੀ ਦੀ ਸ਼ੁਰੂਆਤ ਆਮ ਰਹੀ ਪਰ ਉਹ ਇਕ ਦਿਨ ਭਾਰਤ ਦੇ ਰੱਖਿਆ ਸ਼ੋਧ ਸੰਗਠਨ ਦੇ ਸਾਬਕਾ ਵਿਗਿਆਨੀ ਬਣੇ। ਇਸ ਦੇ ਬਾਅਦ ਉਹ 2002 ਤੋਂ 2007 ਤੱਕ ਦੇਸ਼ ਦੇ 11ਵੇਂ ਰਾਸ਼ਟਰਪਤੀ ਰਹੇ ਅਤੇ ਹਰ ਕੋਈ ਉਨ੍ਹਾਂ ਨੂੰ ਜਨਤਾ ਦੇ ਰਾਸ਼ਟਰਪਤੀ ਦੇ ਤੌਰ ’ਤੇ ਦੇਖਦਾ ਹੈ।

# ਮੁਹੰਮਦ ਸਦੀਕ ਜੀ ਨੂੰ ਵਧਾਈ



ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ., ਕੈਲੇਫੋਰਨੀਆ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਐਮ. ਐਲ. ਏ. ਦੀ ਚੋਣ ਜਿੱਤੇ ਸ੍ਰੀ ਮੁਹੰਮਦ ਸਦੀਕ ਜੀ ਦੀ ਮੈਂ–ਬਰਸ਼ਿਪ ਖਾਰਜ ਕਰਨ ਸਬੰਧੀ ਕੋਰਟ ਵਿਚ ਪਟੀਸ਼ਨ ਪਾਈ ਸੀ, ਜਿ ਵਿਚ ਸਿਆਸੀ ਦਬਾਅ ਤੇ ਤਾਕਤ ਦੀ ਵਰਤੋਂ ਕਰਕੇ (ਦਰਬਾਰਾ ਸਿੰਘ ਗੁਰੂ ਜੋ ਸਦੀਕ ਜੀ ਤੋਂ ਹਾਰੇ ਸਨ ਵੱਲੋਂ) ਲੋਕਾਂ ਵੱਲੋਂ ਦਿੱਤੇ ਫਤਵੇ ਨੂੰ ਰੱਦ ਕਰਨ ਦੀ ਕੋਸ਼ਿਸ਼ ਕੀਤੀ। ਮਾਣਯੋਗ ਕੋਰਟ ਵੱਲੋਂ ਸਾਰੇ ਹੀ ਤੱਥਾਂ ਨੂੰ ਵਿਚਾਰਦਿਆਂ ਅਤੇ ਲੋਕਾਂ ਵੱਲੋਂ ਦਿੱਤੇ ਫਤਵੇ ਦਾ ਮਾਣ ਕਰਦਿਆਂ ਜੀ ਦੀ ਮੈਂਬਰਸ਼ਿਪ ਨੂੰ ਇਕ ਸ਼ਰਤ ਲਾ ਕੇ ਬਹਾਲ ਕਰ ਦਿੰਤਾ ਹੈ। ਇਸ ਹੋਏ ਇਤਿਹਾਸਕ ਫੈਸਲੇ ਉਪਰ ਸੱਚ ਨਾਲ ਪਿਆ ਕਰਨ ਵਾਲੇ ਲੋਕਾਂ ਵਿਚ ਬੇਹੱਦ ਖੁਸ਼ੀ ਹੈ। ਮਹਾਂਰਿਸ਼ੀ ਵਾਲਮੀਕ ਸਭਾ ਵੱਲੋਂ ਲੋਕਾਂ ਵੱਲੋਂ ਦਿੱਤੇ ਫਤਵੇ ਅਤੇ ਸੱਚ ਦੀ ਜਿੱਤ ਹੋਣ ’ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਹੋਇਆਂ ਮੁਹੰਮਦ ਸਦੀਕ ਜੀ ਨੂੰ ਮੈਂਬਰਸ਼ਿਪ ਬਹਾਲ ਹੋਣ ਦੀ ਬਹੁਤ–ਬਹੁਤ ਵਧਾਈ ਦਿੱਤੀ ਅਤੇ ਅਪੀਲ ਵੀ ਕੀਤੀ ਕਿ ਸਦੀਕ ਸਾਹਿਬ ਆਪਣੇ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਪੁਰਜ਼ੋਰ ਯਤਨ ਕਰਨਗੇ। ਅਨੁਸੂਚਿਤ ਜਾਤੀ ਦੇ ਲੋਕਾਂ ਨਾਲ ਹਮੇਸ਼ਾ ਹੀ ਸਰਕਾਰਾਂ ਅਤੇ ਸਰਮਾਏਦਾਰ ਧੱਕੇ ਕਰਦੇ ਰਹੇ ਅਤੇ ਅੱਜ ਵੀ ਕਰ ਰਹੇ ਹਨ। ਅਜਿਹੇ ਲੋਕਾਂ ਦੇ ਧੱਕਿਆਂ ਨੂੰ ਰੋਕਣ ਲਈ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਕਰਨਾ ਚਾਹੀਦਾ ਹੈ। ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਸਕੱਤਰ ਸੋਹਣ ਲਾਲ ਸਹੋਤਾ ਬੀ. ਡੀ. ਓ. ਸਾਹਿਬ ਵੱਲੋਂ ਦਿੱਤੀ ਗਈ।

# ਡਾ.ਅੰਬੇਦਕਰ ਜੀ ਦੀ ਅੰਤਰ ਰਾਸ਼ਟਰਵਾਦੀ ਸੋਚ ਨੂੰ ਅਪਣਾਉਣ ਦਾ ਸੱਦਾ

# ਬੇਗ਼ਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਦਾ ਸਫਲਤਾਪੂਰਵਕ ਸਮਾਗਮ

**ਸੈਕਰਾਮੈਂਟੋ (ਡੀ. ਡੀ. ਬੀ.)–** ਬੀਤੇ ਦਿਨੀਂ (19 ਜੁਲਾਈ ਦਿਨ ਐਤਵਾਰ) ਨੂੰ ਬੇਗ਼ਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਆਫ਼ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਜੀ ਦਾ 124ਵਾਂ ਜਨਮ ਦਿਹਾੜਾ "ਹਾਲੀਡੇ ਇਨ ਐਕਸਪ੍ਰੈਸ", ਐਲਕ ਗਰੋਵ (ਕੈਲੇਫੋਰਨੀਆ) ਵਿਖੇ ਬਹੁਤ ਹੀ ਉਤਸ਼ਾਹ ਪੂਰਵਕ ਤਰੀਕੇ ਨਾਲ ਮਨਾਇਆ ਗਿਆ, ਜਿਸ ਵਿਚ ਸੈਕਰਾਮੈਂਟੋ, ਐਲਕ ਗਰੋਵ, ਸਟਾਕਟਨ, ਯੂਬਾ ਸਿਟੀ, ਪਿਟਸਬਰਗ, ਫਰਿਜ਼ਨੋ ਅਤੇ ਬੇ-ਏਰੀਆ ਆਦਿ ਅਨੇਕਾਂ ਇਲਾਕਿਆਂ ਤੋਂ ਸ਼ਰਧਾਲੂਆਂ ਨੇ ਇਸ ਸਮਾਗਮ 'ਚ ਆਪਣੀ ਹਾਜ਼ਰੀ ਭਰਦਿਆਂ ਬਾਬਾ ਸਾਹਿਬ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ।

ਇਸ ਸਮਾਗਮ ਦੀ ਪ੍ਰਧਾਨਗੀ ਮੰਡਲ 'ਚ ਪ੍ਰੋ. ਐਚ. ਐਲ. ਕਪੂਰ, ਜਸਵਿੰਦਰ ਬੰਗਾ, ਭਜਨ ਸਿੰਘ ਭਿੰਡਰ, ਮੋਹਣ ਰਾਮ ਪਾਲ ਅਤੇ ਡਾ. ਅਮਰੀਕ ਸਿੰਘ ਸੁਸ਼ੋਭਿਤ ਸਨ ਅਤੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਉਣ ਵਾਲੇ ਜਸਵੰਤ ਸ਼ੀਂਹਮਾਰ ਨੇ ਸਭ ਤੋਂ ਪਹਿਲਾਂ ਸਭ ਨੂੰ ਜੀ ਆਇਆਂ ਆਖਦਿਆਂ ਸਭ ਨੂੰ, ਸਭ ਤੋਂ ਪਹਿਲਾਂ ਬਾਬਾ ਸਾਹਿਬ ਦੀ ਤਸਵੀਰ ਤੇ ਆਪੋ-ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਬੇਨਤੀ ਕੀਤੀ।

ਇਸ ਉਪਰੰਤ ਸਕੱਤਰ ਨੇ ਸ੍ਰੀ ਜਸਵਿੰਦਰ ਬੰਗਾ ਨੂੰ ਸੱਦਾ ਦਿੱਤਾ, ਉਹਨਾਂ ਆਪਣੇ ਵੱਲੋਂ ਅਤੇ ਸੁਸਾਇਟੀ ਵੱਲੋਂ ਸਭਨਾਂ ਦਾ ਧੰਨਵਾਦ ਕਰਦਿਆਂ ਜੀ ਆਇਆਂ ਆਖਦਿਆਂ ਬੇਗ਼ਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਆਫ਼ ਸੈਕਰਾਮੈਂਟੋ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਸਭਨਾਂ ਸਮਰਪਿਤ ਮੈਂਬਰਾਂ ਦੇ ਇਸ ਉਦਮ ਨੂੰ ਸਲਾਹੁੰਦਿਆਂ ਉਹਨਾਂ ਦਾ ਵੀ ਧੰਨਵਾਦ ਕੀਤਾ ਅਤੇ ਕਿਹਾ ਕਿ ਇਹਨਾਂ ਨੇ ਬੜੇ ਉਦਮ ਨਾਲ ਇਸ ਸੰਸਥਾ ਨੂੰ ਨਾਨ-ਪ੍ਰਾਫਿਟ ਕਰਾ ਕੇ ਰਜਿਸਟਰਡ ਕਰਵਾਇਆ। ਸ੍ਰੀ ਬੰਗਾ ਨੇ ਸੁਸਾਇਟੀ ਵੱਲੋਂ ਉਲੀਕੇ ਪ੍ਰੋਗਰਾਮਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ- ਬੰਗਾ ਨੇੜੇ ਪੈਂਦੇ ਪਿੰਡ ਪੱਦੀ ਮੱਟਵਾਲੀ ਵਿਖੇ ਸੁਸਾਇਟੀ ਵੱਲੋਂ ਲੜਕੀਆਂ ਲਈ ਇਕ ਸਿਲਾਈ ਸੈਂਟਰ ਖੋਲ੍ਹਿਆ ਜਾ ਰਿਹਾ ਹੈ, ਜਿਸ ਦੀ ਸ਼ੁਰੂਆਤ 15 ਅਗਸਤ ਨੂੰ ਹੋਣ ਜਾ ਰਹੀ ਹੈ, ਉਸ ਸਿਲਾਈ ਸੈਂਟਰ 'ਚ ਲੜਕੀਆਂ ਨੂੰ ਮੁਫ਼ਤ ਸਿਖਲਾਈ ਦਿੱਤੀ ਜਾਵੇਗੀ। ਉਹਨਾਂ, ਉਸ ਇਲਾਕੇ ਨਾਲ ਸਬੰਧਤ ਭੈਣਾਂ-ਭਰਾਵਾਂ ਨੂੰ ਬੇਨਤੀ ਕੀਤੀ ਕਿ ਇਹ ਸੰਦੇਸ਼ ਆਪਣੇ ਜਾਣਕਾਰਾਂ ਨੂੰ ਜ਼ਰੂਰ ਪਹੁੰਚਾਉਣ ਤਾਂ ਕਿ ਜ਼ਰੂਰਤਮੰਦ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਇਸ ਦਾ ਫਾਇਦਾ ਉਠਾ ਸਕਣ।

ਇਸ ਉਪਰੰਤ ਸਮਾਗਮ ਦੇ ਮੁੱਖ ਮਹਿਮਾਨ ਪ੍ਰੋਫੈਸਰ ਐਚ. ਐਲ. ਕਪੂਰ ਜੀ ਨੂੰ ਸੱਦਾ ਦਿੱਤਾ ਗਿਆ, ਜਿਹਨਾਂ ਸਭਨਾਂ ਸਰੋਤਿਆਂ ਨੂੰ ਡਾ. ਅੰਬੇਦਕਰ ਜੀ ਦੇ 124ਵੇਂ ਜਨਮ ਦਿਨ ਮਨਾਏ ਜਾਣ ਤੇ ਵਧਾਈ ਦਿੰਦਿਆਂ ਕਮੇਟੀ ਦਾ ਵੀ ਧੰਨਵਾਦ ਕੀਤਾ, ਜਿਹਨਾਂ ਉਹਨਾਂ ਨੂੰ ਮੁੱਖ ਮਹਿਮਾਨ ਵਜੋਂ ਦੋ ਸ਼ਬਦ ਰੱਖਣ ਦਾ ਮੌਕਾ ਦਿੱਤਾ। ਪ੍ਰੋ. ਕਪੂਰ ਜੀ ਨੇ ਡਾ. ਅੰਬੇਦਕਰ ਜੀ ਦੇ ਜੀਵਨ ਤੇ ਮਿਸ਼ਨ 'ਚ ਉਹਨਾਂ ਨੂੰ ਪੇਸ਼ ਆਈਆਂ ਮੁਸ਼ਕਿਲਾਂ ਦਾ ਵਰਣਨ ਕਰਦਿਆਂ ਕਿਹਾ ਕਿ ਡਾ. ਅੰਬੇਦਕਰ ਜੀ ਨੂੰ ਭਾਰਤ ਦੇ ਸੰਵਿਧਾਨ ਨਿਰਮਾਤਾ ਵਜੋਂ ਜ਼ਿਆਦਾ ਜਾਣਿਆ ਜਾਂਦਾ ਹੈ। ਉਹਨਾਂ ਸੰਵਿਧਾਨਕ ਤਰੀਕੇ ਨਾਲ ਭਾਰਤੀ ਸਮਾਜ 'ਚ ਪਰਿਵਰਤਨ ਲਿਆਂਦਾ। ਉਹਨਾਂ ਕਿਹਾ ਕਿ ਡਾ. ਅੰਬੇਦਕਰ ਅਮਰੀਕਾ-ਇੰਗਲੈਂਡ ਪੜ੍ਹਨ ਆਏ ਅਤੇ ਸੰਵਿਧਾਨ ਬਣਾਉਣ ਵਕਤ ਦੁਨੀਆਂ ਭਰ ਦੇ ਸੰਵਿਧਾਨ ਪੜ੍ਹੇ ਅਤੇ ਭਾਰਤ ਨੂੰ ਇਕ ਵਧੀਆ ਸੰਵਿਧਾਨ ਦਿੱਤਾ।

ਇਹੀ ਵਜ੍ਹਾ ਹੈ ਕਿ ਇੰਗਲੈਂਡ ਵਿਚ ਅੱਜ ਵੀ 'ਮੈਗਨਾ ਕਾਰਟਾ' ਦੇ ਅਧੀਨ ਜੋ ਵਿਸ਼ੇਸ਼ ਅਧਿਕਾਰ ਮਹਾਰਾਣੀ ਜਾਂ ਰਾਜੇ ਕੋਲ ਹਨ ਤੇ ਕੁਝ ਸੀਮਤ ਅਧਿਕਾਰ ਲੋਕਾਂ ਦੁਆਰਾ ਚੁਣੀ ਗਈ ਸਰਕਾਰ ਕੋਲ ਹੁੰਦੇ ਹਨ। ਜਦਕਿ ਭਾਰਤ ਵਿਚ ਲੋਕਾਂ ਦੁਆਰਾ ਚੁਣੀ ਗਈ ਸਰਕਾਰ ਕੋਲ ਪੂਰੇ ਅਧਿਕਾਰ ਹੁੰਦੇ ਹਨ ਪਰ ਰਾਸ਼ਟਰਪਤੀ ਕੋਲ ਨਾਮਾਤਰ ਅਧਿਕਾਰ ਹੀ ਹਨ। ਅਜਿਹਾ ਇੰਗਲੈਂਡ ਵਿਚ ਨਹੀਂ ਹੈ।

ਪ੍ਰੋ. ਕਪੂਰ ਨੇ ਡਾ. ਅੰਬੇਦਕਰ ਦੀ ਉੱਚ ਵਿੱਦਿਆ, ਲਿਆਕਤ ਤੇ ਸੰਘਰਸ਼ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਦੀ ਪੜ੍ਹਾਈ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ। ਇਸ ਦੇ ਨਾਲ ਸਾਨੂੰ ਆਪਣੇ ਅਧਿਕਾਰਾਂ ਦੇ ਨਾਲ ਨਾਲ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਰਹਿਣ ਦੀ ਲੋੜ ਹੈ।

ਸਿੱਖ ਇਤਿਹਾਸ 'ਚ ਦੱਬੇ ਕੁਚਲੇ ਵਰਗ ਦੇ ਲੋਕਾਂ ਦੀ ਕੁਰਬਾਨੀ ਦਾ ਵਿਸ਼ੇਸ਼ ਵਰਣਨ ਕਰਦਿਆਂ ਪ੍ਰੋ. ਕਪੂਰ ਜੀ ਨੇ ਕਿਹਾ ਕਿ ਇਸ ਵਰਗ 'ਚੋਂ ਹੀ ਬਹੁਤ ਵੱਡੀ ਗਿਣਤੀ 'ਚ ਲੋਕਾਂ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਦਿੱਤਾ। ਉਹਨਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨਾ ਹੁੰਦੇ ਤਾਂ ਬਹੁਤ ਵੱਡੀ ਗਿਣਤੀ 'ਚ ਲੋਕਾਂ ਦੀ ਸੁੰਨਤ ਹੁੰਦੀ ਅਤੇ ਅੱਲਾ-ਹੂ-ਅੱਲਾ ਕਹਿੰਦੇ ਫਿਰਦੇ।

ਅਖੀਰ 'ਚ ਉਹਨਾਂ ਕਿਹਾ ਅੱਜ ਤੋਂ 600 ਸਾਲ ਤੋਂ ਵੱਧ ਸਮਾਂ ਪਹਿਲਾਂ ਸਤਿਗੁਰੂ ਰਵਿਦਾਸ ਜੀ ਨੇ ਜੋ ਮਾਨਵਵਾਦ ਦਾ ਨਾਅਰਾ ਲਾ ਕੇ ਸਮਾਜਿਕ ਕ੍ਰਾਂਤੀ ਦਾ ਆਗਾਜ਼ ਕੀਤਾ ਸੀ, ਇਹ ਗੁਰੂ ਜੀ ਦੀ ਉਸ ਸਮੇਂ ਦੀ ਮਾਨਵਤਾ ਪ੍ਰਤੀ ਅੰਤਰ ਰਾਸ਼ਟਰਵਾਦੀ ਸੋਚ ਹੈ। ਉਹਨਾਂ ਤੋਂ ਬਾਅਦ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਪੰਦਰਵੀਂ ਸਦੀ 'ਚ ਅਤੇ ਵੀਹਵੀਂ ਸਦੀ 'ਚ ਮਹਾਨ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆਂ ਜੀ ਅਤੇ ਰਾਸ਼ਟਰੀ ਆਗੂ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੇ ਇਸ ਕ੍ਰਾਂਤੀਕਾਰੀ ਵਿਚਾਰਧਾਰਾ ਅਤੇ Educate- Agitate - Organize ਸਿਧਾਂਤ ਨਾਲ ਸਮਾਜਿਕ ਪਰਿਵਰਤਨ ਲਿਆਂਦਾ।






ਇਸ ਉਪਰੰਤ ਸ. ਮਹਿੰਦਰ ਸਿੰਘ ਧਾਮੀ ਜੋ ਇਸ ਸੁਸਾਇਟੀ ਦੇ ਕੋਆਰਡੀਨੇਟਰ ਹਨ, ਬੇਗ਼ਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਆਫ਼ ਸੈਕਰਾਮੈਂਟੋ (ਕੈਲੇਫੋਰਨੀਆ) ਦੇ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਮੈਂ ਕੰਮ ਕਰਨ ਵਿਚ ਵਿਸ਼ਵਾਸ ਰੱਖਦਾ ਹਾਂ ਅਤੇ ਅਸੀਂ ਸਭ ਨੇ ਮਿਲ-ਗਿਲ ਕੇ ਇਸ ਸੰਸਥਾ ਨੂੰ ਕੰਮਾਂ ਦੇ ਆਧਾਰ 'ਤੇ ਬੁਲੰਦੀਆਂ ਤੱਕ ਪਹੁੰਚਾਉਣਾ ਹੈ ਅਤੇ ਸਾਨੂੰ ਆਪ ਸਭ ਦੇ ਸਹਿਯੋਗ ਦੀ ਲੋੜ ਹੈ।

ਅਗਲੇ ਬੁਲਾਰੇ ਸ. ਭਜਨ ਸਿੰਘ ਭਿੰਡਰ ਨੇ ਸਭ ਨੂੰ ਵਧਾਈ ਦਿੰਦਿਆਂ ਕਿਹਾ ਕਿ ਜੋ ਸੱਚ ਦੀ ਆਵਾਜ਼ ਬੁਲੰਦ ਕਰਦਾ ਹੋਇਆ ਹਾਕਮਾਂ ਨੂੰ ਵੰਗਾਰਦਾ ਹੈ, ਉਹ ਉਹਨਾਂ ਦੀ ਨਿਗ੍ਹਾ 'ਚ ਚੜ੍ਹ ਜਾਂਦਾ ਹੈ। ਸਾਨੂੰ ਆਪਣੇ ਇਤਿਹਾਸ ਨੂੰ ਫਿਰ ਤੋਂ ਲਿਖਣ ਦੀ ਜ਼ਰੂਰਤ ਹੈ। ਅਸੀਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਨਹੀਂ ਸਮਝਿਆ, ਨਾ ਹੀ ਅਸੀਂ ਗੁਰੂਆਂ ਦੀ ਸੋਚ ਅਤੇ ਇਤਿਹਾਸ ਨੂੰ ਸਮਝਿਆ, ਜਿਸ ਦੀ ਲੋੜ ਅਤੀ ਹੈ। ਇਸ ਉਪਰੰਤ ਅਮਰ ਦੜੌਚ ਨੇ ਕਿਹਾ ਕਿ ਸਾਨੂੰ ਮਨੂੰਵਾਦ ਨੇ ਅਜਿਹਾ ਵੰਡ ਰੱਖਿਆ ਹੈ ਕਿ ਅਸੀਂ ਆਪਣੀ ਇਕ ਪਹਿਚਾਣ ਨਹੀਂ ਬਣਾ ਸਕੇ। ਡਾ. ਅੰਬੇਦਕਰ ਜੀ ਨੇ ਸਮਾਜਿਕ, ਆਰਥਿਕ, ਰਾਜਨੀਤਿਕ ਤੇ ਧਾਰਮਿਕ ਆਜ਼ਾਦੀ ਲਈ ਸੰਘਰਸ਼ ਕੀਤਾ। ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਦਲਵੀਰ ਨਿੱਜ਼ਰ ਨੇ ਕਿਹਾ ਕਿ ਮੇਰੀ ਜਾਂ ਮੇਰੇ ਪਰਿਵਾਰ ਦੀ ਸੋਚ ਬੇਗਮਪੁਰਾ ਵਾਲੀ ਹੀ ਹੈ। ਮੈਂ ਚਾਹੁੰਦਾ ਹਾਂ ਕਿ ਸਭ ਇੱਕਮਿਕ ਹੋ ਜਾਣ। ਸ੍ਰੀ ਮੋਹਣ ਰਾਮ ਪਾਲ ਨੇ ਆਪਣੇ ਸੁਭਾਅ ਮੁਤਾਬਕ ਬਾਬਾ ਸਾਹਿਬ, ਸਿੱਖ ਇਤਿਹਾਸ ਬਾਰੇ ਆਪਣੇ ਵਿਚਾਰ ਰੱਖੇ। ਇਸ ਉਪਰੰਤ ਡਾ. ਅਮਰੀਕ ਸਿੰਘ ਨੇ ਕਿਹਾ ਕਿ ਸਾਡੇ ਕੋਲ ਸਾਡੇ ਪੁਰਖਿਆਂ ਦਾ ਸੁਨਹਿਰੀ ਇਤਿਹਾਸ ਤਾਂ ਹੈ ਪਰ ਸਾਡਾ ਇਕ ਵਿਚਾਰ ਨਹੀਂ ਹੈ। ਇਹਨਾਂ ਤੋਂ ਬਾਅਦ ਸ੍ਰੀ ਰਮੇਸ਼ ਬੰਗੜ ਨੇ ਆਪਣੇ ਵੱਲੋਂ ਸਭਨਾਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਬਾਬਾ ਸਾਹਿਬ ਦੇ ਵਿਚਾਰਾਂ ਤੇ ਅਮਲ ਕਰਨ ਦੀ ਜ਼ਰੂਰਤ ਹੈ।

ਜੀਵਨ ਰੱਤੂ ਨੇ ਡਾ. ਅੰਬੇਦਕਰ ਸਬੰਧਤ ਜਸਵੰਤ ਸ਼ੀਂਹਮਾਰ ਦਾ ਲਿਖਿਆ ਗੀਤ ਗਾਇਆ ਅਤੇ ਰਾਜ ਸੂਦ ਨੇ ਸੰਤ ਰਾਮ ਉਦਾਸੀ ਦਾ ਬਹੁ-ਚਰਚਿਤ ਗੀਤ 'ਮਾਂ ਧਰਤੀਏ ਤੇਰੀ ਗੋਦ ਨੂੰ ਚੰਦ ਹੋਰ ਬਥੇਰੇ, ਮਘਦਾ ਰਹੀ ਵੇ ਸੂਰਜਾ ਕੰਮੀਆਂ ਦੇ ਵੇਹੜੇ' ਗਾ ਕੇ ਰੰਗ ਬੰਨ੍ਹਿਆ।

ਅੱਜ ਦੇ ਇਸ ਸਮਾਗਮ 'ਚ ਦੀਪਕ ਸੂਦ ਅਤੇ ਮਿਸਟਰ ਪੀਟਰ ਨੇ ਬਾਬਾ ਸਾਹਿਬ ਪ੍ਰਤੀ ਆਪੋ-ਆਪਣੇ ਵਿਚਾਰ ਅੰਗਰੇਜ਼ੀ 'ਚ ਸਾਂਝੇ ਕੀਤੇ ਅਤੇ ਇਸ ਤੋਂ ਪਹਿਲਾਂ ਸੋਨੂੰ ਅੰਬੇਦਕਰ ਨੇ ਆਪਣੇ ਬੜੇ ਹੀ ਦੁਖੀ ਹਿਰਦੇ ਨਾਲ ਕਿਹਾ ਕਿ ਸਟੇਜ ਤੋਂ ਜੋ ਬਾਹਰ-ਬਾਹਰ ਹਿੰਦੋਸਤਾਨ ਸ਼ਬਦ ਆ ਰਿਹਾ ਹੈ, ਮੈਨੂੰ ਬੜਾ ਬੇਚੈਨ ਕਰਦਾ ਹੈ, ਜਦਕਿ ਸਾਡੇ ਦੇਸ਼ ਦਾ ਨਾਂ ਭਾਰਤ ਹੈ ਨਾ ਕਿ ਹਿੰਦੋਸਤਾਨ।

ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਹਫਤਾਵਾਰੀ ਅਖਬਾਰਾਂ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਸਭ ਨੂੰ ਬਾਬਾ ਸਾਹਿਬ ਜੀ ਦੇ 124ਵੇਂ ਜਨਮ ਦਿਨ ਮਨਾਏ ਜਾਣ ਦੀ ਵਧਾਈ ਦਿੰਦਿਆਂ ਕਿਹਾ ਕਿ ਸਤਿਗੁਰੂ ਰਵਿਦਾਸ ਜੀ ਨੇ ਜੋ ਕ੍ਰਾਂਤੀਕਾਰੀ ਵਿਚਾਰ ਅੱਜ ਤੋਂ ਕੋਈ 600 ਸਾਲ ਤੋਂ ਵੱਧ ਸਮਾਂ ਪਹਿਲਾਂ 'ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੇ ਸਭਨ ਕੋ ਅੰਨ। ਛੋਟ ਬੜੇ ਸਭ ਸਮ ਵਸੇ, ਰਵਿਦਾਸ ਰਹੇ ਪ੍ਰਸੰਨ: ਸ਼ਬਦ ਰਾਹੀਂ ਜੋ ਸਮਾਜਵਾਦ ਦਾ ਪੈਗਾਮ ਦਿੱਤਾ ਸੀ, ਉਸ ਨੂੰ ਬਾਬਾ ਸਾਹਿਬ ਡਾ. ਅੰਬੇਦਕਰ ਜੀ ਨੇ ਅਮਲੀ ਰੂਪ 'ਚ ਲਿਆਉਣ ਲਈ ਜ਼ਿੰਦਗੀ ਭਰ ਸੰਘਰਸ਼ ਕੀਤਾ। ਉਹਨਾਂ 19 ਜੁਲਾਈ ਦੀ ਮਹੱਤਤਾ ਬਾਰੇ ਵੀ ਚਾਨਣਾ ਪਾਇਆ।

ਅੱਜ ਦੇ ਇਸ ਸਮਾਗਮ ਦੌਰਾਨ ਬੇਗ਼ਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਆਫ਼ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਮੁੱਖ ਮਹਿਮਾਨ ਵਜੋਂ ਪਧਾਰੇ ਪ੍ਰੋ. ਐਚ. ਐਲ. ਕਪੂਰ ਜੀ ਨੂੰ ਫੁੱਲਾਂ ਦਾ ਗੁਲਦਸਤਾ ਅਤੇ ਪਲੈਕ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਬੇਗ਼ਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਆਫ਼ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਹਰ ਸਾਲ ਇੱਕੋ ਇਕ ਵਿਸ਼ੇਸ਼ ਸਨਮਾਨ ਦਿੱਤਾ ਜਾਂਦਾ ਹੈ, ਜੋ ਇਸ ਵਾਰ ਹਫਤਾਵਾਰੀ ਅਖਬਾਰਾਂ "ਅੰਬੇਦਕਰ ਟਾਈਮਜ਼' (ਇੰਗਲਿਸ਼) ਅਤੇ 'ਦੇਸ਼ ਦੁਆਬਾ' (ਪੰਜਾਬੀ) ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਨੂੰ ਬੜੇ ਅਦਬ ਨਾਲ ਵਿਸ਼ੇਸ਼ ਸਨਮਾਨ ਦਿੱਤਾ ਗਿਆ।

ਉਹਨਾਂ ਦਾ ਵਿਸ਼ੇਸ਼ ਸਨਮਾਨ ਬੇਗ਼ਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਆਫ਼ ਸੈਕਰਾਮੈਂਟੋ (ਕੈਲੇਫੋਰਨੀਆ) ਦੇ ਪ੍ਰਬੰਧਕਾਂ ਨੇ ਫੁੱਲਾਂ ਦਾ ਗੁਲਦਸਤਾ ਅਤੇ ਵਿਸ਼ੇਸ਼ ਪਲੈਕ ਨਾਲ ਕਮਿਊਨਿਟੀ ਦੇ ਨੌਜਵਾਨ ਸਰਗਰਮ ਆਗੂ ਸ੍ਰੀ ਇੰਦਰਜੀਤ ਪਡਵੱਗਾ ਅਤੇ ਗਿਆਨੀ ਸੰਤ ਸਿੰਘ ਪਾਰਸ ਜੀ ਰਾਹੀਂ ਸਨਮਾਨ ਕੀਤਾ। ਇਸ ਵਿਸ਼ੇਸ਼ ਸਨਮਾਨ ਦੀ ਖੁਸ਼ੀ 'ਚ ਸਭ ਨੇ ਸਵਾਗਤ ਕੀਤਾ।

ਸਟੇਜ ਦੀ ਸੇਵਾ ਨਿਭਾਅ ਰਹੇ ਸਕੱਤਰ ਅਤੇ ਸ਼ਾਇਰ ਸ੍ਰੀ ਜਸਵੰਤ 'ਜੱਸੀ' ਸ਼ੀਂਹਮਾਰ ਜੀ ਨੇ ਕਿਹਾ ਕਿ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਕਾਫੀ ਲੰਮੇ ਅਰਸੇ ਤੋਂ ਦਲੇਰਾਨਾ ਅਤੇ ਨਿਡਰਤਾ ਦੇ ਨਾਲ ਨਿਰਪੱਖ ਪੱਤਰਕਾਰੀ ਕਰਦੇ ਆ ਰਹੇ ਹਨ ਅਤੇ ਅੰਬੇਦਕਰ ਦੀ ਵਿਚਾਰਧਾਰਾ ਤੇ ਚੱਲਣ ਵਾਲੀ ਸੋਚ ਨੂੰ ਪ੍ਰਣਾਏ ਹੋਏ ਹਨ।

ਸ੍ਰੀ ਸ਼ੀਂਹਮਾਰ ਤੋਂ ਇਲਾਵਾ ਸੁਸਾਇਟੀ ਦੇ ਸੀ. ਈ. ਓ. ਅਤੇ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੋਫਰਨੀਆ) ਦੇ ਚੇਅਰਮੈਨ ਸ੍ਰੀ ਜਸਵਿੰਦਰ ਬੰਗਾ ਨੇ ਕਿਹਾ ਕਿ ਬੇਗ਼ਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਆਫ਼ ਸੈਕਰਾਮੈਂਟੋ ਵੱਲੋਂ ਹਰ ਸਾਲ ਉਸ ਸ਼ਖਸੀਅਤ ਨੂੰ ਵਿਸ਼ੇਸ਼ ਐਵਾਰਡ ਨਾਲ ਸਨਮਾਨਿਤ ਕੀਤਾ ਜਾਂਦਾ ਹੈ ਜੋ ਸਮਾਜ 'ਚ ਵਧੀਆ ਕਾਰਗੁਜ਼ਾਰੀ ਕਰਦਾ ਹੈ। ਇਸ ਵਾਰ ਸੁਸਾਇਟੀ ਨੇ ਅਦਾਰਾ 'ਅੰਬੇਦਕਰ ਟਾਇਮਜ਼' ਅਤੇ 'ਦੇਸ਼ ਦੁਆਬਾ' ਹਫਤਾਵਾਰੀ ਅਖਬਾਰਾਂ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਨੂੰ ਚੁਣਿਆ ਗਿਆ ਹੈ ਤੇ ਅੱਜ ਉਹਨਾਂ ਦਾ ਵਿਸ਼ੇਸ਼ ਸਨਮਾਨ ਕਰ ਰਹੇ ਹਾਂ ਜੋ ਬਾਬਾ ਸਾਹਿਬ ਡਾ. ਅੰਬੇਦਕਰ ਦੀ ਵਿਚਾਰਧਾਰਾ ਨੂੰ ਫੈਲਾਅ ਰਹੇ ਹਨ। ਮੈਂ ਆਪਣੇ ਵੱਲੋਂ ਅਤੇ ਸੁਸਾਇਟੀ ਵੱਲੋਂ ਸ੍ਰੀ ਚੁੰਬਰ ਜੀ ਨੂੰ ਲੱਖ-ਲੱਖ ਵਧਾਈ ਦਿੰਦਾ ਹਾਂ।

ਅੱਜ ਦੇ ਇਸ ਵਿਸ਼ੇਸ਼ ਸਮਾਗਮ ਦੌਰਾਨ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਪ੍ਰਧਾਨ ਸ੍ਰੀ ਜੋਗਿੰਦਰ ਚੁੰਬਰ ਨੇ ਪੰਜ ਹਜ਼ਾਰ ਡਾਲਰ ਅਤੇ ਚੇਅਰਮੈਨ ਸ੍ਰੀ ਜਸਵਿੰਦਰ ਬੰਗਾ ਨੇ ਇੱਕੀ ਸੌ ਡਾਲਰ ਸੁਸਾਇਟੀ ਨੂੰ ਦਿੱਤੇ ਅਤੇ ਇਸ ਦੇ ਨਾਲ ਹੀ ਭਾਰਤ ਤੋਂ ਆਇਆ ਗੋਲਡਨ ਢਾਡੀ ਜਥਾ ਗਿਆਨੀ ਸੰਤ ਸਿੰਘ ਪਾਰਸ ਨੇ ਜੋ ਧਾਰਮਿਕ ਅਤੇ ਡਾ. ਅੰਬੇਦਕਰ ਜੀ ਦਾ ਗੀਤ (ਜੋ ਰਮੇਸ਼ ਬੰਗੜ ਜੀ ਨੇ ਲਿਖਿਆ) ਗਾ ਕੇ ਸਭ ਦਾ ਦਿਲ ਜਿੱਤਿਆ ਅਤੇ ਇਸ ਮੌਕੇ ਉਹਨਾਂ ਨੂੰ ਜੋ ਮਾਇਆ ਇਕੱਤਰ ਹੋਈ, ਉਹਨਾਂ ਨੇ ਸੁਸਾਇਟੀ ਨੂੰ ਭੇਂਟ ਕਰ ਦਿੱਤੀ।

ਇਸ ਵਿਸ਼ੇਸ਼ ਸਮਾਗਮ ਨੂੰ ਵਧੀਆ ਢੰਗ ਨਾਲ ਨੇਪਰੇ ਚਾੜ੍ਹਨ 'ਚ ਸਭਾ ਦੇ ਅਣਥੱਕ ਅਤੇ ਸਮਰਪਿਤ ਮੈਂਬਰਾਂ ਸਰਵ ਸ੍ਰੀ ਮਹਿੰਦਰ ਸਿੰਘ ਧਾਮੀ, ਜੋਗਿੰਦਰ ਚੁੰਬਰ, ਜਸਵਿੰਦਰ ਬੰਗਾ, ਇੰਦਰਜੀਤ ਪਡਵੱਗਾ, ਜਸਵੰਤ ਸ਼ੀਂਹਮਾਰ, ਬਲਵਿੰਦਰ ਰੱਲ੍ਹ, ਰਾਜ ਬੱਧਣ, ਦਰਸ਼ਨ ਵਿਰਕ, ਕਰਨੈਲ ਵਿਰਕ (ਵਿਰਕ ਬ੍ਰਦਰਜ਼), ਰਮੇਸ਼ ਬੰਗੜ, ਰਾਜ ਸੂਦ, ਮਨਜੀਤ ਪਾਲ ਆਦਿ ਸਾਥੀਆਂ ਨੇ ਸਲਾਹੁਣਯੋਗ ਸਾਥ ਨਿਭਾਇਆ।

ਇਸ ਸਮਾਗਮ 'ਚ ਸ੍ਰੀ ਗੁਰੂ ਰਵਿਦਾਸ ਕਿਡਜ਼ ਸਭਾ ਜੋ ਬਹੁਤ ਹੀ ਹੋਣਹਾਰ ਨੌਜਵਾਨ ਬੱਚਿਆਂ ਦੀ ਸੰਸਥਾ ਹੈ, ਨੇ ਆਪਣੀ ਭਰਪੂਰ ਹਾਜ਼ਰੀ ਭਰਦਿਆਂ ਫੋਟੋਗ੍ਰਾਫੀ ਕੀਤੀ ਅਤੇ ਆਪਣੀ ਅਤੇ ਹੋਰ ਫੇਸਬੁਕ ਅਕਾਊਂਟ ਤੋਂ ਇਲਾਵਾ 'ਦੇਸ਼ ਦੁਆਬਾ' ਦੀ ਫੇਸਬੁਕ ਨਾਲ ਸਮਾਗਮ ਦੀਆਂ ਤਸਵੀਰਾਂ ਸਾਂਝੀਆਂ ਕਰਕੇ ਦੁਨੀਆਂ ਭਰ 'ਚ ਸਮਾਗਮ ਦੀ ਝਲਕ ਨੂੰ ਦਰਸਾ ਕੇ ਵਿਸ਼ੇਸ਼ ਉਦਮ ਕੀਤਾ, ਜਿਸ ਲਈ ਉਹਨਾਂ ਦਾ ਸਭ ਨੇ ਸਵਾਗਤ ਕੀਤਾ।

ਇਸ ਸਮੇਂ ਗਲੋਬਲ ਪੰਜਾਬ ਟੀ. ਵੀ. ਵੱਲੋਂ ਸ੍ਰੀ ਜਗਦੇਵ ਸਿੰਘ ਭੰਡਾਲ ਨੇ ਵਧੀਆ ਕਵਰੇਜ਼ ਕੀਤੀ। ਰੋਜ਼ਾਨਾ ਅਜੀਤ ਜਲੰਧਰ ਦੇ ਵਿਸ਼ੇਸ਼ ਪੱਤਰਕਾਰ ਸ੍ਰੀ ਹੁਸਨ ਲੜੋਆ ਬੰਗਾ ਅਤੇ ਸ੍ਰੀ ਸੂਰਾਪੁਰੀ ਤੋਂ ਇਲਾਵਾ 'ਦੇਸ਼ ਦੁਆਬਾ' ਵੱਲੋਂ ਸਮਾਗਮ ਦੀ ਕਵਰੇਜ ਕੀਤੀ ਗਈ। ਸਮਾਗਮ 'ਚ ਬਹੁਤ ਨਾਮਵਰ ਸ਼ਖਸੀਅਤਾਂ ਨੇ ਹਾਜ਼ਰੀ ਭਰੀ। ਇੱਥੇ ਇਹ ਵਰਣਨਯੋਗ ਹੈ ਕਿ ਹਾਲ ਵਿਚ ਔਰਤਾਂ ਅਤੇ ਮਰਦਾਂ ਦੀ ਗਿਣਤੀ 'ਚ 19-21 ਦਾ ਫਰਕ ਸੀ, ਭਾਵ ਮਰਦਾਂ ਦੇ ਮੁਕਾਬਲੇ ਔਰਤਾਂ ਆਪਣੇ ਬੱਚੇ-ਬੱਚੀਆਂ ਨੂੰ ਅਜਿਹੇ ਵਿਸ਼ੇਸ਼ ਸਮਾਗਮਾਂ 'ਚ ਹਾਜ਼ਰੀ ਲਗਵਾ ਕੇ ਆਪਣੀ ਹੋਂਦ ਦੀ ਦਾਅਵੇਦਾਰੀ ਤੇ ਜਾਗਰੂਕਤਾ ਪ੍ਰਤੀਕ ਬਣਨ ਨਾਲ ਫਖਰ ਮਹਿਸੂਸ ਕਰ ਰਹੀਆਂ ਹਨ ਜੋ ਕਿ ਇਸ ਸਮਾਜ ਦਾ ਸ਼ੁਭ ਪ੍ਰਤੀਕ ਸਮਝਿਆ ਜਾਣਾ ਚਾਹੀਦਾ ਹੈ। ਸ੍ਰੀ ਮਨਜੀਤ ਰੱਲ੍ਹ ਨੇ ਸਾਊਂਡ ਦੀ ਸੁਚੱਜੀ ਸੇਵਾ ਦਾ ਜੱਸ ਖੱਟਿਆ। ਸਟੇਜ ਸਕੱਤਰ ਸ੍ਰੀ ਜਸਵੰਤ ਸ਼ੀਂਹਮਾਰ ਨੇ ਬਹੁਤ ਅੱਛੇ ਢੰਗ ਨਾਲ ਆਪਣੀ ਸੇਵਾ ਨੂੰ ਅੰਜਾਮ ਦਿੱਤਾ। ਅਖੀਰ ਉਹਨਾਂ ਸਭ ਨੂੰ ਇਕ ਵਾਰ ਫਿਰ ਵਧਾਈ ਦਿੰਦਿਆਂ ਸਭ ਦਾ ਧੰਨਵਾਦ ਕੀਤਾ ਤੇ ਇਸ ਦੌਰਾਨ ਸਭਾ ਵੱਲੋਂ ਚਾਹ, ਪਾਣੀ, ਠੰਢੇ ਤੇ ਅਤੁੱਟ ਲੰਗਰ ਵਰਤਾਏ ਗਏ।



ਦੇਸ਼ ਦੁਆਬਾ

# ਡਾ. ਕਲਾਮ ਨੂੰ ਸਲਾਮ

ਇੰਤਜ਼ਾਰ ਕਰਨ ਵਾਲਿਆਂ ਨੂੰ ਸਿਰਫ ਉਨਾ ਹੀ ਮਿਲਦਾ ਹੈ, ਜਿੰਨਾ ਕੋਸ਼ਿਸ਼ ਕਰਨ ਵਾਲੇ ਛੱਡ ਦਿੰਦੇ ਹਨ। ਜਾਤ-ਪਾਤ ਭਾਰਤ ਦੀ ਸਭ ਤੋਂ ਵੱਡੀ ਸਮਾਜਿਕ ਬੁਰਾਈ ਅਤੇ ਪੱਛੜੇਪਣ ਦਾ ਕਾਰਨ ਹੈ। ਭਵਿੱਖ ਨੂੰ ਸੰਵਾਰਨਾ ਹੈ ਤਾਂ ਪਹਿਲਾਂ ਵਰਤਮਾਨ ਸੰਵਾਰੋ। ਇਹ ਵਿਚਾਰ ਹਨ ਭਾਰਤ ਦੇ ਮਹਾਨ ਸਪੂਤ ਡਾ. ਏ. ਪੀ. ਜੇ. ਅਬਦੁਲ ਕਲਾਮ ਦੇ, ਜਿਹਨਾਂ ਨੇ ਗਰੀਬੀ ਦੀਆਂ ਤੰਗ-ਗਲੀਆਂ, ਹਨੇਰਮਈ ਵਾਤਾਵਰਣ ਵਿਚਕਾਰ ਵੀ ਰੌਸ਼ਨੀ ਦੀ ਮਸ਼ਾਲ ਜਗਾਈ। ਤਾਮਿਲਨਾਡੂ ਦੇ ਇਕ ਪਿੰਡ ਵਿਚ ਪੈਦਾ ਹੋ ਕੇ ਡਾ. ਕਲਾਮ ਨੇ ਮੁਸ਼ਕਿਲ ਹਾਲਾਤਾਂ ਦੇ ਬਾਵਜੂਦ ਸਿੱਖਿਆ ਪ੍ਰਾਪਤ ਕੀਤੀ। ਹਮੇਸ਼ਾ ਪੜ੍ਹਾਈ-ਲਿਖਾਈ ਨੂੰ ਅਹਿਮੀਅਤ ਦੇਣ ਵਾਲੇ ਡਾ. ਕਲਾਮ ਆਖਰੀ ਦਮ ਤੱਕ ਸਿੱਖਿਆ ਨਾਲ ਜੁੜੇ ਰਹੇ। ਆਖਰੀ ਵਕਤ ਵੀ ਜਦੋਂ ਸ਼ਿਲਾਂਗ ਵਿਚ ਉਹਨਾਂ ਨੂੰ ਦਿਲ ਦਾ ਦੌਰਾ ਪਿਆ ਤਾਂ ਉਹ ਵਿਦਿਆਰਥੀਆਂ ਨੂੰ ਪੜ੍ਹਾ ਰਹੇ ਸਨ। ਡਾ. ਕਲਾਮ ਇਕ ਅਜਿਹੀ ਸ਼ਖਸੀਅਤ ਹਨ, ਜਿਹਨਾਂ ਨੇ ਭਾਰਤ ਦੇ ਸਿਆਸਤਦਾਨਾਂ ਨੂੰ ਸ਼ੀਸ਼ਾ ਦਿਖਾਇਆ, ਸਮਾਜ ਪ੍ਰਤੀ ਜ਼ਿੰਮੇਵਾਰੀ ਨੂੰ ਸਮਝਾਇਆ ਅਤੇ ਇਕ ਖਾਸ ਆਦਮੀ ਅਤੇ ਆਮ ਆਦਮੀ ਵਿਚਕਾਰ ਕੋਈ ਅੰਤਰ ਨਾ ਹੋਣ ਦਾ ਸਬਕ ਪੜ੍ਹਾਇਆ।

ਡਾ. ਕਲਾਮ ਦਾ ਜਨਮ 15 ਅਕਤੂਬਰ 1931 ਨੂੰ ਧਨੁਸ਼ਕੋਡੀ ਪਿੰਡ (ਰਾਮੇਸ਼ਵਰਮ, ਤਾਮਿਲਨਾਡੂ) ਵਿਚ ਇਕ ਮੱਧ ਵਰਗੀ ਮੁਸਲਿਮ ਪਰਿਵਾਰ ਵਿਚ ਜਨਮ ਹੋਇਆ। ਇਹਨਾਂ ਦੇ ਪਿਤਾ ਜੈਨੂਲਾਬਦੀਨ ਨਾ ਤਾਂ ਜ਼ਿਆਦਾ ਪੜ੍ਹੇ-ਲਿਖੇ ਸਨ, ਨਾ ਹੀ ਪੈਸੇ ਵਾਲੇ ਸਨ। ਇਹਨਾਂ ਦੇ ਪਿਤਾ ਮਛੇਰਿਆਂ ਨੂੰ ਕਿਸ਼ਤੀ ਕਿਰਾਏ ਤੇ ਦਿਆ ਕਰਦੇ ਸਨ। ਕਿਹਾ ਜਾਂਦਾ ਹੈ ਕਿ ਉਹਨਾਂ ਦਾ ਪੜ੍ਹਾਈ ਦੇ ਪ੍ਰਤੀ ਇੰਨਾ ਲਗਾਅ ਸੀ ਕਿ ਉਹ ਰੋਜ਼ਾਨਾ ਸਵੇਰੇ ਚਾਰ ਵਜੇ ਉਠ ਕੇ ਮੈਥ ਪੜ੍ਹਦੇ ਸਨ। ਪੜ੍ਹਾਈ ਹੋਣ ਤੋਂ ਬਾਅਦ ਹੀ ਉਹ ਆਪਣੇ ਪਿਤਾ ਦੇ ਨਾਲ ਨਮਾਜ ਪੜ੍ਹਦੇ। ਘਰ ਵਿਚ ਬਿਜਲੀ ਦਾ ਪ੍ਰਬੰਧ ਨਹੀਂ ਸੀ, ਇਸ ਕਰਕੇ ਸਟ੍ਰੀਟ ਲਾਈਟ ਦੇ ਖੰਭਿਆਂ ਹੇਠਾਂ ਜਾ ਕੇ ਪੜ੍ਹਦੇ, ਘਰੇ ਦੀਵੇ ਹੇਠਾਂ ਪੜ੍ਹਦੇ। ਪੜ੍ਹਾਈ ਪ੍ਰਤੀ ਉਹਨਾਂ ਦਾ ਲਗਾਅ ਆਖਰੀ ਦਮ ਤੱਕ ਨਹੀਂ ਟੁੱਟਿਆ। ਡਾ. ਕਲਾਮ ਨੇ ਏਅਰਨਾਟੀਕਲ ਦੀ ਇੰਜੀਨੀਅਰਿੰਗ ਕੀਤੀ ਅਤੇ ਆਪਣਾ ਕੈਰੀਅਰ ਇਕ ਇੰਜੀਨੀਅਰ ਵਜੋਂ ਆਰੰਭ ਕੀਤਾ। ਉਹ ਭਾਰਤ ਦੀ ਰੱਖਿਆ ਲਈ ਸਾਜ਼ੋ-ਸਮਾਨ ਅਤੇ ਹਥਿਆਰ ਬਣਾਉਣ ਵਾਲੀ ਸੰਸਥਾ ਡੀ. ਆਰ. ਡੀ. ਓ. ਦੇ ਮੁਖੀ ਰਹੇ। ਭਾਰਤ ਦੀ ਪੁਲਾੜ ਸੰਸਥਾ ਇਸਰੋ ਦੇ ਮੁਖੀ ਰਹੇ। ਉਹਨਾਂ ਨੇ ਭਾਰਤ ਨੂੰ ਪਹਿਲੀ ਵਾਰ ਘਰ ਵਿਚ ਬਣੀ ਮਿਜ਼ਾਇਲ ਦਿੱਤੀ, ਪਰਮਾਣੂ ਤਜਰਬਿਆਂ ਵਿਚ ਵੀ ਉਹਨਾਂ ਦੀ ਅਹਿਮ ਭੂਮਿਕਾ ਰਹੀ ਅਤੇ ਪੂਰੀ ਦੁਨੀਆਂ ਨੂੰ ਪਤਾ ਨਹੀਂ ਲੱਗਣ ਦਿੱਤਾ ਕਿ ਭਾਰਤ ਕੀ ਕਰਨ ਜਾ ਰਿਹਾ ਹੈ। ਭਾਰਤ ਨੂੰ ਬਲਾਸਟਿਕ ਮਿਜ਼ਾਇਲ ਅਤੇ ਲਾਂਚਿੰਗ ਤਕਨੀਕ ਵਿਚ ਆਤਮ ਨਿਰਭਰ ਬਣਾਉਣ ਦੇ ਕਾਰਨ ਹੀ ਡਾ. ਕਲਾਮ ਦਾ ਨਾਂ ਮਿਜ਼ਾਇਲ ਮੈਨ ਪਿਆ। 1982 ਵਿਚ ਕਲਾਮ ਨੂੰ ਡੀ. ਆਰ. ਡੀ. ਓ. ਦਾ ਡਾਇਰੈਕਟਰ ਬਣਾਇਆ ਗਿਆ, ਇਸ ਤੋਂ ਬਾਅਦ ਉਹ ਰੱਖਿਆ ਮੰਤਰੀ ਦੇ ਵਿਗਿਆਨਕ ਸਲਾਹਕਾਰ ਡਾ. ਵੀ. ਐਸ. ਅਰੁਣਾਚਲਮ ਦੇ ਨਾਲ ਇੰਟੀਗ੍ਰੇਟਡ ਗਾਈਡਡ ਮਿਜ਼ਾਇਲ ਡਿਵੈਲਪਮੈਂਟ ਪ੍ਰੋਗਰਾਮ ਦੇ ਪ੍ਰਸਤਾਵ ਤਿਆਰ ਕਰਨ ਵਿਚ ਜੁਟੇ ਰਹੇ। ਇਸ ਦੀ ਬਦੌਲਤ ਹੀ ਭਾਰਤ ਨੇ ਆਪਣੀਆਂ ਕਈ ਮਿਜ਼ਾਇਲਾਂ ਬਣਾਈਆਂ ਹਨ।

ਇੰਨਾ ਹੀ ਨਹੀਂ ਉਹ ਬਹੁਤ ਵੱਡੇ ਵਿਦਵਾਨ ਅਤੇ ਮਨੁੱਖੀ ਅਧਿਕਾਰਾਂ ਦੇ ਪ੍ਰਬੱਲ ਵਕਤਾ ਰਹੇ ਹਨ। ਡਾ. ਕਲਾਮ ਨੇ ਰਾਸ਼ਟਰਪਤੀ ਦੇ ਅਹੁਦੇ ਤੇ ਹੁੰਦਿਆਂ ਭਾਰਤ ਵਿਚ ਮੌਤ ਦੀ ਸਜ਼ਾ ਨੂੰ ਖਤਮ ਕਰਨ ਦੀ ਮੰਗ ਕੀਤੀ। ਉਹਨਾਂ ਨੇ ਹਰ ਬੱਚੇ ਦੇ ਲਈ ਸਿੱਖਿਆ ਲਾਜ਼ਮੀ ਕਰਨ ਦੀ ਵਕਾਲਤ ਕੀਤੀ। ਡਾ. ਕਲਾਮ ਨੇ ਹਥਿਆਰਾਂ ਨੂੰ ਸ਼ਾਂਤੀ ਲਈ ਇਸਤੇਮਾਲ ਕਰਨ ਦੀ ਪ੍ਰੇਰਨਾ ਦਿੱਤੀ। ਉਹ ਦੁਨੀਆਂ ਦੇ ਕੁਝ ਹੀ ਗਿਣੇ-ਚੁਣੇ ਰਾਸ਼ਟਰਪਤੀਆਂ ਵਿਚੋਂ ਇਕ ਸਨ, ਜਿਹੜੇ ਪ੍ਰੋਫੈਸ਼ਨਲ ਮਾਹਿਰ ਸਨ। ਅਟਲ ਬਿਹਾਰੀ ਵਾਪਜਾਈ ਦੀ ਸਰਕਾਰ ਵੇਲੇ ਭਾਰਤ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਉਹਨਾਂ ਨੇ ਰਾਸ਼ਟਰ ਨੂੰ ਕਈ ਮਾਮਲਿਆਂ ਵਿਚ ਰਾਹ ਦਿਖਾਇਆ। ਡਾ. ਕਲਾਮ ਅਜਿਹੇ ਵਿਦਵਾਨ ਸਨ, ਜਿਹੜੇ ਕਦੀ ਵੀ ਕਿਸੇ ਸਿਆਸੀ ਅਹੁਦੇ ਵੱਲ ਆਕਰਸ਼ਿਤ ਨਹੀਂ ਹੋਏ। ਵਿਦਿਆਰਥੀਆਂ ਅਤੇ ਬੱਚਿਆਂ ਨੂੰ ਪੜ੍ਹਾਉਣਾ ਉਹਨਾਂ ਦੀ ਸਭ ਤੋਂ ਪਹਿਲੀ ਚੋਣ ਹੁੰਦੀ ਸੀ। ਰਾਸ਼ਟਰਪਤੀ ਦੇ ਅਹੁਦੇ ਤੇ ਹੁੰਦਿਆਂ ਵੀ ਉਹ ਭਾਰਤ ਦੀਆਂ ਯੂਨੀਵਰਸਿਟੀਆਂ ਵਿਚ ਜਾ ਕੇ ਤਕਨੀਕੀ ਸਿੱਖਿਆ ਤੇ ਲੈਕਚਰ ਦਿਆ ਕਰਦੇ ਸਨ, ਵਿਦਿਆਰਥੀਆਂ ਦੀਆਂ ਕਲਾਸਾਂ ਲਿਆ ਕਰਦੇ ਸਨ। ਉਹ ਕਿਤਾਬਾਂ ਨੂੰ ਸਭ ਧਰਮਾਂ, ਸੰਪਰਦਾਇਆਂ ਤੋਂ ਜ਼ਿਆਦਾ ਪਿਆਰ ਕਰਨ ਲਈ ਕਹਿੰਦੇ ਸਨ। ਭਾਰਤ ਦੇ ਇਸ ਮਹਾਨ ਸਪੂਤ ਨੇ ਹਰ ਉਸ ਬੁਰਾਈ ਦੇ ਵਿਰੁੱਧ ਆਵਾਜ਼ ਉਠਾਈ, ਜਿਹੜੀ ਭਾਰਤ ਨੂੰ ਖੋਖਲਾ ਕਰ ਰਹੀ ਹੈ। ਅੱਜ ਉਹ ਸਾਡੇ ਵਿਚ ਨਹੀਂ ਪਰ ਉਹਨਾਂ ਦਾ ਜੀਵਨ ਸੰਸਾਰ ਦੇ ਹਰ ਵਿਅਕਤੀ ਲਈ ਇਕ ਪ੍ਰੇਰਨਾ ਹੈ। ਅਦਾਰਾ 'ਦੇਸ਼ ਦੁਆਬਾ' ਡਾ. ਕਲਾਮ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰਦਾ ਹੈ।

# ਭਾਜਪਾ ਦੇ ਰਾਜ ਵਿਚ 'ਦਲਿਤਾਂ' ਤੇ ਅੱਤਿਆਚਾਰ

ਆਜ਼ਾਦੀ ਦੇ 68 ਸਾਲਾਂ ਬਾਅਦ ਵੀ ਦੇਸ਼ 'ਚ ਅਮੀਰ-ਗਰੀਬ, ਉਚ-ਨੀਚ ਅਤੇ ਜਾਤ-ਪਾਤ ਦਾ ਪਾੜਾ ਦੂਰ ਨਹੀਂ ਕੀਤਾ ਜਾ ਸਕਿਆ ਹੈ। ਅੱਜ ਵੀ ਰੰਗ, ਨਸਲ, ਜਾਤ ਅਤੇ ਧਰਮ ਦੇ ਨਾਂ ਤੇ ਵਿਤਕਰੇ, ਸਰਵਹਾਰਾ ਵਰਗ ਅਤੇ ਦਲਿਤਾਂ ਤੇ ਅੱਤਿਆਚਾਰ ਜਾਰੀ ਹਨ।

ਸਮੇਂ ਸਮੇਂ ਤੇ ਅਜਿਹੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ, ਜਿਹਨਾਂ ਨੂੰ ਦੇਖ ਸੁਣ ਕੇ ਆਦਮੀ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਅਸੀਂ ਤਰੱਕੀ ਕਰ ਰਹੇ ਹਾਂ ਜਾਂ ਨਿਘਾਰ ਵੱਲ ਜਾ ਰਹੇ ਹਾਂ। ਇੱਥੇ ਪੇਸ਼ ਹਨ ਦਲਿਤਾਂ ਤੇ ਦਬੰਗਾਂ ਦੇ ਅੱਤਿਆਚਾਰ ਦੀਆਂ ਹੇਠ ਲਿਖੀਆਂ ਚੰਦ ਅਜਿਹੀਆਂ ਹੀ ਘਟਨਾਵਾਂ:

* 24 ਅਪ੍ਰੈਲ ਨੂੰ ਰਾਜਸਥਾਨ ਦੀ ਜਲੇਸਰ ਤਹਿਸੀਲ ਦੇ ਪਿੰਡ ਸਿਕੰਦਰਪੁਰ ਮੜ੍ਹੀ 'ਚ ਦਬੰਗਾਂ ਨੇ ਬਲਾਤਕਾਰ ਤੋਂ ਬਾਅਦ ਇਕ ਦਲਿਤ ਮੁਟਿਆਰ ਦੀ ਹੱਤਿਆ ਕਰ ਦਿੱਤੀ। ਅਜੇ ਤੱਕ ਪੁਲਿਸ ਕਿਸੇ ਅਪਰਾਧੀ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ ਹੈ। ਦਬੰਗ ਦਲਿਤਾਂ ਨੂੰ ਧਮਕੀਆਂ ਦਿੰਦੇ ਹੋਏ ਸ਼ਰੇਆਮ ਘੁੰਮ ਰਹੇ ਹਨ।

* 10 ਮਈ ਦੀ ਰਾਤ ਨੂੰ ਮੱਧ ਪ੍ਰਦੇਸ਼ 'ਚ ਰਤਲਾਮ ਦੇ ਨੇਗਰੂਣ ਪਿੰਡ 'ਚ ਦਲਿਤਾਂ ਦੀ ਇਕ ਬਰਾਤ ਤੇ ਦਬੰਗਾਂ ਨੇ ਇਸ ਕਰਕੇ ਪਥਰਾਅ ਕੀਤਾ ਕਿਉਂਕਿ ਲਾੜਾ ਘੋੜੀ ਤੇ ਸਵਾਰ ਸੀ। ਇਸ ਨਾਲ ਇਕ ਨਾਇਬ ਤਹਿਸੀਲਦਾਰ ਸਮੇਤ 4 ਵਿਅਕਤੀ ਜ਼ਖਮੀ ਹੋ ਗਏ।

ਜਦੋਂ ਦਬੰਗਾਂ ਨੂੰ ਪਤਾ ਲੱਗਾ ਕਿ ਲਾੜਾ ਘੋੜੀ ਤੇ ਚੜ੍ਹ ਕੇ ਲਾੜੀ ਦੇ ਘਰ ਜਾਣ ਵਾਲਾ ਹੈ ਤਾਂ ਉਹ ਜ਼ਬਰਦਸਤੀ ਘੋੜੀ ਲੈ ਗਏ ਤੇ ਜਦੋਂ ਪੁਲਿਸ ਦੀ ਸੁਰੱਖਿਆ ਹੇਠ ਦੂਜੀ ਘੋੜੀ ਲਿਆਂਦੀ ਗਈ ਤਾਂ ਵੀ ਦਬੰਗ ਬਾਜ਼ ਨਹੀਂ ਆਏ ਤੇ ਉਨ੍ਹਾਂ ਨੇ ਬਰਾਤ ਤੇ ਪਥਰਾਅ ਕਰ ਦਿੱਤਾ, ਜਿਸ ਤੋਂ ਬਚਾਅ ਲਈ ਲਾੜੇ ਨੂੰ ਹੈਲਮੇਟ ਪਹਿਨ ਕੇ ਲਾੜੀ ਦੇ ਘਰ ਜਾਣਾ ਪਿਆ।

* 16 ਮਈ ਨੂੰ ਸ਼ਿਰਡੀ ਨਗਰ, ਮਹਾਰਾਸ਼ਟਰ 'ਚ ਇਕ ਨੌਜਵਾਨ ਪਵਨ ਕੁਮਾਰ ਹੋਟਲ 'ਚ ਬੈਠਾ ਸੀ ਤਾਂ ਉਸੇ ਸਮੇਂ ਉਸ ਦੇ ਮੋਬਾਇਲ ਫੋਨ ਦੀ ਰਿੰਗਟੋਨ ਵੱਜੀ, ਜਿਸ 'ਚ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਵੱਲੋਂ ਦਲਿਤ ਉਦਾਰ ਦੇ ਕੰਮਾਂ ਦਾ ਗੁਣਗਾਨ ਕੀਤਾ ਹੋਇਆ ਸੀ।

ਇਸ ਨੂੰ ਸੁਣਦਿਆਂ ਨਾਲ ਦੇ ਟੇਬਲ ਤੇ ਬੈਠੇ 8 ਦਬੰਗਾਂ ਨੇ ਪਵਨ ਨੂੰ ਫੋਨ ਬੰਦ ਕਰਨ ਲਈ ਕਹਿ ਕੇ ਉਸ ਨਾਲ ਝਗੜਨਾ ਸ਼ੁਰੂ ਕਰ ਦਿੱਤਾ। ਉਹ ਪਵਨ ਨੂੰ ਆਪਣੇ ਮੋਟਰ ਸਾਈਕਲ ਨਾਲ ਘੜੀਸ ਕੇ ਜੰਗਲ ਵਿਚ ਲੈ ਗਏ ਅਤੇ ਉਥੇ ਉਸ ਦੀ ਹੱਤਿਆ ਕਰ ਦਿੱਤੀ।



* 24 ਮਈ ਨੂੰ ਮੱਧ ਪ੍ਰਦੇਸ਼ ਦੇ ਅਲੀਰਾਜਪੁਰ ਜ਼ਿਲ੍ਹਾ ਹੈਡਕੁਆਰਟਰ ਤੋਂ ਸਿਰਫ 15 ਕਿਲੋਮੀਟਰ ਦੂਰ ਘਟਵਾਨੀ ਪਿੰਡ ਦੇ ਬਾਹੂਬਲੀਆਂ ਵੱਲੋਂ ਫਰਮਾਨ ਜਾਰੀ ਕਰਕੇ ਦਲਿਤਾਂ ਨੂੰ ਆਪਣੇ ਹੈਂਡਪੰਪ ਤੋਂ ਪਾਣੀ ਲੈਣ ਲਈ ਆਉਣ ਤੋਂ ਰੋਕਣ ਦਾ ਮਾਮਲਾ ਸਾਹਮਣੇ ਆਇਆ।

ਦਬੰਗਾਂ ਦੀ ਵਧੀਕੀ ਦਾ ਆਲਮ ਇਹ ਹੈ ਕਿ ਉਨ੍ਹਾਂ ਦੇ ਹੈਂਡਪੰਪ 'ਚੋਂ ਨਿਕਲਿਆ ਪਾਣੀ ਜਾਨਵਰ ਤਾਂ ਪੀ ਸਕਦੇ ਸਨ ਪਰ ਦਲਿਤ ਨਹੀਂ। ਇਸ ਕਾਰਨ 200 ਤੋਂ ਵੀ ਜ਼ਿਆਦਾ ਦਲਿਤ ਪਰਿਵਾਰ ਗੰਦਾ ਪਾਣੀ ਪੀਣ ਲਈ ਮਜਬੂਰ ਸਨ। ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਜ਼ਿਲ੍ਹਾ ਤੇ ਪੁਲਿਸ ਪ੍ਰਸ਼ਾਸਨ ਨੂੰ ਨੋਟਿਸ ਭੇਜ ਕੇ ਝਾੜ ਪਾਈ ਤੇ ਹੁਣ ਪ੍ਰਸ਼ਾਸਨ ਦਲਿਤ ਬਸਤੀ 'ਚ ਹੈਂਡਪੰਪ ਲਗਵਾਉਣ ਦੀ ਗੱਲ ਕਹਿ ਰਿਹਾ ਹੈ।

ਹੁਣ 26 ਮਈ ਨੂੰ ਸਵੇਰ ਦੇ ਸਮੇਂ ਅੰਮ੍ਰਿਤਸਰ ਦੇ ਥਾਣਾ ਘਰਿੰਡਾ ਤਹਿਤ ਪੈਂਦੇ ਪਿੰਡ ਅਚਿੰਤਕੋਟ ਦੇ ਅਕਾਲੀ ਸਰਪੰਚ ਅਮਰੀਕ ਸਿੰਘ ਅਤੇ ਇਕ ਪੁਲਿਸ ਕਾਂਸਟੇਬਲ ਜ਼ੋਰਾਵਰ ਸਿੰਘ ਦੀ ਅਗਵਾਈ ਹੇਠ ਕੁਝ ਲੋਕਾਂ ਨੇ ਸਤਨਾਮ ਸਿੰਘ ਤੇ ਵਰਿਆਮ ਸਿੰਘ ਸਮੇਤ ਲੱਗਭੱਗ ਇਕ ਦਰਜਨ ਦਲਿਤਾਂ ਦੇ ਮਕਾਨਾਂ ਤੇ ਹਮਲਾ ਕਰਕੇ ਉਹਨਾਂ ਨੂੰ ਗੰਭੀਰ ਜ਼ਖਮੀ ਕਰ ਦਿੱਤਾ ਤੇ ਇਕ ਜ਼ਖਮੀ ਦੀ ਤਾਂ ਲੱਤ ਹੀ ਟੁੱਟ ਗਈ।

ਜ਼ਖਮੀਆਂ ਨੂੰ ਅੰਮ੍ਰਿਤਸਰ ਦੇ ਸਰਕਾਰੀ ਗੁਰੂ ਨਾਨਕ ਦੇਵ ਹਸਪਤਾਲ 'ਚ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ। ਇਹੋ ਨਹੀਂ, ਉਹਨਾਂ ਨੇ ਬਾਥਰੂਮ 'ਚ ਨਹਾ ਰਹੀ ਇਕ ਦਲਿਤ ਔਰਤ ਨੂੰ ਨੰਗੀ ਹਾਲਤ 'ਚ ਹੀ ਬਾਥਰੂਮ 'ਚੋਂ ਕੱਢ ਕੇ ਮਾਰ ਕੁਟਾਈ ਕਰਨ ਤੋਂ ਇਲਾਵਾ ਪਿੰਡ 'ਚ ਘੁਮਾਇਆ।

ਇਸ ਸਮੇਂ ਜਦੋਂ ਭਾਰਤੀ ਜਨਤਾ ਪਾਰਟੀ ਕੇਂਦਰ 'ਚ ਆਪਣੀ ਸਰਕਾਰ ਦਾ ਇਕ ਵਰ੍ਹਾ ਸਫਲਤਾ-ਪੂਰਵਕ ਪੂਰਾ ਕਰਨ ਦੀ ਖੁਸ਼ੀ 'ਚ 'ਜਨ-ਕਲਿਆਣ ਪਰਵ' ਮਨਾ ਰਹੀ ਹੈ, ਭਾਜਪਾ ਦੇ ਸ਼ਾਸਨ ਵਾਲੇ ਸੂਬਿਆਂ 'ਚ ਹੀ ਦਲਿਤਾਂ ਤੇ ਅੱਤਿਆਚਾਰ ਇਸ ਦੇ 'ਸਬ ਕਾ ਸਾਥ, ਸਬ ਕਾ ਵਿਕਾਸ' ਨਾਰੇ ਨੂੰ ਝੁਠਲਾ ਰਹੇ ਹਨ।

ਜੇ ਦਲਿਤਾਂ ਅਤੇ ਸਮਾਜ ਦੇ ਹੋਰਨਾਂ ਕਮਜ਼ੋਰ ਵਰਗਾਂ ਦੇ ਲੋਕਾਂ ਤੇ ਇਸੇ ਤਰ੍ਹਾਂ ਅੱਤਿਆਚਾਰ ਹੁੰਦੇ ਰਹਿਣਗੇ ਤਾਂ 'ਸਬ ਕਾ ਸਾਥ, ਸਬ ਕਾ ਵਿਕਾਸ' ਅਸੰਭਵ ਹੈ। ਅਜਿਹਾ ਤਾਂ ਇਹੋ ਜਿਹੇ ਇਨਸਾਫ ਤੇ ਦੋਸ਼ੀਆਂ ਲਈ ਸਖ਼ਤ ਸਜ਼ਾ ਪ੍ਰਣਾਲੀ ਨਾਲ ਹੀ ਸੰਭਵ ਹੋ ਸਕੇਗਾ।

(ਜਗਬਾਣੀ ਤੋਂ ਧੰਨਵਾਦ ਸਹਿਤ)

# ਸ਼ੰਕਾ-ਨਵਿਰਤੀ/ ਭਾਗ- 9



ਮੇਘ ਰਾਜ ਮਿੱਤਰ
+91-98887-87440

? ਸਵੇਰ ਵੇਲੇ ਤ੍ਰੇਲ ਪਏ ਘਾਹ ਉੱਪਰ ਨੰਗੇ ਪੈਰੀਂ ਤੁਰਨ ਨਾਲ ਅੱਖਾਂ ਨੂੰ ਕੋਈ ਫਾਇਦਾ ਹੁੰਦਾ ਹੈ, ਜੇ ਹਾਂ ਤਾਂ ਕਿਵੇਂ?

* ਅਸਲ ਵਿਚ ਹਰ ਕਿਸਮ ਦੀ ਹਲਕੀ ਕਸਰਤ ਸਮੁੱਚੇ ਸਰੀਰ ਨੂੰ ਫਾਇਦਾ ਹੀ ਪਹੁੰਚਾਉਂਦੀ ਹੈ ਸਵੇਰ ਵੇਲੇ ਘਾਹ ਉੱਪਰ ਤੁਰਨਾ ਸਰੀਰ ਦੇ ਨਾਲ-ਨਾਲ ਅੱਖਾਂ ਲਈ ਜ਼ਰੂਰ ਫਾਇਦੇਮੰਦ ਹੋਵੇਗਾ।

? ਕੀ ਖੂਨ ਗਰੁੱਪ ਜਾਣ ਕੇ ਇਨਸਾਨ ਦੀ ਸਖਸ਼ੀਅਤ ਬਾਰੇ ਜਾਣਿਆ ਜਾ ਸਕਦਾ ਹੈ?

* ਖੂਨ ਦੇ ਗਰੁੱਪ ਦਾ ਕਿਸੇ ਵਿਅਕਤੀ ਦੀ ਸਖਸ਼ੀਅਤ ਨਾਲ ਕੋਈ ਸੰਬੰਧ ਨਹੀਂ ਹੁੰਦਾ।

? ਕਈ ਮਨੁੱਖਾਂ ਦੇ ਮੱਛਰ ਨਹੀਂ ਲੜਦਾ। ਜੇਕਰ ਲੜਦਾ ਹੈ ਤਾਂ ਮਰ ਜਾਂਦਾ ਹੈ। ਇਸਦਾ ਕੀ ਕਾਰਨ ਹੈ।

* ਕਈ ਮਨੁੱਖਾਂ ਦੇ ਖੂਨ ਵਿਚ ਅਜਿਹੇ ਰਸ ਹੁੰਦੇ ਹਨ ਜਿਹੜੇ ਮੱਛਰਾਂ ਪ੍ਰਤੀ ਅਲਰਜਿਕ ਹੁੰਦੇ ਹਨ। ਇਸ ਲਈ ਮੱਛਰ ਅਜਿਹੇ ਮਨੁੱਖਾਂ ਨੂੰ ਕੱਟਦਾ ਹੈ ਤਾਂ ਮੱਛਰ ਦੀ ਮੌਤ ਹੋ ਜਾਂਦੀ ਹੈ। ਆਡੋਮਾਸ ਜਾਂ ਮੱਛਰਾਂ ਨੂੰ ਭਜਾਉਣ ਵਾਲੀਆਂ ਕਰੀਮਾਂ ਇਸੇ ਸਿਧਾਂਤ ਤੇ ਬਣਾਈਆਂ ਜਾਂਦੀਆਂ ਹਨ।

? ਹਰ ਇਨਸਾਨ ਦੇ ਖੂਨ ਦਾ ਰੰਗ ਇੱਕੋ ਜਿਹਾ ਲਾਲ ਹੈ ਪਰ ਇਸਦੇ ਕਈ ਗਰੁੱਪ ਹਨ। ਇਹ ਕਿਉਂ?

* ਖੂਨ ਵਿਚ ਦੋ ਰੰਗ ਦੇ ਪ੍ਰੋਟੀਨ ਹੁੰਦੇ ਹਨ। ਇੱਕ ਐਂਟੀਜਨ ਅਤੇ ਇੱਕ ਐਂਟੀਬੌਡੀ ਹੁੰਦਾ ਹੈ। ਇਨ੍ਹਾਂ ਦੋਹਾਂ ਪ੍ਰਟੀਨਾਂ ਦੀਆਂ ਕਿਸਮਾਂ ਕਾਰਨ ਖੂਨ ਦੇ ਵੱਖ-ਵੱਖ ਖੂਨ ਗਰੁੱਪ ਹੁੰਦੇ ਹਨ।

? ਬਿਜਲੀ ਚਲੀ ਜਾਣ ਤੋਂ ਬਾਅਦ ਇਕਦਮ ਸਾਨੂੰ ਦਿਖਾਈ ਦੇਣਾ ਬੰਦ ਕਿਉਂ ਹੋ ਜਾਂਦਾ ਹੈ।

* ਪ੍ਰਕਾਸ਼ ਦੀਆਂ ਕਿਰਨਾਂ ਜਦੋਂ ਕਿਸੇ ਵਸਤੂ ਉੱਪਰ ਪੈਂਦੀਆਂ ਹਨ ਤਾਂ ਵਸਤੂ ਕੁਝ ਕਿਰਨਾਂ ਨੂੰ ਆਪਣੇ ਵਿਚ ਸੋਖ ਲੈਂਦੀ ਹੈ ਅਤੇ ਕੁਝ ਨੂੰ ਮੋੜ ਦਿੰਦੀ ਹੈ। ਉਨ੍ਹਾਂ ਮੁੜੀਆਂ ਹੋਈਆਂ ਕਿਰਨਾਂ ਵਿਚੋਂ ਕੁਝ ਸਾਡੀਆਂ ਅੱਖਾਂ ਵਿਚ ਪੈ ਜਾਂਦੀਆਂ ਹਨ। ਇਸ ਲਈ ਵਸਤੂ ਦਿਖਾਈ ਦੇਣਾ ਸ਼ੁਰੂ ਕਰ ਦਿੰਦੀ ਹੈ। ਜਦੋਂ ਲਾਈਟ ਚਲੀ ਜਾਂਦੀ ਹੈ ਤਾਂ ਉਸ ਵਸਤੂ ਤੇ ਪ੍ਰਕਾਸ਼ ਦੀਆਂ ਕਿਰਨਾਂ ਪੈਣੋਂ ਬੰਦ ਹੋ ਜਾਂਦੀਆਂ ਹਨ। ਇਸ ਲਈ ਮੁੜਦੀਆਂ ਵੀ ਨਹੀਂ ਅਤੇ ਸਾਡੀਆਂ ਅੱਖਾਂ ਵਿਚ ਨਹੀਂ ਪੈਂਦੀਆਂ। ਇਸ ਲਈ ਵਸਤੂ ਸਾਨੂੰ ਦਿਖਾਈ ਨਹੀਂ ਦਿੰਦੀ।

? ਖੂਨ ਦੀ ਘਾਟ ਕਾਰਨ ਐਨੀਮੀਆ ਹੋ ਜਾਂਦਾ ਹੈ ਤੇ ਖੂਨ ਦੇ ਵਧਣ ਨਾਲ ਕਿਹੜਾ ਰੋਗ ਹੋ ਜਾਂਦਾ ਹੈ।

* ਆਮ ਤੌਰ 'ਤੇ ਇਨਫੈਕਸ਼ਨ ਵਾਲੀਆਂ ਬਿਮਾਰੀਆਂ ਵਿਚ ਖੂਨ ਵਧਦਾ ਹੈ ਪਰ ਬਹੁਤ ਥੋੜ੍ਹੀ ਮਾਤਰਾ ਵਿਚ ਵਧਦਾ ਹੈ ਜਿਸ ਨੂੰ ਅਸੀਂ ਖੂਨ ਟੈਸਟ ਰਾਹੀਂ (":3) ਪਤਾ ਲਗਾ ਸਕਦੇ ਹਾਂ। ਜੇ ਖੂਨ ਬਹੁਤ ਜ਼ਿਆਦਾ ਮਾਤਰਾ ਵਿਚ ਵਧਿਆ ਹੋਵੇ ਤਾਂ ਇਸਦਾ ਮਤਲਬ ਖੂਨ ਦਾ ਕੈਂਸਰ ਹੁੰਦਾ ਹੈ।

? ਬਲਗਮ ਦੇ ਪੈਦਾ ਹੋਣ ਦੇ ਕੀ ਕਾਰਨ ਹਨ ਤੇ ਇਸ ਦਾ ਘਰੇਲੂ ਇਲਾਜ ਦੱਸੋ।

* ਨੱਕ ਅੰਦਰ ਇੱਕ ਗ੍ਰੰਥੀ ਹੁੰਦੀ ਹੈ ਜਿਸ ਵਿਚ ਇੱਕ ਤਰਲ ਪਦਾਰਥ ਵਹਿੰਦਾ ਰਹਿੰਦਾ ਹੈ। ਜਦੋਂ ਕਿਸੇ ਸੰਕਾਰਤਮਕ ਰੋਗ ਕਾਰਨ ਇਹ ਤਰਲ ਪਦਾਰਥ ਜ਼ਿਆਦਾ ਮਾਤਰਾ ਵਿਚ ਵਹਿਣ ਲੱਗ ਜਾਂਦਾ ਹੈ, ਤਾਂ ਇਹ ਸਾਹ ਰਾਹੀਂ ਸਾਹ ਨਲੀ ਦੇ ਜ਼ਰੀਏ ਫੇਫੜਿਆਂ ਵਿਚ ਚਲਾ ਜਾਂਦਾ ਹੈ ਤੇ ਇਹ ਬਲਗਮ ਦਾ ਰੂਪ ਧਾਰਨ ਕਰਨ ਲੱਗ ਜਾਂਦਾ ਹੈ। ਇਸਦਾ ਘਰੇਲੂ ਇਲਾਜ ਗਰਾਰੇ ਹੀ ਹਨ ਪਰ ਇਹ ਕਾਰਗਰ ਉਦੋਂ ਹੀ ਸਿੱਧ ਹੁੰਦੇ ਹਨ ਜਦੋਂ ਸੰਕਾਰਤਮਕ ਰੋਗ 'ਤੇ ਕਾਬੂ ਪਾਇਆ ਜਾਵੇ।

? ਜਿਵੇਂ ਰੌਲਾ ਪਾਇਆ ਜਾ ਰਿਹਾ ਹੈ ਕਾ. ਲੈਨਿਨ ਦੀ ਸਾਂਭ ਕੇ ਰੱਖੀ ਹੋਈ ਲਾਸ਼ ਤੋਂ ਲੈਨਿਨ ਦਾ ਕਲੋਨ ਤਿਆਰ ਕੀਤਾ ਜਾ ਰਿਹਾ ਹੈ। ਕੀ ਇਹ ਸੰਭਵ ਹੈ? ਜਦੋਂ ਵਿਅਕਤੀ ਦੀ ਮੌਤ ਹੋ ਜਾਂਦੀ ਹੈ, ਕੀ ਉਸਦੇ ਸੈੱਲ ਜਿਉਂਦੇ ਰਹਿੰਦੇ ਹਨ? ਕੀ ਡੈੱਡ ਸੈੱਲਾਂ ਤੋਂ ਕਲੋਨ ਤਿਆਰ ਕੀਤਾ ਜਾ ਸਕਦਾ ਹੈ।

* ਅਸਲ ਵਿਚ ਜਦੋਂ ਕਿਸੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਉਸਦੇ ਸੈੱਲ ਮਰਨੇ ਸ਼ੁਰੂ ਹੋ ਜਾਂਦੇ ਹਨ ਤੇ ਸਰੀਰ ਵਿਚ ਕੁਝ ਥਾਵਾਂ ਅਜਿਹੀਆਂ ਹੁੰਦੀਆਂ ਹਨ ਜਿੱਥੇ ਸੈੱਲਾਂ ਦੀ ਮੌਤ ਕਾਫੀ ਚਿਰ ਬਾਅਦ ਹੁੰਦੀ ਹੈ ਜਿਵੇਂ ਦੰਦਾਂ ਦੀਆਂ ਖੁੱਡਾਂ ਅੰਦਰ ਸੈੱਲ ਕਾਫੀ ਚਿਰ ਸੁਰੱਖਿਅਤ ਰਹਿੰਦੇ ਹਨ। ਜੇ ਕਿਸੇ ਵਿਅਕਤੀ ਦੇ ਸਰੀਰ ਵਿਚੋਂ ਕੋਈ ਜੀਵਿਤ ਸੈੱਲ ਮਿਲ ਜਾਂਦਾ ਹੈ ਤਾਂ ਫਿਰ ਹੀ ਉਸ ਦੀ ਕਲੋਨਿੰਗ ਕੀਤੀ ਜਾ ਸਕਦੀ ਹੈ। ਮੁਰਦਾ ਸੈੱਲਾਂ ਤੋਂ ਕਲੋਨਿੰਗ ਸੰਭਵ ਨਹੀਂ ਹੈ।

? ਕੀ ਦੌੜ ਲਗਾਉਣ ਤੇ ਨਵੇਂ ਖੂਨ ਦਾ ਨਿਰਮਾਣ ਹੁੰਦਾ ਹੈ।

* ਜੀ ਨਹੀਂ! ਦੌੜ ਲਗਾਉਣ ਨਾਲ ਸਰੀਰ ਵਿਚ ਊਰਜਾ ਦੀ ਕਮੀ ਜ਼ਰੂਰ ਹੁੰਦੀ ਹੈ ਜਿਹੜੀ ਖੁਰਾਕ ਨਾਲ ਪੂਰੀ ਕਰ ਲਈ ਜਾਂਦੀ ਹੈ।

? ਜਿਸ ਵਿਅਕਤੀ/ਸਖਸ਼ੀਅਤ ਨੂੰ ਵਿਛੜੇ ਕਈ ਵਰ੍ਹੇ (ਜਿਵੇਂ ਕਾ. ਲੈਨਿਨ) ਹੋ ਗਏ ਹੋਣ, ਉਸਦਾ ਕਲੋਨ ਕਿਹੜੇ ਢੰਗ ਨਾਲ ਤਿਆਰ ਕੀਤਾ ਜਾ ਸਕਦਾ ਹੈ।

* ਕਾ. ਲੈਨਿਨ ਦੀ ਮੌਤ ਨੂੰ ਭਾਵੇਂ ਲਗਭਗ 84 ਵਰ੍ਹੇ ਹੋ ਗਏ ਹਨ ਪਰ ਉਸਦੀ ਮ੍ਰਿਤਕ ਦੇਹ ਰਸਾਇਣਿਕ ਪਦਾਰਥਾਂ ਵਿਚ ਇਸ ਢੰਗ ਨਾਲ ਡੁਬੋ ਕੇ ਰੱਖੀ ਗਈ ਹੈ ਕਿ ਸਰੀਰ ਦੇ ਸੈੱਲਾਂ ਦੀ ਮੌਤ ਘੱਟ ਤੋਂ ਘੱਟ ਹੋਵੇ। ਇਸਦੇ ਮਿ੍ਤਕ ਸਰੀਰ ਵਿੱਚ ਜੀਵਤ ਸੈੱਲਾਂ ਦਾ ਮਿਲਣਾ ਸੰਭਵ ਹੈ। ਜੇ ਅੱਜ ਨਹੀਂ ਤਾਂ ਆਉਣ ਵਾਲੇ ਕੁਝ ਸਾਲਾਂ ਵਿੱਚ ਲੈਨਿਨ ਦਾ ਕਲੋਨ ਵੀ ਤਿਆਰ ਕੀਤਾ ਜਾ ਸਕਦਾ ਹੈ।

? ਕਿਸੇ ਸਖ਼ਸ਼ੀਅਤ ਦਾ ਤਿਆਰ ਕਲੋਨ ਸਰੀਰਕ ਅਤੇ ਕਰਮ (ਕੰਮਕਾਰ) ਪੱਖੋਂ ਉਸੇ ਦਾ ਹੀ ਪੂਰਕ ਹੋਵੇਗਾ। ਮਤਲਬ ਕਿ ਕੀ ਕਾ. ਲੈਨਿਨ ਦਾ ਤਿਆਰ ਕਲੋਨ ਲੈਨਿਨ ਵਾਲੇ ਹੀ ਕੰਮ ਕਾਰ ਕਰੇਗਾ। ਮੇਰਾ ਮਤਲਬ ਇੱਕ ਸਖ਼ਸ਼ੀਅਤ ਬਣਨ ਪਿੱਛੋਂ ਕਿਸ-ਕਿਸ ਚੀਜ਼ ਦਾ ਰੋਲ ਹੁੰਦਾ ਹੈ? ਮੁਰਦੇ ਤੋਂ ਤਿਆਰ ਕੀਤਾ ਕਲੋਨ ਉਹੀ ਕੰਮ ਕਰੇਗਾ ਜਾਂ ਚੇਤਨਾ ਫਲਸਫਾ ਜਾਂ ਵਾਤਾਵਰਣ ਦਾ ਵੀ ਰੋਲ ਹੁੰਦਾ ਹੈ।

* ਅਸਲ ਵਿੱਚ ਕਿਸੇ ਵਿਅਕਤੀ ਦੀ ਸਖ਼ਸ਼ੀਅਤ ਦੋ ਗੱਲਾਂ 'ਤੇ ਨਿਰਭਰ ਕਰਦੀ ਹੈ। 1. ਪੈਦਾਇਸ਼ ਸਮੇਂ ਮਿਲੇ ਗੁਣਸੂਤਰ 2. ਆਲੇ-ਦੁਆਲੇ ਵਿੱਚੋਂ ਪ੍ਰਾਪਤ ਕੀਤੇ ਗੁਣ। ਹੁਣ ਜੇ ਲੈਨਿਨ ਦਾ ਕਲੋਨ ਤਿਆਰ ਕੀਤਾ ਜਾਵੇਗਾ ਤਾਂ ਉਸ ਵਿੱਚ ਭਾਵੇਂ ਦਿਮਾਗੀ ਗੁਣ ਤਾਂ ਲੈਨਿਨ ਜਿੰਨੇ ਹੋਣਗੇ ਪਰ ਲੈਨਿਨ ਦੀ ਢਲਾਈ ਜਿਹੜੀਆਂ ਠੋਸ ਹਾਲਤਾਂ ਵਿੱਚ ਹੋਈ ਉਹ ਹਾਲਤਾਂ ਲੈਨਿਨ ਦੇ ਕਲੋਨ ਨੂੰ ਮਿਲਣੀਆਂ ਸੰਭਵ ਨਹੀਂ ਹੋਣਗੀਆਂ। ਇਸ ਲਈ ਕੁੱਲ ਮਿਲਾ ਕੇ ਲੈਨਿਨ ਦਾ ਕਲੋਨ ਸ਼ਕਲ ਸੂਰਤ ਤੋਂ ਤਾਂ ਲੈਨਿਨ ਵਰਗਾ ਹੋ ਸਕਦਾ ਹੈ ਪਰ ਵਿਵਹਾਰਿਕ ਪੱਖ ਤੋਂ ਲੈਨਿਨ ਵਰਗਾ ਹੋਣਾ ਅਸੰਭਵ ਹੈ। ? ਕੀ ਅੰਨ੍ਹਾ ਵਿਅਕਤੀ ਸੁਪਨੇ ਵੇਖਦਾ ਹੈ। ਜੇ ਵੇਖਦਾ ਹੈ ਤਾਂ ਕਿਵੇਂ। -ਸੁਪਨੇ ਅਸਲ ਵਿਚ ਦਿਮਾਗ ਦੇ ਹਮੇਸ਼ਾ ਹੀ ਕੰਮ ਕਰਦੇ ਰਹਿਣ ਦੀ ਪ੍ਰਵਿਰਤੀ ਦਾ ਸਿੱਟਾ ਹੁੰਦੇ ਹਨ। ਦਿਮਾਗ ਦੁਆਰਾ ਦਿਨ ਵਿਚ ਕਲਪਿਤ ਕੀਤੀਆਂ ਗੱਲਾਂ ਨੂੰ ਅਸੀਂ ਮਨੋ-ਕਲਪਨਾ ਕਹਿੰਦੇ ਹਾਂ ਪਰ ਸੌਣ ਸਮੇਂ ਕਲਪਿਤ ਕੀਤੀਆਂ ਗੱਲਾਂ ਸੁਪਨਾ ਬਣ ਜਾਂਦੀਆਂ ਹਨ। ਅੰਨ੍ਹੇ ਵਿਅਕਤੀ ਵਿਚ ਦਿਮਾਗ ਹੁੰਦਾ ਹੈ ਅਤੇ ਉਹ ਗੱਲਾਂ ਦੀਆਂ ਕਲਪਨਾਵਾਂ ਵੀ ਕਰਦਾ ਹੈ। ਇਸ ਲਈ ਸੁਪਨੇ ਵੀ ਵੇਖਦਾ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਰੋਕੋ ਕੈਂਸਰ ਵੱਲੋਂ ਨਾਵਲਕਾਰ ਜੱਗੀ ਕੁੱਸਾ ਡਾਇਰੈਕਟਰ ਪੀ ਆਰ (ਗਲੋਬਲ) ਨਿਯੁਕਤ

## ਕੈਂਸਰ ਤੋਂ ਬਚਾਅ ਲਈ ਜਾਗਰੂਕ ਹੋਣਾ ਜਰੂਰੀ- ਚਾਵਲਾ

**ਲੰਡਨ (ਮਨਦੀਪ ਖੁਰਮੀ)–** ਪਿਛਲੇ 10 ਸਾਲਾਂ ਤੋਂ ਕੈਂਸਰ ਦੇ ਖਾਤਮੇ ਲਈ ਲੋਕਾਂ ਨੂੰ ਜਾਗਰੂਕ ਕਰਨ ਦੇ ਮਨਸ਼ੇ ਨਾਲ ਯਤਨਸ਼ੀਲ ਵਿਸ਼ਵ ਪ੍ਰਸਿੱਧ ਸੰਸਥਾ ਰੋਕੋ ਕੈਂਸਰ ਵੱਲੋਂ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਨੂੰ ਡਾਇਰੈਕਟਰ ਪੀ ਆਰ (ਗਲੋਬਲ) ਵਜੋਂ ਨਿਯੁਕਤ ਕੀਤਾ ਹੈ।



ਸੰਸਥਾ ਦੇ ਚੇਅਰਮੈਨ ਸ੍ਰ: ਅਜਿੰਦਰਪਾਲ ਸਿੰਘ ਚਾਵਲਾ ਵੱਲੋਂ ਬਤੇ ਦਿਨੀ ਜੱਗੀ ਕੁੱਸਾ ਨੂੰ ਸੰਸਥਾ ਦੇ ਲੰਡਨ ਸਥਿਤ ਮੁੱਖ ਦਫ਼ਤਰ ਵਿਖੇ ਟਰੱਸਟੀਆਂ ਦੀ ਹਾਜਰੀ ਵਿੱਚ ਨਿਯੁਕਤੀ ਪੱਤਰ ਜਾਰੀ ਕੀਤਾ। ਜਿਕਰਯੋਗ ਹੈ ਕਿ ਜੱਗੀ ਕੁੱਸਾ ਸਾਹਿਤਕ ਖੇਤਰ ਵਿੱਚ ਜਾਣਿਆ ਪਛਾਣਿਆ ਨਾਮ ਹੈ ਤੇ ਪੰਜਾਬੀ ਪਾਠਕਾਂ ਦੀ ਝੋਲੀ 21 ਨਾਵਲ, 4 ਕਹਾਣੀ ਸੰਗ੍ਰਹਿ, 3 ਵਿਅੰਗ ਸੰਗ੍ਰਹਿ, 1 ਕਾਵਿ ਸੰਗ੍ਰਹਿ ਅਤੇ 1 ਲੇਖ ਸੰਗ੍ਰਹਿ ਪਾ ਚੁੱਕੇ ਹਨ। ਇਸ ਤੋਂ ਇਲਾਵਾ ਉਹਨਾਂ ਦੇ ਤਿੰਨ ਨਾਵਲ ਅੰਗਰੇਜੀ ਵਿੱਚ ਵੀ ਲੰਡਨ ਦੇ ਇੱਕ ਪ੍ਰਕਾਸ਼ਨ ਸਮੂਹ ਵੱਲੋਂ ਅਨੁਵਾਦ ਕਰਕੇ ਛਾਪੇ ਜਾ ਚੁੱਕੇ ਹਨ। ਜਿੱਥੇ ਇਸ ਨਿਯੁਕਤੀ 'ਤੇ ਸਿੱਖ ਵੈੱਲਫੇਅਰ ਸੁਸਾਇਟੀ ਦੇ ਆਗੂ ਡਾ: ਚੰਨਣ ਸਿੰਘ ਸਿੱਧੂ, ਬੂਟਾ ਸਿੰਘ ਨਿੱਝਰ ਅਤੇ ਫਾਈਨੰਸ ਡਾਇਰੈਕਟਰ ਨਿਕਿਤਾ ਚਾਵਲਾ ਵੱਲੋਂ ਖੁਸ਼ੀ ਪ੍ਰਗਟਾਈ ਗਈ ਉੱਥੇ ਚੇਅਰਮੈਨ ਅਜਿੰਦਰਪਾਲ ਸਿੰਘ ਚਾਵਲਾ ਨੇ ਆਪਣੇ ਸੰਬੋਧਨ ਦੌਰਾਨ ਦੱਸਿਆ ਕਿ ਆਪਣੀ ਪਤਨੀ ਦੀ ਕੈਂਸਰ ਨਾਲ ਹੋਈ ਮੌਤ ਨੇ ਉਹਨਾਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਇਸ ਤੋਂ ਬਾਅਦ ਉਹਨਾਂ ਪ੍ਰਣ ਲਿਆ ਕਿ ਕਿਸੇ ਹੋਰ ਦੀ ਪਤਨੀ ਜਾਂ ਬੱਚਿਆਂ ਦੀ ਮਾਂ ਇਸ ਬੀਮਾਰੀ ਦੇ ਚੁੰਗਲ 'ਚ ਫਸ ਕੇ ਅਗਿਆਨਤਾ ਵੱਸ ਜਾਨ ਨਾ ਗੁਆ ਬੈਠੇ, ਇਸੇ ਸੋਚ ਤਹਿਤ ਹੀ "ਰੋਕੋ ਕੈਂਸਰ" ਸੰਸਥਾ ਹੋਂਦ ਵਿੱਚ ਆਈ ਤੇ ਨਿਰੰਤਰ ਆਪਣੀ ਰਾਹ 'ਤੇ ਹੈ। ਉਹਨਾਂ ਕਿਹਾ ਕਿ ਨੇੜ ਭਵਿੱਖ ਵਿੱਚ ਸੰਸਥਾ ਵੱਲੋਂ ਨਵੀਂ ਰੂਪ ਰੇਖਾ ਉਲੀਕ ਕੇ ਵਡੇਰੇ ਕਾਰਜ ਕੀਤੇ ਜਾਣਗੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੱਗੀ ਕੁੱਸਾ ਨੇ ਕਿਹਾ ਕਿ "ਜਿੱਥੇ ਰੋਕੋ ਕੈਂਸਰ ਵੱਲੋਂ ਉਹਨਾਂ ਨੂੰ ਨਿਯੁਕਤ ਕੀਤੇ ਜਾਣ ਦੀ ਖੁਸ਼ੀ ਹੈ ਉੱਥੇ ਜਿੰਮੇਵਾਰੀ ਦਾ ਅਹਿਸਾਸ ਵੀ ਹੈ। ਸੰਸਥਾ ਵੱਲੋਂ ਮੇਰੀ ਝੋਲੀ ਪਾਈ ਸੇਵਾ ਨੂੰ ਜੀਅ ਜਾਨ ਲਾ ਕੇ ਨਿਭਾਵਾਂਗਾ।"

# ਚਰਚ ਨੂੰ ਜਾਂਦੇ ਰਸਤੇ ਨੂੰ ਲੈ ਕੇ ਵਿਵਾਦ ਗਰਮਾਇਆ

**ਤਰਨਤਾਰਨ–** ਤਰਨਤਾਰਨ ਦੇ ਇਕ ਪਿੰਡ ਸਨਾ ਵਿਚ ਬਣੇ ਚਰਚ ਦੇ ਪੰਚਾਇਤੀ ਰਸਤੇ ਨੂੰ ਲੈ ਕੇ ਇਸਾਈ ਭਾਈਚਾਰੇ ਦੇ ਲੋਕ ਅਤੇ ਦਲਿਤ ਭਾਈਚਾਰੇ ਦੇ ਲੋਕ ਆਹਮੋ-ਸਾਹਮਣੇ ਹੋ ਗਏ ਹਨ।

ਮਾਮਲਾ ਪ੍ਰਸ਼ਾਸਨ ਦੇ ਧਿਆਨ ਵਿਚ ਆਇਆ ਤਾਂ ਪੁਲਿਸ ਅਧਿਕਾਰੀਆਂ ਨੇ ਮੌਕੇ ਤੇ ਪਹੁੰਚ ਕੇ ਦੋਵੇਂ ਗਰੁੱਪਾਂ ਨੂੰ ਸ਼ਾਂਤ ਕਰਵਾਇਆ। ਪਿੰਡ ਨਿਵਾਸੀ ਵਰਿੰਦਰ ਸਿੰਘ ਸੇਠ, ਨੰਬਰਦਾਰ ਹਰਜਿੰਦਰ ਸਿੰਘ ਅਤੇ ਭੋਲਾ ਸਿੰਘ ਨੇ ਦੱਸਿਆ ਕਿ ਪਿੰਡ ਦੇ ਨੇੜੇ ਬਣੀਆਂ ਕਾਲੋਨੀਆਂ ਵਿਚ ਇਸਾਈ ਭਾਈਚਾਰੇ ਦੁਆਰਾ ਜ਼ਮੀਨ ਲੈ ਕੇ ਚਰਚ ਬਣਾਇਆ ਗਿਆ ਸੀ। ਇਸ ਤੋਂ ਅੱਗੇ ਪੰਚਾਇਤ ਦੀ ਜ਼ਮੀਨ ਖਾਲੀ ਪਈ ਹੋਣ ਕਾਰਨ ਉਸਨੂੰ ਚਰਚ ਦੇ ਰਸਤੇ ਵਜੋਂ ਵਰਤਿਆ ਜਾਣਾ ਸੀ ਪਰ ਹੁਣ ਕਾਲੋਨੀ ਵਿਚ ਰਹਿੰਦੇ ਦਲਿਤ ਭਾਈਚਾਰੇ ਦੁਆਰਾ ਧਰਮਸ਼ਾਲਾ ਬਣਾ ਦਿੱਤੀ ਗਈ ਹੈ।

ਚਰਚ ਨੂੰ ਛੇ ਫੁੱਟ ਦਾ ਰਸਤਾ ਪੰਚਾਇਤ ਦੀ ਜ਼ਮੀਨ ਤੋਂ ਛੁਡਵਾ ਦਿੱਤਾ ਹੈ। ਉਹਨਾਂ ਦੱਸਿਆ ਕਿ ਰਸਤੇ ਵਿਚ ਕੀਤੀ ਗਈ ਕੰਧ ਨੂੰ ਦਲਿਤ ਭਾਈਚਾਰੇ ਦੁਆਰਾ ਤੋੜ ਦਿੱਤਾ ਗਿਆ। ਦੂਜੇ ਪਾਸੇ ਇਸਾਈ ਫਿਰਕੇ ਦੇ ਪੱਖ ਵਿਚ ਉਤਰੇ ਬਖਸ਼ੀਸ਼ ਸਿੰਘ, ਲਕਸ਼ੈ ਮਸੀਹ, ਰਾਜਵਿੰਦਰ ਸਿੰਘ, ਪ੍ਰਧਾਨ ਹਰਜਿੰਦਰ ਸਿੰਘ ਅਤੇ ਰੱਤ ਗਿੱਲ ਨੇ ਦੱਸਿਆ ਕਿ ਉਕਤ ਚਰਚ ਕਰੀਬ 20 ਸਾਲ ਪਹਿਲਾਂ ਬਣੀ ਹੈ।

ਇਸਦਾ ਰਸਤਾ ਉਸ ਵਕਤ ਦੇ ਸਰਪੰਚ ਦੀ ਸਹਿਮਤੀ ਨਾਲ ਸੜਕ ਵੱਲ ਰੱਖਿਆ ਗਿਆ ਸੀ। ਇਸ ਰਸਤੇ ਨੂੰ ਤੋੜ ਕੇ ਮਾਹੌਲ ਵਿਗਾੜਿਆ ਜਾ ਰਿਹਾ ਹੈ। ਇਸ ਮਾਮਲੇ ਨੂੰ ਲੈ ਕੇ ਜਦੋਂ ਦੋਵੇਂ ਗਰੁੱਪ ਆਹਮੋ-ਸਾਹਮਣੇ ਹੋਏ ਤਾਂ ਡੀ. ਸੀ. ਬਲਵਿੰਦਰ ਸਿੰਘ ਧਾਲੀਵਾਲ ਨੇ ਐਸ. ਐਸ. ਪੀ. ਮਨਮੋਹਨ ਕੁਮਾਰ ਸ਼ਰਮਾ ਨੂੰ ਮੌਕੇ ਤੇ ਸੁਰੱਖਿਆ ਦੇ ਬੰਦੋਬਸਤ ਕਰਨ ਲਈ ਕਿਹਾ।ਇਸ ਤੇ ਡੀ. ਐਸ. ਪੀ. ਸੁਖਵਿੰਦਰ ਸਿੰਘ ਅਤੇ ਥਾਣਾ ਮੁਖੀ ਸੁਖਬੀਰ ਸਿੰਘ ਪੁਲਿਸ ਪਾਰਟੀ ਸਮੇਤ ਪਹੁੰਚੇ ਅਤੇ ਮੌਕੇ ਤੇ ਦੋਵੇਂ ਗਰੁੱਪਾਂ ਨੂੰ ਸ਼ਾਂਤ ਕੀਤਾ।

# ਸਪਾ ਦੇ ਪਾਰਸ਼ਦ ਨੇ ਐਸ. ਓ. ਦੇ ਸਾਹਮਣੇ ਦਲਿਤ ਨੂੰ ਕੁੱਟਿਆ

**ਕਾਨ੍ਹਪੁਰ–** ਕਲਿਆਣਪੁਰ ਥਾਣੇ ਵਿਚ ਸ਼ੁੱਕਰਵਾਰ ਸ਼ਾਮ ਸਮਾਜਵਾਦੀ ਪਾਰਟੀ ਦੇ ਪਾਰਸ਼ਦ ਨੇ ਐਸ. ਓ. ਦਾ ਚੈਂਬਰ ਬੰਦ ਕਰਕੇ ਦਲਿਤ ਨੂੰ ਕੁੱਟਿਆ। ਇਸ ਦੌਰਾਨ ਥਾਣੇ ਵਿਚ ਕੁਰਸੀ-ਮੇਜ ਵੀ ਚੱਲੇ।

ਬਾਅਦ ਵਿਚ ਕਿਸੇ ਤਰ੍ਹਾਂ ਪੁਲਿਸ ਨੇ ਦਲਿਤ ਨੂੰ ਛੁਡਾਇਆ ਅਤੇ ਦੋਸ਼ੀ ਧਮਕੀ ਦਿੰਦਾ ਹੋਇਆ ਨਿਕਲ ਗਿਆ। ਪੀੜਤ ਦੀ ਤਹਿਰੀਰ ਤੇ ਪੁਲਿਸ ਨੇ ਦੋਸ਼ੀ ਸੰਜੇ ਯਾਦਵ ਸਮੇਤ 2 ਲੋਕਾਂ ਦੇ ਖਿਲਾਫ ਰਿਪੋਰਟ ਲਿਖ ਲਈ। ਥਾਣੇ ਵਿਚ ਇਸਦੀ ਪੁਸ਼ਟੀ ਕੀਤੀ ਗਈ ਹੈ। ਉਥੇ ਕਾਫੀ ਕੋਸ਼ਿਸ਼ਾਂ ਦੇ ਬਾਵਜੂਦ ਐਸ. ਐਸ. ਪੀ. ਸ਼ਲਭ ਮਾਥੁਰ ਨਾਲ ਗੱਲ ਨਹੀਂ ਹੋ ਸਕੀ।

ਸੰਜੇ ਯਾਦਵ ਪੁਰਾਣਾ ਹਿਸਟ੍ਰੀ ਸ਼ੀਟਰ ਅਤੇ ਪਾਰਸ਼ਦ ਹੈ। ਦੋਸ਼ ਹੈ ਕਿ ਉਹ ਬਾਰਾਸਿਰੋਹੀ ਵਿਚ ਕਾਂਗਰਸ ਵਰਕਰ ਸੰਜੇ ਪਾਸਵਾਨ ਦੇ ਪਲਾਟ ਤੇ ਕਬਜਾ ਕਰਨਾ ਚਾਹੁੰਦਾ ਹੈ।

ਸ਼ੁੱਕਰਵਾਰ ਦੁਪਹਿਰ ਬਾਅਦ ਯਾਦਵ ਨੇ 30-40 ਲੋਕਾਂ ਦੇ ਨਾਲ ਪਾਸਵਾਨ ਦੇ ਪਲਾਟ ਤੇ ਕਬਜਾ ਕਰਨ ਦੀ ਕੋਸ਼ਿਸ਼ ਕੀਤੀ। ਵਿਰੋਧ ਵਿਚ ਦੋਵਾਂ ਪੱਖਾਂ ਵਿਚ ਕੁੱਟਮਾਰ ਹੋਈ। ਪੁਲਿਸ ਪਾਸਵਾਨ ਨੂੰ ਕਲਿਆਣਪੁਰ ਥਾਣੇ ਲੈ ਆਈ।

ਪਿੱਛੇ ਤੋਂ ਸੰਜੇ ਯਾਦਵ ਕਈ ਲੋਕਾਂ ਨਾਲ ਥਾਣੇ ਪਹੁੰਚਿਆ ਅਤੇ ਇੰਸਪੈਕਟਰ ਅਜੈ ਪ੍ਰਕਾਸ਼ ਸ਼੍ਰੀਵਾਸਤਵ ਦਾ ਚੈਂਬਰ ਬੰਦ ਕਰਕੇ ਸੰਜੇ ਪਾਸਵਾਨ ਨੂੰ ਬੁਰੀ ਤਰ੍ਹਾਂ ਕੁੱਟਿਆ। ਉਸਦੇ ਸਮਰਥਕ ਥਾਣੇ ਵਿਚ ਕੁੱਟਦੇ ਰਹੇ ਅਤੇ ਪੁਲਿਸ ਤਮਾਸ਼ਾ ਦੇਖਦੀ ਰਹੀ। ਕਾਫੀ ਹੰਗਾਮੇ ਬਾਅਦ ਪੁਲਿਸ ਨੇ ਯਾਦਵ ਸਮਰਥਕਾਂ ਨੂੰ ਰੋਕਿਆ।

# ਵਿਰੋਧ ਨੂੰ ਤੋੜਨ ਲਈ ਸਰਕਾਰ ਚੱਲੇਗੀ ਦਲਿਤ ਅਤੇ ਆਦਿਵਾਸੀ ਪੱਤਾ

**ਨਵੀਂ ਦਿੱਲੀ–** ਮੌਨਸੂਨ ਸੈਸ਼ਨ ਦੌਰਾਨ ਸੰਸਦ ਵਿਚ ਜਾਰੀ ਟਕਰਾਅ ਨੂੰ ਤੋੜਨ ਲਈ ਸਰਕਾਰ ਅਗਲੇ ਹਫਤੇ ਵਿਰੋਧੀ ਧਿਰ ਨੂੰ ਘੇਰਨ ਅਤੇ ਤੋੜਨ ਦਾ ਸਿਆਸੀ ਦਾਅ ਚੱਲੇਗੀ। ਸਰਕਾਰ ਦੀ ਯੋਜਨਾ ਠੰਡੇ ਬਸਤੇ ਵਿਚ ਪਏ ਪ੍ਰਮੋਸ਼ਨ ਵਿਚ ਰਿਜ਼ਰਵੇਸ਼ਨ ਬਿਲ ਨੂੰ ਨਵੇਂ ਸਿਰੇ ਤੋਂ ਲੋਕ ਸਭਾ ਵਿਚ ਪੇਸ਼ ਕਰਨਾ ਹੈ। ਖਾਸ ਗੱਲ ਇਹ ਹੈ ਕਿ ਵਿਰੋਧੀ ਧਿਰ ਨੂੰ ਘੇਰਨ ਅਤੇ ਉਸ ਵਿਚ ਫੁੱਟ ਪਾਉਣ ਦਾ ਚੱਕਰਵਿਊ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਰ ਰਹੇ ਹਨ। ਪੀ. ਐਮ. ਮੋਦੀ ਨੇ ਪ੍ਰਮੋਸ਼ਨ ਵਿਚ ਰਿਜ਼ਰਵੇਸ਼ਨ ਦੇ ਮੁੱਦੇ ਨੂੰ ਤੂਲ ਦੇਣ ਦੀ ਰਣਨੀਤੀ ਬਣ-ਾਉਣ ਦੀ ਜ਼ਿੰਮੇਵਾਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ, ਵਿੱਤ ਮੰਤਰੀ ਅਰੁਣ ਜੇਤਲੀ ਅਤੇ ਸੰਸਦੀ ਕੰਮਾਂ ਦੇ ਮੰਤਰੀ ਵੈਂਕਈਆ ਨਾਇਡੂ ਨੂੰ ਦਿੱਤੀ ਹੈ।

ਸਰਕਾਰ ਦੇ ਰਣਨੀਤੀਕਾਰਾਂ ਨੂੰ ਲੱਗਦਾ ਹੈ ਕਿ ਇਸ ਸਿਆਸੀ ਦਾਅ ਦਾ ਲਾਭ ਉਸਨੂੰ ਨਾ ਕੇਵਲ ਸੰਸਦ ਵਿਚ ਮਿਲੇਗਾ, ਬਲਕਿ ਉਹ ਬਿਹਾਰ ਵਿਧਾਨ ਸਭਾ ਚੋਣਾਂ ਵਿਚ ਵੀ ਇਸਦਾ ਫਾਇਦਾ ਲਵੇਗੀ। ਉਥੇ ਹੀ ਪਾਰਟੀ ਭ੍ਰਿਸ਼ਟਾਚਾਰ ਦੇ ਮੋਰਚੇ ਤੇ ਕਾਂਗਰਸ ਨੂੰ ਘੇਰਨ ਦੇ ਲਈ ਕਰਨਾਟਕ ਦੇ ਮੁੱਖ ਮੰਤਰੀ ਸਿਦਾਰਮਈਆ ਤੇ ਨਿਸ਼ਾਨਾ ਲਗਾਵੇਗੀ। ਉਤਰਾਖੰਡ ਦੇ ਸੀ. ਐਮ. ਹਰੀਸ਼ ਰਾਵਤ ਅਤੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਵੀਰਭਦਰ ਸਿੰਘ ਤੋਂ ਬਾਅਦ ਪਾਰਟੀ ਹੁਣ ਸਿਦਰਮਈਆ ਤੇ ਜ਼ਮੀਨ ਘੁਟਾਲੇ ਦਾ ਦੋਸ਼ ਲਗਾਵੇਗੀ।

ਵਰਣਨਯੋਗ ਹੈ ਕਿ ਯੂ. ਪੀ. ਏ. ਸਰਕਾਰ ਦੇ ਕਾਰਜਕਾਲ ਦੌਰਾਨ ਸਾਰੀਆਂ ਪਾਰਟੀਆਂ ਵਿਚਕਾਰ ਸਹਿਮਤੀ ਨਾ ਬਣਨ ਕਰਕੇ ਪ੍ਰਮੋਸ਼ਨ ਵਿਚ ਰਿਜ਼ਰਵੇਸ਼ਨ ਦਾ ਮਾਮਲਾ ਅਟਕ ਗਿਆ ਸੀ। ਉਦੋਂ ਬਸਪਾ ਇਸਦਾ ਸਮਰਥਨ ਕਰ ਰਹੀ ਸੀ, ਪਰ ਸਪਾ ਨੇ ਲਗਾਤਾਰ ਇਸ ਬਿਲ ਦਾ ਤਿੱਖਾ ਵਿਰੋਧ ਕੀਤਾ। ਨਵੇਂ ਸਰੂਪ ਵਿਚ ਇਸ ਗੱਲ ਤੇ ਵਿਚਾਰ ਕਰਨ ਦੀ ਜ਼ਿੰਮੇਵਾਰੀ ਪੀ. ਐਮ. ਮੋਦੀ ਨੇ ਆਪਣੇ ਤਿੰਨ ਅਹਿਮ ਮੰਤਰੀਆਂ ਨੂੰ ਦਿੱਤੀ ਹੈ। ਸੂਤਰਾਂ ਨੇ ਦੱਸਿਆ ਕਿ ਇਸ ਬਿਲ 'ਤੇ ਮਹਾਰਾਸ਼ਟਰ ਤੋਂ ਭਾਜਪਾ ਸਾਂਸਦ ਅਮਰ ਸਾਵਲੇ ਨੇ ਪੀ. ਐਮ. ਮੋਦੀ ਦੇ ਮੂਹਰੇ ਪ੍ਰੈਜ਼ੈਂਟੇਸ਼ਨ ਦਿੱਤੀ ਸੀ। ਪੀ. ਐਮ. ਮੋਦੀ ਨੇ ਵੀਰਵਾਰ ਰਾਤ ਨਾਇਡੂ ਨੂੰ ਇਸ ਪ੍ਰੈਜ਼ੈਂਟੇਸ਼ਨ ਤੇ ਜੇਤਲੀ ਅਤੇ ਰਾਜਨਾਥ ਦੇ ਨਾਲ ਵਿਚਾਰ ਕਰਨ ਦੇ ਨਿਰਦੇਸ਼ ਦਿੱਤੇ।



ਡਾ. ਅੰਜੂ ਕਾਜਲ, ਜਨਰਲ ਸਕੱਤਰ ਦਿੱਲੀ ਐਮ. ਪੀ. ਡਾ. ਉਦਿਤ ਰਾਜ ਦੇ ਨਾਲ ਲੰਡਨ ਵਿਖੇ ਉਹਨਾਂ ਵੱਲੋਂ ਆਯੋਜਿਤ ਆਲ ਇੰਡੀਆ ਕਾਨਫਰੰਸ ਆਫ ਐਸ. ਸੀ./ ਐਸ. ਟੀ. ਆਰਗੇਨਾਈਜੇਸ਼ਨ ਦੇ ਸਮਾਗਮ ਵਿਚ ਸ਼ਾਮਲ ਹੋਣ ਲਈ ਪਹੁੰਚੇ।

# ਖੌਫ ਦੇ ਸਾਏ ਵਿਚ ਬਲਾਤਕਾਰ ਪੀੜ੍ਹਤ ਦਾ ਪਰਿਵਾਰ

**ਮੈਨੀਪੁਰ (ਉਤਰ ਪ੍ਰਦੇਸ਼)–** ਇਕ ਹਫਤਾ ਪਹਿਲਾਂ ਬਲਾਤਕਾਰ ਦਾ ਸ਼ਿਕਾਰ ਬਣੀ ਦਲਿਤ ਲੜਕੀ ਦਾ ਪਰਿਵਾਰ ਖੌਫ ਵਿਚ ਹੈ। ਪੀੜਤ ਪਰਿਵਾਰ ਨੇ ਦੋਸ਼ੀ ਪੱਖ ਤੇ ਭੈਅ ਦਾ ਵਾਤਾਵਰਣ ਪੈਦਾ ਕਰਨ ਅਤੇ ਖੌਫਜ਼ਦਾ ਕਰਕੇ ਸਮਝੌਤਾ ਕਰਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਹੈ।

18 ਜੁਲਾਈ ਦੀ ਰਾਤ 8 ਵਜੇ ਬਿਛਵਾਂ ਖੇਤਰ ਦੇ ਇਕ ਪਿੰਡ ਦੀ ਨਿਵਾਸੀ ਦਲਿਤ ਲੜਕੀ ਆਪਣੀ ਭਰਜਾਈ ਦੇ ਨਾਲ ਖੇਤਾਂ ਵਿਚ ਗਈ ਸੀ, ਉਦੋਂ ਪਿੰਡ ਦਾ ਨਿ-ਵਾਸੀ ਰਹੀਸ ਖਾਂ ਉਥੇ ਪਹੁੰਚ ਗਿਆ।

ਉਸਨੇ ਲੜਕੀ ਨਾਲ ਬਲਾਤਕਾਰ ਕੀਤਾ, ਬਚਾਉਣ ਲਈ ਪਹੁੰਚੀ ਭਰਜਾਈ ਦੇ ਸਿਰ ਤੇ ਪਿਸਤੌਲ ਤਾਣ ਲਿਆ ਅਤੇ ਉਸਨੂੰ ਉਡਾਉਣ ਦੀ ਧਮਕੀ ਦਿੱਤੀ। ਬਾਅਦ ਵਿਚ ਹੋਰ ਪਿੰਡ ਵਾਸੀਆਂ ਨੂੰ ਦੇਖ ਕੇ ਦੋਸ਼ੀ ਫਰਾਰ ਹੋ ਗਿਆ। ਰਾਤ ਨੂੰ ਪੀੜਤ ਪਰਿਵਾਰ ਥਾਣੇ ਪਹੁੰਚਿਆ, ਜਿੱਥੇ ਛੇੜਖਾਨੀ ਦਾ ਪਰਚਾ ਦਰਜ ਕੀਤਾ। ਸਵੇਰ ਹੋਣ ਤੇ ਪਿੰਡ ਦੇ ਲੋਕਾਂ ਨੇ ਐਸ. ਪੀ. ਦੇ ਘਰ ਨੂੰ ਘੇਰਦੇ ਹੋਏ ਹੰਗਾਮਾ ਕੀਤਾ। ਪਰਿਵਾਰ ਵਾਲਿਆ ਦਾ ਕਹਿਣਾ ਸੀ ਕਿ ਲੜਕੀ ਦੇ ਨਾਲ ਬਲਾਤਕਾਰ ਹੋਇਆ ਹੈ।

# "ਮਹਿਫਲ-ਏ-ਗਜ਼ਲ" ਸ਼ਾਮ ਨੇ ਫਰਿਜ਼ਨੋ ਵਿਖੇ ਬੰਨਿਆ ਆਪਣੀ ਗਾਇਕੀ ਦਾ ਰੰਗ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਉੱਭੀ ਧਾਲੀਆਂ/ ਨੀਟਾ ਮਾਛੀਕੇ):** ਹਮੇਸਾ ਹੀ ਵਿਦੇਸ਼ਾ ਵਿੱਚ ਵਸਦੇ ਪੰਜਾਬੀ ਆਪਣੀ ਸਾਫ-ਸੁੱਥਰੀ ਪਰਿਵਾਰਕ ਸੱਭਿਆਚਾਰਕ ਗਾਇਕੀ ਨੂੰ ਪ੍ਰੋਮੋਟ ਕਰਨ ਵਿੱਚ ਲੱਗੇ ਰਹਿੰਦੇ ਹਨ। ਇਸੇ ਲੜੀ ਤਹਿਤ ਫਰਿਜ਼ਨੋ ਦੇ 'ਇੰਡੀਅਨ ਅਵਨ' ਰੈਸ਼ਟੋਰੈਂਟ ਵਿੱਚ ਇੱਕ 'ਮਹਿਫਲ-ਏ-ਗਜ਼ਲ' ਸਾਮ





ਬਾਲੀਵੁੱਡ ਇੰਟਰਟੇਨਰ ਦੇ ਜਸਵੰਤ ਸਿੰਘ ਮਹਿਮੀ ਨੇ ਆਪਣੇ ਸਹਿਯੋਗੀਆਂ ਨਾਲ ਰਲ ਕੇ ਕਰਵਾਈ ਗਈ। ਮਹਿਫਲ ਦਾ ਆਗਾਜ਼ ਕੁਲਬੀਰ ਬਰਾੜ ਨੇ ਸਭ ਨੂੰ ਜੀ ਆਇਆ ਕਹਿੰਦੇ ਹੋਏ ਕੀਤਾ। ਉਪਰੰਤ ਸਟੇਜ਼ ਤੋਂ ਜਸਵੰਤ ਸਿੰਘ ਮਹਿੰਮੀ ਨੇ ਪ੍ਰਸਿੱਧ ਗਜ਼ਲ ਗਾਇਕ ਸੁਰਿੰਦਰ ਖਾਨ ਨੂੰ ਪੇਸ਼ ਕੀਤਾ। ਜਿੰਨ੍ਹਾਂ ਨੇ ਆਪਣੀ ਗਾਇਕੀ ਰਾਹੀ ਵੱਖ-ਵੱਖ ਗਜ਼ਲਾ ਅਤੇ ਗੀਤਾਂ ਨੂੰ ਆਪਣੀ ਸੁਰੀਲੀ ਆਵਾਜ਼ ਰਾਹੀ ਸਰੋਤਿਆ ਦੇ ਰੂਬਰੂ ਕੀਤਾ। ਇਸ ਬਾਅਦ 'ਵੌਆਇਸ ਆਫ ਪੰਜਾਬ' ਅਵਾਰਡ ਜੇਤੂ ਪਰਮਜੀਤ ਕੌਰ ਨੇ ਆਪਣੀ ਬੁਲੰਦ ਮਨਮੋਹਿਕ ਅਵਾਜ਼ ਰਾਹੀ ਬਹੁਤ ਸਾਰੇ ਗੀਤ ਗਾ ਝੂਮਣ ਲਾ ਦਿੱਤਾ। ਇਨ੍ਹਾਂ ਦੋਨਾਂ ਕਲਾਕਾਰਾ ਨੇ ਕੁਝ ਦੁਗਾਣੇ ਵੀ ਆਪਣੀ ਸੁਰੀਲੀ ਆਵਾਜ਼ ਰਾਹੀ ਗਾਏ। ਚਾਰ ਘੰਟੇ ਤੋਂ ਵਧੀਕ ਚੱਲੇ ਇਸ ਪ੍ਰੋਗਰਾਮ ਵਿੱਚ ਹਾਜ਼ਰੀਨ ਨੇ ਆਪਣੇ ਮਨਭਾਉਦੇ ਗੀਤਾਂ ਅਤੇ ਗਜ਼ਲਾਂ ਦਾ ਭਰਪੂਰ ਅਨੰਦ ਮਾਣਿਆ। ਇਸ ਮਹਿਫਲ ਦੇ ਅੰਤਲੇ ਪੜਾਅ 'ਤੇ ਸਭ ਨੇ ਆਪਣੇ ਚਹੇਤੇ ਕਲਾਕਾਰਾ ਨਾਲ ਰਲਕੇ ਡਾਂਸ਼ ਕੀਤਾ ਅਤੇ ਸ਼ਾਨਦਾਰ ਡਿਨਰ ਦਾ ਅਨੰਦ ਮਾਣਿਆ।

# ਡਾਂਗਵਾਸ ਹੱਤਿਆਕਾਂਡ: ਜੋ ਮਾਰੇ ਗਏ ਉਹੀ ਸ਼ੱਕ ਦੇ ਘੇਰੇ ਵਿਚ

**ਨਾਗੌਰ (ਰਾਜਸਥਾਨ)–** ਰਾਜਸਥਾਨ ਦਾ ਨਾਗੌਰ ਜ਼ਿਲ੍ਹਾ ਸੋਕਾ ਪ੍ਰਭਾਵਿਤ ਖੇਤਰ ਹੈ। 2011 ਦੀ ਜਨਗਣਨਾਮੁਤਾਬਕ ਨਾਗੌਰ ਦੀ ਜਨਸੰਖਿਆ 27,75,058 ਹੈ, ਜਿਸ ਵਿਚੋਂ 22,87,721 ਜਨਸੰਖਿਆ ਪਿੰਡਾਂ ਵਿਚ ਰਹਿਦੀ ਹੈ। ਇਹ ਜਾਟ (ਪੱਛੜਿਆ ਵਰਗ) ਬਹੁਗਿਣਤੀ ਇਲਾਕਾ ਹੈ। ਦੂਜੇ ਨੰਬਰ ਤੇ ਮੇਘਵਾਲ (ਦਲਿਤ)) ਆਉਂਦੇ ਹਨ। ਇਸ ਤੋਂ ਇਲਾਵਾਦਲਿਤ ਜਾਤੀਆਂ ਵਿਚ ਚੌਕੀਦਾਰ, ਰੇਗਰ, ਖਟੀਕ ਆਦਿ ਜਾਤੀਆਂ ਆਉਂਦੀਆਂ ਹਨ। ਜਾਟ ਅਤੇ ਦਲਿਤ ਤੋਂ ਇਲਾਵਾ ਰਾਜਪੂਤ, ਬ੍ਰਾਹਮਣ, ਬੁਣਾਈਕਾਰ, ਮਾਰੂ, ਤਰਖਾਣ, ਜੈਨ ਅਤੇ ਮੁਸਲਮਾਨ ਵੀ ਹਨ। ਮੁਸਲਮਾਨਾਂ ਨੂੰ ਛੱਡ ਕੇ ਜ਼ਮੀਨ ਸਾਰੀਆਂ ਜਾਤੀਆਂ ਕੋਲ ਥੋੜ੍ਹੀ ਬਹੁਤੀ ਜ਼ਰੂਰ ਹੈ। ਜਾਟ, ਮੇਘਵਾਲ, ਰਾਜਪੂਤ, ਬ੍ਰਾਹਮਣਾਂ ਦੇ ਕੋਲ ਜ਼ਿਆਦਾ ਜ਼ਮੀਨ ਹੈ। ਜਾਟ ਅਤੇ ਮੇਘਵਾਲ ਹੀ ਜ਼ਿਆਦਾ ਗਿਣਤੀ ਵਿਚ ਨੌਕਰੀਆਂ ਕਰਦੇ ਹਨ।

ਇਸ ਇਲਾਕੇ ਵਿਚ ਜਾਤੀ ਬਹੁਤ ਹੀ ਮਜ਼ਬੂਤ ਹੈ। ਇਸ ਇਲਾਕੇ ਵਿਚ ਜਾਣ ਤੇ ਜਾਤੀ ਜ਼ਰੂਰ ਪੁੱਛੀ ਜਾਂਦੀ ਹੈ। ਭਾਰਤ ਵਿਚ ਦਲਿਤਾਂ ਦੇ ਕੋਲ ਜ਼ਮੀਨ ਨਾਮਾਤਰ ਹੀ ਹੈ, ਪਰ ਇਸ ਇਲਾਕੇ ਵਿਚ ਦਲਿਤਾਂ ਦੇ ਕੋਲ ਜ਼ਮੀਨ ਹੋਣਾ ਹੈਰਾਨੀ ਦੀ ਗੱਲ ਹੈ। ਇਸ ਇਲਾਕੇ ਦੇ ਧਰਮਪਾਲ ਡੇਵਾਲ ਨੇ ਦੱਸਿਆ ਕਿ ਜਾਟ ਅਤੇ ਮੇਘਵਾਲ ਦੋਵੇਂ ਰਾਜੇ ਦੇ ਕੋਲ ਬਗਾਰ ਦਾ ਕੰਮ ਕਰਿਆ ਕਰਦੇ ਸਨ। ਰਾਜਾ ਬਲਦੇਵਰਾਜ ਮਿਰਦਾ ਜਦੋਂ ਇਸ ਇਲਾਕੇ ਵਿਚ ਘੁੰਮ ਰਹੇ ਸਨ ਤਾਂ ਉਹਨਾਂ ਦੇ ਨਾਲ ਜਾਟ ਅਤੇ ਮੇਘਵਾਲ ਜਾਤੀ ਦੇ ਲੋਕ ਸਨ। ਇਸ ਕਰਕੇ ਜਾਟ ਅਤੇ ਮੇਘਵਾਲ ਦੇ ਕੋਲ ਜ਼ਮੀਨ ਜ਼ਿਆਦਾ ਹੈ। ਇਹ ਇਲਾਕਾ ਸੋਕਾ ਪ੍ਰਭਾਵਿਤ ਸੀ, ਇਸ ਕਰਕੇ ਦਬੰਗ ਜਾਤੀਆਂ ਨੂੰ ਜ਼ਮੀਨ ਦਾ ਪਹਿਲਾਂ ਲਾਲਚ ਨਹੀਂ ਦਿੱਤਾ ਅਤੇ ਜ਼ੋਰ ਜਬਰਦਤੀ ਨਾਲ ਜ਼ਮੀਨ ਖੋਹੀ ਗਈ।

# ਮੰਦਬੁੱਧੀ ਦਲਿਤ ਲੜਕੀ ਨਾਲ ਬਲਾਤਕਾਰ

**ਵਜੀਰਗੰਜ (ਉਤਰ ਪ੍ਰਦੇਸ਼)–** ਦਰਿੰਦਗੀ ਅਤੇ ਹੈਵਾਨੀਅਤ ਦੀਆਂ ਘਟਨਾਵਾਂ ਦੇ ਲਈ ਬਦਨਾਮ ਬਦਾਯੂੰ ਦੀ ਧਰਤੀ ਇਕ ਵਾਰ ਹੋਰ ਕਲੰਕ ਨਾਲ ਭਰ ਗਈ। ਇਸ ਵਾਰ ਵਜੀਰਗੰਜ ਥਾਣਾ ਖੇਤਰ ਦੇ ਇਕ ਪਿੰਡ ਵਿਚ ਵਹਿਸ਼ੀਪਣ ਦੀਆਂ ਹੱਦਾਂ ਪਾਰ ਕਰਦੇ ਹੋਏ ਇਕ ਲੜਕੇ ਨੇ ਪਿੰਡ ਦੀ ਰਹਿਣ ਵਾਲੀ ਮੰਦਬੁੱਧੀ ਦਲਿਤ ਲੜਕੀ ਦੀ ਇੱਜਤ ਲੁੱਟ ਲਈ। ਘਰ ਵਿਚ ਇਕੱਲੀ ਲੜਕੀ ਨੂੰ ਦੇਖਕੇ ਬੰਦੀ ਬਣਾ ਲਿਆ ਅਤੇ ਬਲਾਤਕਾਰ ਕੀਤਾ। ਘਟਨਾ ਦੀ ਜਾਣਕਾਰੀ ਮਿਲਦੇ ਹੀ ਪਰਿਵਾਰ ਵਾਲੇ ਉਸਨੂੰ ਲੈ ਕੇ ਥਾਣੇ ਪਹੁੰਚੇ, ਜਿੱਥੇ ਪੁਲਿਸ ਨੇ ਦੋਸ਼ੀ ਅਮਿਤ ਦੇ ਖਿਲਾਫ ਪਰਚਾ ਦਰਜ ਕਰਕੇ ਪੀੜਤਾ ਦਾ ਮੈਡੀਕਲ ਕਰਵਾਇਆ। ਮੰਦਬੁੱਧੀ ਦਲਿਤ 14 ਸਾਲ ਦੀ ਲੜਕੀ ਘਰੇ ਇਕੱਲੀ ਸੀ ਅਤੇ ਪਰਿਵਾਰ ਵਾਲੇ ਖੇਤ ਗਏ ਹੋਏ ਸਨ। ਇਸ ਦੌਰਾਨ ਮੌਕਾ ਪਾ ਕੇ ਦੋਸ਼ੀ ਅਮਿਤ ਘਰ ਵਿਚ ਵੜ ਆਇਆ। ਉਸ ਵਕਤ ਲੜਕੀ ਚਾਰਪਾਈ ਤੇ ਬੈਠੀ ਸੀ। ਦੋਸ਼ੀ ਨੇ ਆਉਂਦੇ ਹੀ ਲੜਕੀ ਨੂੰ ਜ਼ਮੀਨ ਤੇ ਸੁੱਟ ਲਿਆ ਅਤੇ ਉਸਨੂੰ ਖਿੱਚ ਕੇ ਕਮਰੇ ਵਿਚ ਲੈ ਗਿਆ। ਲੜਕੀ ਦੇ ਪਰਿਵਾਰ ਵਾਲੇ ਜਦੋਂ ਘਰ ਪਹੁੰਚੇ ਤਾਂ ਉਸਨੂੰ ਦੇਖ ਕੇ ਉਹਨਾਂ ਦੇ ਹੋਸ਼ ਉਡ ਗਏ।

# ਪੰਜਾਬ, ਪੰਥ, ਸ਼੍ਰੋਮਣੀ ਕਮੇਟੀ ਅਤੇ ਇੱਥੋਂ ਦੇ ਸਿਆਸੀ ਦਲ



ਸਤਨਾਮ ਸਿੰਘ ਚਾਹਲ
(408-221-5732)

ਇਤਿਹਾਸ ਗਵਾਹ ਹੈ ਕਿ 1947 ਤੋਂ ਬਾਅਦ ਭਾਰਤੀ ਲੀਡਰਾਂ ਨੇ ਸਿੱਖਾਂ ਦੇ ਸਾਰੇ ਅਹਿਸਾਨ ਤੇ ਉਨ੍ਹਾਂ ਨਾਲ ਕੀਤੇ ਵਾਅਦੇ ਭੁਲਾ ਕੇ ਪੰਥ ਤੇ ਪੰਜਾਬ ਨੂੰ ਖੂੰਜੇ ਲਗਾਉਣ ਦੀਆਂ ਨੀਤੀਆਂ 'ਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ। 47ਵਿਆਂ ਦੇ ਦੌਰ ਦੇ ਸਿੱਖ ਲੀਡਰਾਂ ਦੀ ਲਿਆਕਤ (ਚੰਗੀ ਜਾਂ ਮਾੜੀ) 'ਤੇ ਵੀ ਸਿੱਖ ਕੌਮ ਦੀ ਕੋਈ ਇੱਕ ਰਾਏ ਨਹੀਂ। ਬਹੁਤੀ ਵਾਰ ਸਵਾਲ ਉੱਠਦੇ ਰਹਿੰਦੇ ਹਨ ਪਰ ਮੌਜੂਦਾ ਸਿੱਖ ਲੀਡਰਸ਼ਿਪ ਦੀ ਕਾਰਗੁਜ਼ਾਰੀ ਤੋਂ ਸੰਸਾਰ ਦਾ ਹਰ ਜਾਗਰੂਕ ਸਿੱਖ ਨਿਰਾਸ਼ ਹੈ। ਸਾਡੇ ਲੀਡਰਾਂ ਵਿੱਚ ਉਹ ਕੋਈ ਗੁਣ ਨਜ਼ਰ ਨਹੀਂ ਆ ਰਿਹਾ ਜੋ ਕਿਸੇ ਕੌਮ ਦੇ ਲੀਡਰਾਂ ਵਿੱਚ ਹੋਣਾ ਜ਼ਰੂਰੀ ਹੈ। ਉਹ ਵੀ ਉਦੋਂ ਜਦੋਂ ਕੌਮ ਉਸ ਨਿਜ਼ਾਮ ਵਿੱਚ ਰਹਿ ਰਹੀ ਹੋਵੇ, ਜਿਸਨੂੰ ਫ਼ਿਰਕੂ ਜਹਿਨੀਅਤ ਹੀ ਗੁੜ੍ਹਤੀ ਵਿੱਚ ਮਿਲੀ ਹੋਵੇ ਤੇ ਜਿੱਥੇ ਸਰਕਾਰਾਂ ਦੇ ਖੈਰ-ਖਵਾਹ ਸਿੱਧਮ ਸਿੱਧਾ ਦੂਜੀਆਂ ਕੌਮਾਂ ਨੂੰ ਧਮਕੀਆਂ ਦਿੰਦੇ ਹੋਣ ਕਿ 2020 ਤੱਕ ਇਸ ਦੇਸ਼ 'ਚੋਂ ਤੁਹਾਡਾ ਨਾਮੋ ਨਿਸ਼ਾਨ ਮਿਟਾ ਦਿਆਂਗੇ। ਉਸ ਦੇਸ਼ ਵਿੱਚ ਸਿੱਖਾਂ ਦੇ ਲੀਡਰਾਂ ਦੀ 'ਕਾਬਲੀਅਤ' ਦੇਖ ਕੇ ਨਿਰਾਸ਼ਤਾ ਹੋਣੀ ਲਾਜ਼ਮੀ ਹੈ। ਇਸ ਤੋਂ ਸ਼ਰਮ ਦੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਸਾਡੇ ਆਗੂਆਂ ਨੂੰ ਇੰਨੀ ਕੁ ਵੀ ਸਮਝ ਨਹੀਂ ਕਿ ਵਿਦੇਸ਼ਾਂ ਵਿੱਚ ਜਾ ਕੇ ਕੀ ਗੱਲ ਕਰਨੀ ਹੈ ਤੇ ਕਿਵੇਂ ਕਰਨੀ ਹੈ। ਇਸ ਹਾਲਤ 'ਚ ਸਾਡੇ ਆਗੂਆਂ ਨੂੰ ਉਨ੍ਹਾਂ ਦੇਸ਼ਾਂ ਦੇ ਆਗੂ ਝਾੜਾਂ ਪਾ ਕੇ ਜਦੋਂ ਲਿਆਕਤ ਦਾ ਪਾਠ ਪੜ੍ਹਾਉਂਦੇ ਹਨ ਤਾਂ ਪੂਰੀ ਸਿੱਖ ਕੌਮ ਦਾ ਸਿਰ ਸ਼ਰਮ ਨਾਲ ਨੀਵਾਂ ਹੁੰਦਾ ਹੈ।

ਸਾਡੀ ਕੌਮ ਦਾ ਜਿੰਨਾ ਨੁਕਸਾਨ ਸਾਡੇ ਆਪਣੇ ਲੀਡਰਾਂ ਨੇ ਕੀਤਾ ਹੈ ਕਦੇ ਦੁਸ਼ਮਣ ਨੇ ਵੀ ਨਹੀਂ ਕੀਤਾ। ਲੀਡਰਾਂ ਦੀਆਂ ਚੌਧਰਾਂ ਅਤੇ ਗਦਾਰੀਆਂ ਦਾ ਸਿਲਸਿਲਾ ਤਾਂ ਬਾਬਾ ਬੰਦਾ ਸਿੰਘ ਬਹਾਦਰ ਸਮੇਂ ਹੀ ਸ਼ੁਰੂ ਹੋ ਗਿਆ ਸੀ ਜਿਸਦਾ ਨਤੀਜਾ ਸਿੱਖ ਰਾਜ ਦੇ ਖ਼ਾਤਮੇ ਅਤੇ ਬਾਬਾ ਬੰਦਾ ਸਿੰਘ ਸਮੇਤ ਹਜ਼ਾਰਾਂ ਸਿੱਖਾਂ ਦੀਆਂ ਸ਼ਹੀਦੀਆਂ ਵਿੱਚ ਨਿਕਲਿਆ। ਉਦੋਂ ਦੀ ਮਾਰੀ ਹੋਈ ਕੌਮ ਅੱਜ ਤੱਕ ਭਟਕ ਰਹੀ ਹੈ। ਦੂਜੇ ਪਾਸੇ ਅੱਜ ਤੱਕ ਆਗੂਆਂ ਦੀ ਚੌਧਰਾਂ ਦੀ ਲਾਲਸਾ, ਗਦਾਰੀਆਂ ਤੇ ਨਾ ਅਹਿਲੀਅਤ ਨੇ ਪਿੱਛਾ ਨਹੀਂ ਛੱਡਿਆ ਅੱਜ ਤੱਕ ਪੰਥ ਤੇ ਪੰਜਾਬ ਇਨ੍ਹਾਂ ਅਲਾਮਤਾਂ ਦਾ ਸੰਤਾਪ ਝੱਲ ਰਹੇ ਹਨ। ਗੱਲ ਇਹ ਨਹੀਂ ਕਿ ਸਿੱਖ ਕੌਮ ਵਿੱਚ ਕੋਈ ਯੋਗ ਆਗੂ ਹੀ ਨਹੀਂ। ਪਰ ਇਨ੍ਹਾਂ ਦੀ ਗਿਣਤੀ ਬਹੁਤ ਘੱਟ ਹੋਣ ਕਾਰਨ ਉਕਤ ਤਿੰਨਾਂ ਤਰ੍ਹਾਂ ਦੇ ਆਗੂਆਂ ਵਿੱਚ ਘਿਰੇ ਹੋਣ ਕਾਰਨ ਉਹ ਕੁੱਝ ਕਰ ਸਕਣ ਦੇ ਸਮਰਥ ਨਹੀਂ ਹਨ।

ਜਿੱਥੋਂ ਤੱਕ ਸਿੱਖ ਮਸਲਿਆਂ ਦਾ ਮਾਮਲਾ ਹੈ ਅੱਜ ਤੱਕ ਇਨ੍ਹਾਂ ਨੂੰ ਸੁਲਝਾਉਣ ਦੀ ਥਾਂ ਇਨ੍ਹਾਂ ਨੂੰ ਲਟਕਾ ਕੇ ਰੱਖਣ ਨੂੰ ਹੀ ਪਹਿਲ ਦਿੱਤੀ ਜਾ ਰਹੀ ਹੈ ਤਾਂ ਜੋ ਇਨ੍ਹਾਂ ਦੇ ਸਹਾਰੇ ਰਾਜਸੀ ਰੋਟੀਆਂ ਪੱਕਦੀਆਂ ਰਹਿਣ। ਇਹ ਸਿਰਫ਼ ਸੱਤਾ 'ਤੇ ਕਾਬਜ਼ ਸਿੱਖ ਆਗੂਆਂ ਦੀ ਹੀ ਨਹੀਂ ਸਗੋਂ ਸ: ਪਰਕਾਸ਼ ਸਿੰਘ ਬਾਦਲ ਦੇ ਵਿਰੋਧੀ ਗਰੁੱਪਾਂ ਦੀ ਵੀ ਇਹੀ ਫ਼ਿਤਰਤ ਹੈ। ਉਨ੍ਹਾਂ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਵੀ ਇਹੀ ਸਾਬਤ ਕਰਦੀ ਹੈ ਕਿ ਕੌਮੀ ਬਿਹਤਰੀ ਨਾਲੋਂ ਇਨ੍ਹਾਂ ਨੂੰ ਆਪਣੇ ਨਿੱਜੀ ਹਿੱਤਾਂ ਜ਼ਿਆਦਾ ਪਿਆਰੇ ਹਨ। 1984 ਦੇ ਸਿੱਖ ਕਤਲੇਆਮ ਦੌਰਾਨ ਸਿਰਫ਼ ਦਿੱਲੀ ਵਿੱਚ ਹੀ 10 ਹਜ਼ਾਰ ਸਿੱਖਾਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਧੜੇਬੰਦੀਆਂ ਕਾਰਨ ਇਨਸਾਫ਼ ਦੇ ਨਾਂ ਹੇਠ ਹੁਣ ਤੱਕ ਅੰਤਾਂ ਦੀ ਰਕਮ ਮੁਕੱਦਮਿਆਂ ਵਿੱਚ ਰੋੜ੍ਹ ਦਿੱਤੀ ਗਈ ਹੈ ਪਰ ਨਾ ਆਗੂ ਕੌਮ ਨੂੰ ਇਨਸਾਫ਼ ਦਿਵਾਉਣਾ ਚਾਹੁੰਦੇ ਸਨ ਨਾ ਮਿਲਿਆ। ਦੋ ਕਰੋੜ ਤੋਂ ਵੱਧ ਲੋਕਾਂ ਦੀ ਨੁਮਾਇੰਦਗੀ ਕਰਨ ਵਾਲੇ ਆਗੂ ਚਾਹੁਣ ਤਾਂ ਕੀ ਨਹੀਂ ਕਰ ਸਕਦੇ। ਕਾਨੂੰਨੀ ਤੇ ਸਿਆਸੀ ਮਾਹਿਰਾਂ ਦਾ ਤਾਂ ਇਹ ਵੀ ਕਹਿਣਾ ਹੈ ਕਿ ਪੀੜਤ ਧਿਰ ਦੇ ਆਗੂਆਂ ਦੇ ਨਾ ਚਾਹੁੰਦਿਆਂ ਅੱਜ ਕਿਸ਼ੋਰੀ ਲਾਲ ਵਰਗੇ ਲੋਕਾਂ ਦੀਆਂ ਸੱਤ-ਸੱਤ ਮਾਫ਼ੀਆਂ ਮਾਫ਼ ਨਹੀਂ ਹੋ ਸਕਦੀਆਂ। ਮਾਮਲੇ ਭਾਵੇਂ ਅਦਾਲਤਾਂ ਵਿੱਚ ਹਨ ਪਰ ਦੁਨੀਆ ਜਾਣਦੀ ਹੈ ਕਿ ਭਾਰਤ ਵਿੱਚ ਅਦਾਲਤਾਂ ਦੇ ਫ਼ੈਸਲੇ ਕਿਵੇਂ ਹੁੰਦੇ ਹਨ। ਸਿੱਖ ਕਤਲੇਆਮ ਦੇ ਗਵਾਹਾਂ ਨੂੰ ਧਮਕਾਉਣ ਵਿੱਚ ਅਕਾਲੀ ਦਲ ਦੇ ਕਈ ਆਗੂ ਬਦਨਾਮੀ ਤੱਕ ਖੱਟ ਚੁੱਕੇ ਹਨ। ਇੱਕ ਅੰਦਾਜ਼ੇ ਮੁਤਾਬਕ ਹੁਣ ਤੱਕ ਇਨ੍ਹਾਂ ਮੁਕੱਦਮਿਆਂ 'ਤੇ ਇੰਨੀ ਰਕਮ ਖ਼ਰਚੀ ਜਾ ਚੁੱਕੀ ਹੈ ਜਿਸ ਨਾਲ ਸਾਰੇ ਪੀੜਤਾਂ ਨੂੰ ਉਨ੍ਹਾਂ ਦੇ ਪੈਰਾਂ 'ਤੇ ਖੜ੍ਹੇ ਕਰਕੇ ਉਨ੍ਹਾਂ ਦੀ ਜ਼ਿੰਦਗੀ ਨੂੰ ਬਹੁਤ ਖ਼ੁਸ਼ਹਾਲ ਬਣਾਇਆ ਜਾ ਸਕਦਾ ਸੀ।ਇਹੋ ਹਾਲ ਦੇਸ਼ ਵਿਦੇਸ਼ ਦੇ ਗੁਰੂਦੁਆਰਿਆਂ ਦੀਆਂ ਪਰਬੰਧਕ ਕਮੇਟੀਆਂ ਦਾ ਜਿਹੜੀਆਂ ਕਰੋੜਾ ਰੂਪੈ ਕੋਰਟ ਕਚਹਿਰੀਆਂ ਵਿਚ ਆਪਣੇ ਧੜੇਬੰਦਕ ਮੁਕੱਦਮੇ ਜਿਤਣ ਉਪਰ ਲਗਾ ਰਹੀਆਂ ਹਨ।ਜੇਕਰ ਇਤਨਾ ਪੈਸਾ ਸਿਖ ਦੰਗਾ ਪੀੜਤਾਂ ਦੀ ਭਲਾਈ ਲਈ ਖਰਚ ਦਿਤਾ ਜਾਂਦਾ ਤਾਂ ਅਜ ਇਹ ਦੰਗਾ ਪੀੜਤ ਵੀ ਰੋਜੀ ਰੋਟੀ ਖਾਤਰ ਦਰ ਦਰ ਦੀਆਂ ਠੋਕਾਂ ਖਾਣ ਲਈ ਮਜਬੂਰ ਨਾ ਹੁੰਦੇ। ਪਰ ਸਾਡੀ ਲੀਡਰਸ਼ਿਪ ਨੂੰ ਤਾਂ ਦੰਗਾ ਪੀੜਤਾਂ ਦੇ ਜਖਮਾਂ ਉਪਰ ਆਪਣੀਆਂ ਰਾਜਨੀਤਕ ਰੋਟੀਆਂ ਸੇਕਣ ਦਾ ਹੀ ਚਸਕਾ ਹੈ ਜਿਸ ਨੂੰ ਉਹ ਪੂਰਾ ਕਰਨ ਨੂੰ ਹੀ ਪਹਿਲ ਦੇ ਰਹੇ ਹਨ।

ਕੌਮ ਵਿੱਚ ਧਾਰਮਿਕ ਤੇ ਇਖ਼ਲਾਕੀ ਤੌਰ 'ਤੇ ਆਏ ਨਿਘਾਰ ਦੀ ਇਹ ਮੂੰਹ ਬੋਲਦੀ ਇਕ ਹੋਰ ਤਸਵੀਰ ਇਹ ਵੀ ਹੈ ਕਿ ਸਜ਼ਾਵਾਂ ਕੱਟ ਚੁੱਕੇ ਸਿੱਖ ਕੈਦੀਆਂ ਨੂੰ ਜੇਲ੍ਹਾਂ ਵਿੱਚੋਂ ਰਿਹਾਅ ਕਰਵਾਉਣ ਲਈ ਭੁੱਖ ਹੜਤਾਲ 'ਤੇ ਬੈਠੇ ਬਾਪੂ ਸੂਰਤ ਸਿੰਘ ਦਾ ਸਮਰਥਨ ਤਾਂ ਦੂਰ ਪਹਿਲੇ ਤਿੰਨ ਮਹੀਨੇ ਤੱਕ ਕੋਈ ਉਨ੍ਹਾਂ ਦੀ ਖ਼ਬਰ ਪੁੱਛਣ ਲਈ ਵੀ ਨਾ ਪਹੁੰਚਿਆ। ਜਦੋਂ ਉਨ੍ਹਾਂ ਦੀ ਸਿਹਤ ਡਾਵਾਂ-ਡੋਲ ਹੋਣ ਲੱਗੀ ਤਾਂ ਜਾ ਕੇ ਕੁੱਝ ਜਥੇਬੰਦੀਆਂ ਨੇ ਉਨ੍ਹਾਂ ਦਾ ਹਾਲ ਪਤਾ ਕੀਤਾ ਅਤੇ ਸਮਰਥਨ ਦੇਣ ਦਾ ਫ਼ੈਸਲਾ ਕੀਤਾ। ਅਕਾਲੀ ਦਲ ਬਾਦਲ ਦੇ ਆਗੂ ਸਮੇਤ ਮੁੱਖ ਮੰਤਰੀ, ਬਾਪੂ ਸੂਰਤ ਸਿੰਘ ਦੀ ਭੁੱਖ ਹੜਤਾਲ ਨੂੰ ਮਜ਼ਾਕ ਵਿੱਚ ਉਡਾਉਂਦੇ ਰਹੇ।ਕਈ ਅਕਾਲੀ ਆਗੂਆਂ ਨੇ ਤਾਂ ਉਨ੍ਹਾਂ ਲਈ ਬਹੁਤ ਮਾੜੀ ਸ਼ਬਦਾਵਲੀ ਦੀ ਵਰਤੋਂ ਵੀ ਕੀਤੀ।

## ਸ਼੍ਰੋਮਣੀ ਕਮੇਟੀ ਅਤੇ ਸਿੱਖ ਡੇਰੇਦਾਰ

ਜੇ ਧਾਰਮਿਕ ਪੱਖ ਤੋਂ ਕੌਮ ਦੀ ਹਾਲਤ ਦੇਖੀਏ ਤਾਂ ਹੋਰ ਸੰਸਥਾਵਾਂ ਤਾਂ ਇੱਕ ਪਾਸੇ ਅਕਾਲ ਤਖ਼ਤ ਸਾਹਿਬ ਵਰਗੀ ਮਹਾਨ ਸੰਸਥਾ ਵੀ ਕੌਮ ਲਈ ਆਜ਼ਾਦ ਨਹੀਂ ਰਹੀ। ਬੜੇ ਲੰਮੇ ਸਮੇਂ ਤੋਂ ਸਿੱਖ ਕਲਪ ਰਹੇ ਹਨ ਕਿ ਇੱਥੋਂ ਜਾਰੀ ਹੁੰਦੇ ਹੁਕਮਨਾਮੇ ਆਰ. ਐੱਸ. ਐੱਸ ਦੇ ਹੈੱਡਕੁਆਟਰ ਤੋਂ ਜਾਰੀ ਹੁੰਦੇ ਹਨ। ਅਕਾਲੀ ਆਗੂਆਂ ਦੀਆਂ ਆਰ. ਐੱਸ. ਐੱਸ. ਨਾਲ ਨਜ਼ਦੀਕੀਆਂ ਅਤੇ ਨਿੱਤ ਹੁੰਦੀਆਂ ਮੀਟਿੰਗਾਂ ਕਿਸੇ ਤੋਂ ਛੁਪੀਆਂ ਨਹੀਂ ਰਹੀਆਂ। ਆਰ.ਐੱਸ.ਐੱਸ. ਦੇ ਆਗੂ ਇੱਕ ਵਾਰ ਤਾਂ ਮੀਡੀਏ ਵਿੱਚ ਵੀ ਇਹ ਦਾਅਵਾ ਕਰਦੇ ਰਹੇ ਹਨ ਹਨ ਕਿ ਉਹ ਤਖ਼ਤਾਂ ਦੇ ਜਥੇਦਾਰਾਂ ਨੂੰ 'ਤਨਖ਼ਾਹਾਂ' ਦਿੰਦੇ ਹਨ। ਤਖ਼ਤ ਤੋਂ ਜਾਰੀ ਹੋਏ ਹੁਕਮਨਾਮਿਆਂ ਵਿੱਚੋਂ ਕਈਆਂ ਨੇ ਤਾਂ ਕੌਮ ਨੂੰ ਵੰਡਣ ਦਾ ਕੰਮ ਕੀਤਾ ਤੇ ਸਿੱਖ ਬੁੱਧੀਜੀਵੀ ਦਾਅਵੇ ਨਾਲ ਇਨ੍ਹਾਂ ਹੁਕਮਨਾਮਿਆਂ ਨੂੰ ਖ਼ੁਫ਼ੀਆ ਏਜੰਸੀਆਂ ਤੇ ਆਰ.ਐੱਸ.ਐੱਸ ਦੀ ਖੇਡ ਕਹਿੰਦੇ ਰਹੇ। ਅੱਜ ਵੀ ਹਾਲਾਤ ਇਹੋ ਹਨ। ਜਥੇਦਾਰਾਂ ਤੋਂ ਜਾਂ ਤਖ਼ਤ ਤੋਂ ਕੋਈ ਅਜਿਹਾ ਆਦੇਸ਼ ਜਾਂ ਹੁਕਮਨਾਮਾ ਜਾਰੀ ਹੋਣ ਦੀ ਕੋਈ ਸਿੱਖ ਕਲਪਨਾ ਵੀ ਨਹੀਂ ਕਰ ਸਕਦਾ ਜੋ ਕੌਮ ਦੇ ਹਿੱਤ ਵਿੱਚ ਹੋਵੇ ਤੇ ਕੌਮ ਨੂੰ ਏਕੇ ਦੇ ਸੂਤਰ ਵਿੱਚ ਬੰਨ੍ਹਣ ਦਾ ਕੰਮ ਕਰੇ।

ਆਰ. ਐੱਸ. ਐੱਸ ਦੇ ਆਦੇਸ਼ਾਂ ਤੋਂ ਬਿਨਾਂ ਗੁਰਧਾਮਾਂ 'ਤੇ ਕਾਬਜ਼ ਰਾਜਸੀ ਧਿਰ ਦੇ ਹਿੱਤਾਂ ਲਈ ਵੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਨੂੰ ਵਰਤ ਕੇ ਮਨਮਰਜ਼ੀ ਦੇ ਹੁਕਮਨਾਮੇ ਜਾਰੀ ਕਰਵਾਏ ਜਾ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਆਹੁਦੇਦਾਰ ਤੇ ਮੁਲਾਜ਼ਮ ਜਿਸ ਢੰਗ ਨਾਲ ਆਪਣੀ ਡਿਊਟੀ ਨਿਭਾਉਂਦੇ ਹਨ ਉਸਨੂੰ ਦੇਖ ਕੇ ਉਨ੍ਹਾਂ ਵਿੱਚੋਂ ਗੁਰਮੁਖ ਦੀ ਨਹੀਂ ਸਗੋਂ ਮਨਮੁਖਾਂ ਦੀ ਇਮੇਜ ਹੀ ਝਲਕਦੀ ਹੈ ਉਂਝ ਵੇਸ-ਭੂਸ਼ਾ ਉਨ੍ਹਾਂ ਦੀ ਚੰਗੇ ਬੀਬੇ ਸਿੱਖਾਂ ਵਾਲੀ ਹੈ। ਇੰਝ ਲਗਦਾ ਹੈ ਜਿਵੇਂ ਸਿੱਖ ਦੋਖੀ ਹੀ ਸਿੱਖੀ ਬਾਣੇ ਪਾ ਕੇ ਸਾਡੀਆਂ ਸੰਸਥਾਵਾਂ 'ਤੇ ਕਾਬਜ਼ ਹੋ ਚੁੱਕੇ ਹੋਣ। ਇਹੀ ਹਾਲ ਸਿੱਖ ਧਰਮ ਦੇ ਪ੍ਰਚਾਰ ਤੇ ਖੋਜ ਲਈ ਬਣਾਏ ਸਿੱਖ ਇਤਿਹਾਸ ਰਿਸਰਚ ਬੋਰਡ ਦਾ ਹੈ। ਇਸ ਦੇ ਅਹੁਦੇਦਾਰ ਤਾਂ ਜਿਵੇਂ ਸਿੱਖ ਇਤਿਹਾਸ, ਸਿੱਖ ਫ਼ਿਲਾਸਫ਼ੀ ਤੇ ਗੁਰਬਾਣੀ ਦਾ ਮਲੀਆਮੇਟ ਕਰਨ ਦੀ ਸਹੁੰ ਹੀ ਖਾ ਕੇ ਹੀ ਇਨ੍ਹਾਂ ਅਹੁਦਿਆਂ 'ਤੇ ਬੈਠੇ ਹੋਣ। ਗੁਰੂਆਂ ਦਾ ਨਿਰਾਦਰ ਕਰਦੀਆਂ ਕਿਤਾਬਾਂ ਅਤੇ ਤੁਕਾਂ ਬਦਲ ਕੇ ਛਾਪੇ ਗਏ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸਭ ਇਸੇ ਵਰਤਾਰੇ ਦੀ ਦੇਣ ਹਨ। ਸ਼੍ਰੋਮਣੀ ਕਮੇਟੀ ਦੇ ਰਾਗੀਆਂ, ਢਾਡੀਆਂ ਪ੍ਰਚਾਰਕਾਂ ਦਾ ਜੋ ਰੂਪ ਲੋਕਾਂ ਸਾਹਮਣੇ ਆ ਰਿਹਾ ਹੈ ਉਸਦੇ ਜਵਾਬ ਦੇਸ਼ਾਂ-ਵਿਦੇਸ਼ਾਂ ਵਿੱਚ ਆਮ ਲੋਕਾਂ ਕੋਲੋਂ ਮੰਗੇ ਜਾ ਰਹੇ ਹਨ ਤੇ ਸਿੱਖਾਂ ਨੂੰ ਦੁਨੀਆ ਭਰ 'ਚ ਇਸ ਨਾ ਅਹਿਲ ਪ੍ਰਬੰਧ ਕਾਰਨ ਨਮੋਸ਼ੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਇਸ ਸਭ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਹਰ ਸਾਲ ਕਰੋੜਾਂ ਰੁਪਏ ਧਰਮ ਪ੍ਰਚਾਰ 'ਤੇ ਖ਼ਰਚਣ ਦੇ ਦਾਅਵੇ ਕਰਦੀ ਹੈ ਪਰ ਉਸਦਾ ਧਰਮ ਪ੍ਰਚਾਰ ਕਿਸ ਤਰ੍ਹਾਂ ਦਾ ਹੈ ਤੇ ਉਸਦਾ ਜੋ ਨਤੀਜਾ ਨਿਕਲ ਰਿਹਾ ਹੈ ਉਹ ਸਭ ਦੇ ਸਾਹਮਣੇ ਹੈ। ਸ਼੍ਰੋਮਣੀ ਕਮੇਟੀ ਦੇ ਬਹੁਤੇ ਪ੍ਰਚਾਰਕ ਕਿਸੇ ਸਵਾਲ ਦਾ ਸਹੀ ਤਰੀਕੇ ਨਾਲ ਜਵਾਬ ਤੱਕ ਨਹੀਂ ਦੇ ਸਕਦੇ ਤੇ ਇੱਧਰ-ਉੱਧਰ ਦੀਆਂ ਮਾਰਨ ਲੱਗਦੇ ਹਨ। ਜਿੰਨਾ ਕੁ ਵੀ ਉਨ੍ਹਾਂ ਨੂੰ ਗਿਆਨ ਹੈ, ਉਹ ਸਿੱਖੀ ਦੇ ਨੇੜੇ ਤੇੜੇ ਵੀ ਨਹੀਂ ਢੁਕਦਾ। ਬਹੁਤੇ ਡੇਰੇਦਾਰਾਂ ਤੋਂ ਸਿੱਖੇ ਹੋਏ ਸਿਫ਼ਾਰਸ਼ਾਂ ਨਾਲ ਭਰਤੀ ਹੋਏ ਲੋਕ ਹਨ। ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਜਿੱਥੇ ਸਿੱਖ ਧਰਮ ਇੱਕ ਆਧੁਨਿਕ ਫ਼ਿਲਾਸਫ਼ੀ ਵਾਲਾ ਧਰਮ ਹੈ ਉੱਥੇ ਪੰਥ ਦੀ ਸਿਰਮੌਰ ਜਥੇਬੰਦੀ ਦੇ ਪ੍ਰਚਾਰਕਾਂ ਦਾ ਗਿਆਨ ਅਤੇ ਉਨ੍ਹਾਂ ਦੇ ਮਾਨਸਿਕ ਪੱਧਰ ਬਾਰੇ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਇਹ 10ਵੀਂ ਫ਼ੇਲ੍ਹ ਵਿਦਿਆਰਥੀ ਤੋਂ ਵੀ ਘੱਟ ਹੁੰਦਾ ਹੈ।ਦੂਜੇ ਧਰਮਾਂ ਦੇ ਪ੍ਰਚਾਰਕਾਂ ਨੂੰ ਪਹਿਲਾਂ 14-14 ਸਾਲ ਸਿੱਖਿਆ ਦਿੱਤੀ ਜਾਂਦੀ ਹੈ ਤਾਂ ਜਾ ਕੇ ਸਮੇਂ ਦੇ ਹਾਣ ਦਾ ਪ੍ਰਚਾਰਕ ਤਿਆਰ ਹੁੰਦਾ ਹੈ ਪਰ ਸਾਡੇ ਕਿਸੇ ਪੰਜਾਵੀ ਪਾਸ ਗ੍ਰੰਥੀ ਤੋਂ ਸੰਥਿਆ ਲੈਣ ਵਾਲਾ ਵੀ ਪ੍ਰਚਾਰਕ ਬਣ ਜਾਂਦਾ ਹੈ। ਇਸ ਤੋਂ ਵੱਡਾ ਸੰਤਾਪ ਸਾਡੀ ਕੌਮ ਦਾ ਹੋਰ ਕੀ ਹੋ ਸਕਦਾ ਹੈ?

ਦੂਜੇ ਪਾਸੇ ਸੰਤ ਬਾਬੇ ਆਏ ਦਿਨ ਅਖ਼ਬਾਰਾਂ ਨੂੰ ਪ੍ਰੈੱਸ ਨੋਟ ਜਾਰੀ ਕਰਦੇ ਹਨ ਕਿ ਅੱਜ ਇੰਨੀ ਗਿਣਤੀ 'ਚ ਲੋਕਾਂ ਨੂੰ ਅੰਮ੍ਰਿਤ ਛਕਾਇਆ। ਸਿੱਖ ਕੌਮ ਦੀ ਸਮੁੱਚੀ ਆਬਾਦੀ ਤੋਂ 10 ਗੁਣਾ ਵੱਧ ਲੋਕਾਂ ਨੂੰ ਤਾਂ ਉਹ ਅੰਮ੍ਰਿਤ ਛਕਾਉਣ ਦੇ ਦਾਅਵੇ ਕਰ ਚੁੱਕੇ ਹਨ।ਅੱਜ ਤੱਕ ਕਿਸੇ ਬਾਬੇ ਨੇ ਇਹ ਦਾਅਵਾ ਨਹੀਂ ਕੀਤੀ ਕਿ ਇੰਨੇ ਲੋਕਾਂ ਨੂੰ ਅਸੀਂ ਸਿੱਖ ਵਿਚਾਰਧਾਰਾ/ਸਿੱਖ ਫ਼ਿਲਾਸਫ਼ੀ ਦ੍ਰਿੜ੍ਹ ਕਰਵਾ ਦਿੱਤੀ।

## ਨਸ਼ਿਆਂ ਦੇ ਮਾਮਲੇ 'ਚ ਆਗੂਆਂ ਦੀ ਭੂਮਿਕਾ

ਨਸ਼ਿਆਂ ਦੇ ਮਾਮਲੇ ਵਿੱਚ ਬਹੁਤ ਕੁੱਝ ਲਿਖਿਆ ਜਾ ਚੁੱਕਿਆ ਹੈ ਪਰ ਇੱਥੇ ਇਸਦੇ ਵਿਸਥਾਰ ਵਿੱਚ ਜਾਣ ਦੀ ਵੀ ਜ਼ਰੂਰਤ ਨਹੀਂ। ਇੰਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਨਸ਼ਿਆਂ ਦੇ ਖ਼ਾਤਮੇ ਲਈ ਜਿੰਨਾ ਜ਼ੋਰ ਲਗਾਉਣ ਦੇ ਦਾਅਵੇ ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ ਤੇ ਡੇਰੇਦਾਰ ਕਰਦੇ ਹਨ, ਜੇ ਸੱਚਮੁੱਚ ਹੀ ਇਸ ਪੱਧਰ 'ਤੇ ਕੰਮ ਕੀਤਾ ਜਾਵੇ ਤਾਂ ਪੰਜਾਬ ਤਾਂ ਛੱਡੋ, ਸਮੁੱਚੇ ਦੇਸ਼ ਵਿੱਚੋਂ ਨਸ਼ਿਆਂ ਦਾ ਖ਼ਾਤਮਾ ਹੋ ਜਾਵੇ। ਪਰ ਜ਼ਮੀਨੀ ਪੱਧਰ 'ਤੇ ਕੰਮ ਕਰੇ ਕੌਣ।ਪੰਜਾਬ ਸਰਕਾਰ ਦੇ ਆਪਣੇ ਫ਼ਰਜ਼ੰਦਾਂ 'ਤੇ ਨਸ਼ਿਆਂ ਦੇ ਕਾਰੋਬਾਰ 'ਚ ਗ਼ਲਤਾਨ ਹੋਣ ਦੇ ਦੋਸ਼ ਲੱਗ ਰਹੇ ਹਨ। ਦੂਜੀਆਂ ਸਿਆਸੀ ਪਾਰਟੀਆਂ ਦੇ ਆਗੂ ਵੀ ਇਨ੍ਹਾਂ ਦੋਸ਼ਾਂ ਤੋਂ ਅਣਭਿੱਜ ਨਹੀਂ ਹਨ। ਮੀਡੀਏ ਵਿੱਚ ਇੱਕ ਦੂਜੇ 'ਤੇ ਦੋਸ਼ ਲਗਾਉਂਦੇ ਹਨ ਪਰ ਹਮਾਮ ਵਿੱਚ ਸਾਰੇ ਨੰਗੇ ਹਨ। ਸ਼੍ਰੋਮਣੀ ਕਮੇਟੀ ਵੀ ਸਿਆਸਤਦਾਨਾਂ ਦੇ ਅਧੀਨ ਹੈ ਨਸ਼ਿਆਂ ਦੇ ਮਾਮਲੇ ਵਿੱਚ ਇਸਦੇ ਆਗੂਆਂ ਦਾ ਯੋਗਦਾਨ ਵੀ ਸਾਹਮਣੇ ਆ ਹੀ ਜਾਂਦਾ ਹੈ। ਡੇਰੇਦਾਰਾਂ ਬਾਰੇ ਤਾਂ ਕਹਿਣਾ ਹੀ ਕੀ ਹੈ। ਦੁਨੀਆ ਦੀ ਹਰ ਬੁਰਾਈ ਇਨ੍ਹਾਂ ਅੱਡਿਆਂ ਵਿੱਚ ਹੀ ਪਣਪਦੀ ਹੈ। ਇੱਥੇ 'ਸੱਜਣਾਂ' ਦੇ ਰੂਪ ਵਿੱਚ ਠੱਗ ਛੁਪੇ ਹੋਏ ਹਨ। ਪੰਜਾਬ ਵਿੱਚ ਜੇ ਹਸਪਤਾਲਾਂ ਦੀ ਗਿਣਤੀ ਦੋ ਅੰਕਾਂ ਵਿੱਚ ਹੈ ਤਾਂ ਠੇਕਿਆਂ ਦੀ ਗਿਣਤੀ ਸੈਂਕੜਿਆਂ ਵਿੱਚ ਹੈ। ਜਿਸਦਾ ਜਿਲ੍ਹੇਵਾਰ ਵੇਰਵਾ ਇਸ ਤਰ੍ਹਾਂ ਹੈ :

| ਜਿਲ੍ਹੇ | ਠੇਕੇ | ਹਸਪਤਾਲ |
|---|---|---|
| ਜਲੰਧਰ | 1364 | 107 |
| ਲੁਧਿਆਣਾ | 1332 | 123 |
| ਅੰਮ੍ਰਿਤਸਰ | 785 | 153 |
| ਸੰਗਰੂਰ | 719 | 115 |
| ਪਟਿਆਲਾ | 667 | 86 |
| ਬੰਠਿੰਡਾ | 522 | 70 |
| ਹੁਸ਼ਿਆਰਪੁਰ | 511 | 102 |
| ਕਪੂਰਥਲਾ | 429 | 53 |
| ਫਾਜ਼ਿਲਕਾ | 375 | 8 |
| ਮੁਹਾਲੀ | 366 | 6 |
| ਗੁਰਦਾਸਪੁਰ | 343 | 127 |
| ਮੁਕਤਸਰ | 301 | 52 |
| ਮੋਗਾ | 295 | 59 |
| ਮਾਨਸਾ | 293 | 43 |
| ਫਿਰੋਜ਼ਪੁਰ | 280 | 85 |
| ਫਰੀਦਕੋਟ | 257 | 22 |
| ਨਵਾਂ ਸ਼ਹਿਰ | 230 | 50 |
| ਫਤਹਿਗੜ ਸਾਹਿਬ | 222 | 31 |
| ਰੋਪੜ | 210 | 67 |
| ਤਰਨਤਾਰਨ | 198 | 12 |

ਪਾਠਕ ਆਪ ਅੰਦਾਜ਼ਾ ਲਗਾ ਲੈਣ ਕਿ ਪੰਥਕ ਸਰਕਾਰ ਗੁਰੂਆਂ ਦੀ ਧਰਤੀ ਨੂੰ ਕਿਵੇਂ ਮਸਤਾਂ ਦੀ ਧਰਤੀ ਬਣਾਉਣ 'ਤੇ ਉਤਾਰੂ ਹੈ।

ਇਸ ਤੋਂ ਬਿਨਾਂ ਚੰਡੀਗੜ੍ਹ,ਪੰਜਾਬੀ ਬੋਲਦੇ ਇਲਾਕੇ ਤੇ ਲੁੱਟੇ ਜਾ ਰਹੇ ਬਿਜਲੀ ਪਾਣੀ ਦੇ ਮਾਮਲੇ ਦਹਾਕਿਆਂ ਬਾਅਦ ਵੀ ਜਿਉਂ ਦੇ ਤਿਉਂ ਲਟਕ ਰਹੇ ਹਨ। ਪੰਜਾਬ ਸਰਕਾਰ ਭਾਜਪਾ ਨਾਲ ਮਿਲ ਕੇ ਹੁਣ ਤੱਕ ਕਈ ਵਾਰ ਲੋਕ ਸਭਾ ਚੋਣਾਂ ਲੜ ਚੁੱਕੀ ਹੈ ਜੇ ਅਕਾਲੀ ਆਗੂ ਇਮਾਨਦਾਰ ਹੁੰਦੇ ਤਾਂ ਬਿਨਾਂ ਸ਼ਰਤ ਹਿਮਾਇਤ ਦੇਣ ਦੀ ਥਾਂ ਉਕਤ ਮੁੱਦਿਆਂ ਨੂੰ ਹੱਲ ਕਰਨ ਦੀ ਸ਼ਰਤ 'ਤੇ ਕੇਂਦਰ 'ਚ ਭਾਜਪਾ ਨੂੰ ਹਿਮਾਇਤ ਦਿੰਦੇ ਪੰਜਾਬ ਤੇ ਪਥੰ ਦੀਆਂ ਸਮੁੱਚੀਆਂ ਮੰਗਾਂ (ਜੋ ਸਾਰੀਆਂ ਜਾਇਜ਼ ਹੀ ਹਨ) ਮਨਵਾਉਂਦੇ। ਪਰ ਅਕਾਲੀ ਸੁਪਰੀਮੋ ਤਾਂ ਆਪ ਸਭ ਕੁਝ ਭੁੱਲ ਜਾਣ ਦੀਆਂ ਨਸੀਹਤਾਂ ਦੇ ਰਹੇ ਹਨ। ਪੰਥ ਤੇ ਪੰਜਾਬ ਦੀ ਦੁਸ਼ਮਣ ਜਾਂ ਕਹਿ ਲਵੋ ਕਿ ਦੋਸ਼ੀ ਧਿਰ ਤਾਂ ਭੁੱਲ ਜਾਣ ਦੀ ਨਸਹੀਤ ਦਵੇ ਤਾਂ ਗੱਲ ਸਮਝ ਵਿੱਚ ਆਉਂਦੀ ਹੈ ਜਦੋਂ ਆਪਣੇ ਆਗੂ ਹੀ ਵਾਅਦੇ ਕਰਨ ਦੇ ਵਾਬਜੂਦ ਭੁੱਲ ਜਾਣ ਦੀਆਂ ਨਸੀਹਤਾਂ ਲੱਗ ਜਾਣ ਤਾਂ ਕੌਮਾਂ ਦੀ ਹੋਣੀ 'ਤੇ ਤਰਸ ਹੀ ਕਰ ਸਕਦੇ ਹਾਂ। ਇਸ ਪੈਰ੍ਹੇ ਵਿੱਚ ਲਿਖੇ ਮੁੱਦਿਆਂ ਨੂੰ ਵਿਸਥਾਰ ਵਿੱਚ ਵਾਚੀਏ ਤਾਂ ਇੱਕ ਵੱਖਰਾ ਲੇਖ ਬਣ ਸਕਦਾ ਹੈ।ਪਰ ਇੱਥੇ ਸਾਡਾ ਉਦੇਸ਼ ਸਿਰਫ਼ ਮੌਜੂਦਾ ਹਾਲਾਤਾਂ ਦੀ ਇੱਕ ਝਲਕ ਦਿਖਾਉਣਾ ਹੀ ਹੈ।

## ਬਾਦਲ ਵਿਰੋਧੀ ਪੰਥਕ ਦਲਾਂ ਦੀ ਸ਼ੱਕੀ ਕਾਰਗੁਜ਼ਾਰੀ

ਵਿਰੋਧੀ ਪੰਥਕ ਦਲਾਂ ਦੀ ਕਾਰਗੁਜ਼ਾਰੀ ਵੀ ਬਹੁਤੀ ਚੰਗੀ ਨਹੀਂ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਆਗੂ ਅਜਿਹੇ ਹਨ ਜਿਹੜੇ ਖਾੜਕੂ ਲਹਿਰ ਵਿੱਚੋਂ ਹੁੰਦੇ ਹੋਏ ਸਿਆਸੀ ਧਾਰਾ ਵਿੱਚ ਆਏ ਹਨ। ਖਾੜਕੂ ਧਾਰਾ ਇੱਕ ਅਲੱਗ ਲਾਈਨ ਹੈ ਤੇ ਸਿਆਸਤ ਅਲੱਗ। ਜ਼ਰੂਰੀ ਨਹੀਂ ਕਿ ਇੱਕ ਜੁਝਾਰੂ ਵਿਅਕਤੀ ਚੰਗਾ ਸਿਆਸਤਦਾਨ ਵੀ ਸਿੱਧ ਹੋਵੇ। ਬਹੁਤੇ ਬਾਦਲ ਵਿਰੋਧੀ ਪੰਥਕ ਆਗੂਆਂ ਦਾ ਹਾਲ ਇਹ ਹੈ ਕਿ ਉਹ ਆਪਣਾ ਖ਼ੁਦ ਦਾ ਪੱਖ ਸਹੀ ਤਰੀਕੇ ਨਾਲ ਦੂਜੇ ਬੰਦੇ ਅੱਗੇ ਨਹੀਂ ਰੱਖ ਸਕਦੇ ਇਸ ਹਾਲਤ ਵਿੱਚ ਦੁਨੀਆ ਅੱਗੇ ਪੰਥਕ ਪੱਖ ਰੱਖੇ ਜਾਣ ਦੀ ਉਮੀਦ ਉਨ੍ਹਾਂ ਤੋਂ ਕਿਵੇਂ ਕੀਤੀ ਜਾ ਸਕਦੀ ਹੈ। ਬਹੁਤਿਆਂ ਨੂੰ ਨਹੀਂ ਪਤਾ ਕਿ ਲੋਕਾਂ ਅੱਗੇ ਆਪਣੀ ਗੱਲ ਕਿਨ੍ਹਾਂ ਲਫ਼ਜ਼ਾਂ ਵਿੱਚ ਤੇ ਕਿਸੇ ਤਰੀਕੇ ਨਾਲ ਕਹਿਣੀ ਹੈ। ਹੈਰਾਨੀ ਹੁੰਦੀ ਹੈ ਜਦੋਂ ਪੰਜਾਬ ਤੋਂ ਬਾਹਰ ਕੀਤੇ ਜਾਂਦੇ ਪ੍ਰਦਰਸ਼ਨਾਂ ਵਿੱਚ ਵੀ ਇਹ ਗਰੁੱਪ ਪੰਜਾਬੀ ਦੇ ਬੈਨਰ ਚੁੱਕ ਕੇ ਪਹੁੰਚ ਜਾਂਦੇ ਹਨ। ਚਾਹੀਦਾ ਤਾਂ ਇਹ ਹੈ ਕਿ ਉੱਥੇ ਹਿੰਦੀ ਅਤੇ ਅੰਗਰੇਜ਼ੀ 'ਚ ਵੀ ਬੈਨਰ ਹੋਣ। ਸਥਾਨਕ ਲੋਕਾਂ ਤੱਕ ਸਬੰਧਤ ਮਾਮਲੇ ਬਾਰੇ ਸੱਚ ਪਹੁੰਚਾਉਣ ਲਈ ਹਿੰਦੀ ਤੇ ਅੰਗਰੇਜ਼ੀ ਵਿੱਚ ਪੈਂਫ਼ਲਿਟ ਹੋ ਸਕੇ ਤਾਂ ਛੋਟੇ ਕਿਤਾਬਚੇ ਛਪਵਾ ਕੇ ਵੰਡਣੇ ਜ਼ਰੂਰੀ ਹੁੰਦੇ ਹਨ ਪਰ ਅਜਿਹਾ ਕਿਤੇ ਨਹੀਂ ਕੀਤਾ ਜਾਂਦਾ। ਇਸ ਨਾਲ ਹੁੰਦਾ ਇਹ ਹੈ ਕਿ ਸਥਾਨਕ ਲੋਕਾਂ ਵਿੱਚ ਸਿੱਖਾਂ ਬਾਰੇ ਕੋਈ ਬਹੁਤਾ ਚੰਗਾ ਸੰਦੇਸ਼ ਜਾਂਦਾ ਹੀ ਨਹੀਂ। ਉਹ ਮੀਡੀਏ ਤੇ ਸਰਕਾਰ ਵੱਲੋਂ ਬਣਾਈ ਧਾਰਨਾ ਅਨੁਸਾਰ ਸਿੱਖਾਂ ਨੂੰ ਬਿਨਾਂ ਕਾਰਨ ਰੌਲਾ ਪਾਉਣ ਦੀ ਆਦਤ ਵਾਲੇ ਸਮਝ ਲੈਂਦੇ ਹਨ। ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਦਿੱਲੀ ਦੇ ਮੀਡੀਏ ਨੂੰ ਵੀ ਇਹ ਗਰਮ ਅਖਵਾਉਂਦੀਆਂ ਧਿਰਾਂ ਪੰਜਾਬੀ ਭਾਸ਼ਾ ਵਿੱਚ ਲਿਖੇ ਪ੍ਰੈੱਸ ਨੋਟ ਥਮਾ ਦਿੰਦੀਆਂ ਹਨ। ਇਨ੍ਹਾਂ ਦਲਾਂ 'ਤੇ ਸ਼ੱਕ ਉਦੋਂ ਹੁੰਦਾ ਹੈ ਜਦੋਂ ਆਪਣੇ ਗੁਪਤ ਰੱਖੇ ਜਾਣ ਵਾਲੇ ਪ੍ਰੋਗਰਾਮਾਂ ਨੂੰ ਵੀ ਅਖ਼ਬਾਰਾਂ ਰਾਹੀਂ ਪੂਰਾ ਉਛਾਲ ਦਿੰਦੇ ਹਨ। ਇਸ ਨਾਲ ਪੁਲਿਸ ਅਤੇ ਏਜੰਸੀਆਂ ਚੁਕੰਨੀਆਂ ਹੋ ਜਾਂਦੀਆਂ ਹਨ। ਐਨ ਮੌਕੇ 'ਤੇ ਪੁਲਿਸ ਹਿਰਾਸਤ ਵਿੱਚ ਲੈ ਲੈਂਦੀ ਹੈ। ਪ੍ਰੋਗਰਾਮ ਠੁੱਸ ਹੋ ਜਾਂਦਾ ਹੈ ਪਰ ਵਿਦੇਸ਼ੀ ਸਿੱਖਾਂ ਕੋਲ ਹਾਜ਼ਰੀ ਜ਼ਰੂਰ ਲੱਗ ਜਾਂਦੀ ਹੈ। ਵਿਦੇਸ਼ੀ ਸਿੱਖਾਂ ਨੂੰ ਵੀ ਇਸ ਸਚਾਈ ਨੂੰ ਸਮਝਣਾ ਚਾਹੀਦਾ ਹੈ ਤੇ ਆਗੂਆਂ ਤੋਂ ਅਜਿਹੇ ਵਰਤਾਰਿਆਂ ਬਾਰੇ ਜਵਾਬ ਜ਼ਰੂਰ ਮੰਗਣੇ ਚਾਹੀਦੇ ਹਨ।

## ਪੰਜਾਬ ਕਾਂਗਰਸ

ਜਿੱਥੋਂ ਤੱਕ ਪੰਜਾਬ ਕਾਂਗਰਸ ਦੀ ਗੱਲ ਹੈ ਇਸਦਾ ਪੰਜਾਬ ਅਤੇ ਪੰਥ ਬਾਰੇ ਕਦੇ ਵੀ ਕੋਈ ਸਪੱਸ਼ਟ ਸਟੈਂਡ ਰਿਹਾ ਹੀ ਨਹੀਂ। ਸਿੱਖਾਂ ਦੀ ਹਰ ਮੰਗ ਦੀ ਵਿਰੋਧਤਾ ਕਰਕੇ ਇਸਦੇ ਆਗੂਆਂ ਨੇ ਆਪਣੇ-ਆਪ ਨੂੰ ਸੱਚੇ ਰਾਸ਼ਟਰਵਾਦੀ ਸਾਬਤ ਕਰਨਾ ਹੀ ਹੁੰਦਾ ਹੈ। ਜੇਕਰ ਸਾਬਕਾ ਮੁਖਮੰਤਰੀ ਬੇਅੰਤ ਸਿੰਘ ਦੇ ਪਰਿਵਾਰ ਦੀ ਵਿਰੋਧਤਾ ਦੀ ਗੱਲ ਨਾ ਵੀ ਕੀਤੀ ਜਾਵੇ ਤਾਂ ਵੀ ਪ੍ਰਤਾਪ ਸਿੰਘ ਬਾਜਵਾ ਤੇ ਕੈਪਟਨ ਅਮਰਿੰਦਰ ਸਿੰਘ ਵਿੱਚ ਤਾਂ ਦੌੜ ਲੱਗ ਜਾਂਦੀ ਹੈ ਕਿ ਕਿਹੜਾ ਵੱਡਾ ਸਿੱਖ ਵਿਰੋਧੀ ਬਿਆਨ ਦਾਗਦਾ ਹੈ। ਸਿੱਖ ਬੰਦੀਆਂ ਦੀ ਰਿਹਾਈ ਦਾ ਇੱਥੋਂ ਤੱਕ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਜੇਲ੍ਹ ਬਦਲੀ ਦਾ ਵੀ ਇਨ੍ਹਾਂ ਦੋਵਾਂ ਆਗੂਆਂ ਨੇ ਇੱਕ ਦੂਜੇ ਤੋਂ ਵਧ ਕੇ ਵਿਰੋਧ ਕੀਤਾ ਸੀ ਪਰ ਜਦੋਂ ਦੇਖਿਆ ਕਿ ਸਿੱਖ ਕੌਮ ਤਾਂ ਇਸ ਮਾਮਲੇ ਵਿੱਚ ਇੱਕਜੁੱਟ ਦਿਖਾਈ ਦੇ ਰਹੀ ਹੈ ਤੇ ਬਾਪੂ ਸੂਰਤ ਸਿੰਘ ਨੂੰ ਸਮਰਥਨ ਵਧਦਾ ਹੀ ਜਾ ਰਿਹਾ ਹੈ ਤਾਂ ਇਕਦਮ ਕੈਪਟਨ ਅਮਰਿੰਦਰ ਸਿੰਘ ਪਲਟੀ ਮਾਰ ਕੇ ਸਜ਼ਾਵਾਂ ਕੱਟ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਦੇ ਹੱਕ ਵਿੱਚ ਆ ਜਾਂਦੇ ਹਨ। ਪੀੜਤ ਸਿੱਖਾਂ ਦੇ ਹੱਕ ਵਿੱਚ ਬੋਲਣ ਜਾਂ ਵਿਰੋਧ ਕਰਨ ਦੇ ਫ਼ੈਸਲੇ ਵੀ ਆਪਣੇ ਸਿਆਸੀ ਨਫ਼ੇ-ਨੁਕਸਾਨ ਨੂੰ ਮੁੱਖ ਰੱਖ ਕੇ ਕੀਤੇ ਜਾਂਦੇ ਹਨ। ਕਾਂਗਰਸ ਨੇ ਆਪਣੀ ਬੁਲਾਰੀ ਨਮਿਸ਼ਾ ਮਹਿਤਾ ਨੂੰ ਤਾਂ ਪੰਜਾਬ ਅਤੇ ਸਿੱਖਾਂ ਵਿਰੁੱਧ ਸ਼ਿਵ ਸੈਨਾ ਦੀ ਤਰਜ਼ 'ਤੇ ਬਿਆਨ ਦਾਗਣ ਲਈ ਖੁੱਲ੍ਹੀ ਛੱਡਿਆ ਹੋਇਆ ਹੈ।

## ਕੰਮ ਨਾਲੋਂ ਵਾਹ-ਵਾਹ ਨੂੰ ਤਰਜੀਹ

ਸਾਡੇ ਆਗੂਆਂ ਵਿੱਚ ਕੰਮ ਦੀ ਥਾਂ ਫੋਕੀ ਵਾਹ-ਵਾਹ ਖੱਟਣ ਦੀ ਪ੍ਰਵਿਰਤੀ ਵੀ ਬਹੁਤ ਵਧੀ ਹੈ। ਕਈ ਵਾਰ ਤਾਂ ਇੱਕ ਮੀਟਿੰਗ ਕਰਕੇ ਤੇ ਅਖ਼ਬਾਰਾਂ ਨੂੰ ਪ੍ਰੈੱਸ ਬਿਆਨ ਜਾਰੀ ਕਰਕੇ ਖਾਨਾਪੂਰਤੀ ਕਰ ਲਈ ਜਾਂਦੀ ਹੈ। ਕਈ ਵਾਰ ਤਾਂ ਬਿਨਾਂ ਕਿਸੇ ਕਾਰਵਾਈ ਤੋਂ ਹੀ ਪ੍ਰੈੱਸ ਨੋਟ ਜਾਰੀ ਕਰ ਦਿੱਤੇ ਜਾਂਦੇ ਹਨ। ਪ੍ਰੈੱਸ ਬਿਆਨ ਵਿੱਚ ਸੂਚਨਾ ਚਾਰ ਲਾਈਨਾਂ ਦੀ ਹੁੰਦੀ ਹੈ ਤੇ 10 ਲਾਈਨਾਂ ਆਗੂਆਂ ਦੇ ਨਾਵਾਂ ਨਾਲ ਭਰੀਆਂ ਹੁੰਦੀਆਂ ਹਨ। ਜੇ ਕਿਸੇ ਦਾ ਨਾਂ ਛਪਣ ਤੋਂ ਰਹਿ ਜਾਵੇ ਤਾਂ ਅਖ਼ਬਾਰਾਂ ਅਤੇ ਪੱਤਰਕਾਰਾਂ ਨੂੰ ਉਲਾਂਭੇ ਦਿੱਤੇ ਜਾਂਦੇ ਹਨ। ਇਸ਼ਤਿਹਾਰ ਬੰਦ ਕਰ ਦੇਣ ਅਤੇ ਛਪੇ ਹੋਏ ਇਸ਼ਤਿਹਾਰਾਂ ਦੀ ਅਦਾਇਗੀ ਰੋਕ ਦੇਣ ਦੀਆਂ ਧਮਕੀਆਂ ਵੀ ਸ਼ੁਰੂ ਹੋ ਜਾਂਦੀਆਂ ਹਨ। ਅਖ਼ਬਾਰਾਂ ਵਿੱਚ ਦਿਸਣ ਲਈ ਇੱਕ ਦੂਜੇ ਤੋਂ ਅੱਗੇ ਹੋ ਕੇ ਫ਼ੋਟੋਆਂ ਖਿਚਵਾਉਣ ਦੀ ਦੌੜ ਵਿੱਚ ਕਈ ਵਾਰ ਆਪੋ ਵਿੱਚ ਘਸੁੰਨ-ਮੁੱਕੀ ਹੋਣ ਦੀਆਂ ਖ਼ਬਰਾਂ ਵੀ ਆਉਂਦੀਆਂ ਰਹਿੰਦੀਆਂ ਹਨ। ਹਰ ਖ਼ਬਰ ਦੇ ਨਾਲ ਫ਼ੋਟੋ ਲੱਗਣ ਦੀ ਡਿਮਾਂਡ ਕੀਤੀ ਜਾਂਦੀ ਹੈ। ਇਸ ਤਰ੍ਹਾਂ ਇੱਕ-ਇੱਕ ਇਸ਼ਤਿਹਾਰ ਦੀ ਕਈ ਗੁਣਾ ਵੱਧ ਕੀਮਤ ਤਾਂ ਖ਼ਬਰਾਂ ਤੇ ਫ਼ੋਟੋਆਂ ਲਗਵਾ ਕੇ ਅਖ਼ਬਾਰਾਂ ਤੋਂ ਵਸੂਲਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

# 'ਭਾਰਤੀ ਸੰਵਿਧਾਨ ਬਚਾਓ ਤੇ ਲਾਗੂ ਕਰੋ' ਪ੍ਰੋਗਰਾਮ ਤਹਿਤ ਪਿੰਡ ਗੁਣਾਚੌਰ ਵਿਖੇ ਕੇਡਰ ਕੈਂਪ ਲਗਾਇਆ



ਰੇਸ਼ਮ ਕਰਨਾਣਵੀ
98158 80104

**ਮੁਕੰਦਪੁਰ**

ਰਾਸ਼ਟਰੀ ਮੂਲ ਨਿਵਾਸੀ ਸੰਘ ਵਲੋਂ ਸ਼੍ਰੀ ਗੁਰੂ ਰਵਿਦਾਸ ਗੁਰ-ਦੁਆਰਾ ਪਿੰਡ ਗੁਣਾਚੌਰ ਵਿਖੇ 'ਭਾਰਤੀ ਸੰਵਿਧਾਨ ਬਚਾਓ ਤੇ ਲਾਗੂ ਕਰੋ' ਪ੍ਰੋਗਰਾਮ ਤਹਿਤ ਕੇਡਰ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਪਰਮਜੀਤ ਭੰਗੂ ਨੇ ਕੀਤੀ, ਇਸ ਮੌਕੇ ਮੁੱਖ ਬੁਲਾਰੇ ਦੇ ਤੌਰ 'ਤੇ ਪਹੁੰਚੇ ਰਾਸ਼ਟਰੀ ਮੂਲ ਨਿਵਾਸੀ ਸੰਘ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਤਾਰਾ ਰਾਮ ਮੈਹਣਾ ਨੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕੀਤਾ। ਸਮਾਗਮ ਦੀ ਸ਼ੁਰੂਆਤ ਮਨੋਹਰ ਬੋਧ ਹਿਆਲਾ ਨੇ ਆਪਣੀ ਮਿਸ਼ਨਰੀ ਕਵਿਤਾ ਨਾਲ ਕੀਤੀ। ਉਪਰੰਤ ਅਜੇ ਕੁਮਾਰ ਮੂਲ ਨਿਵਾਸੀ ਅਤੇ ਮੈਡਮ ਆਸ਼ਾ ਰਾਣੀ ਨੇ ਸੰਵਿਧਾਨ ਬਚਾਉਣ ਤੇ ਲਾਗੂ ਕਰਵਾਉਣ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਪਿੰਡ ਗੁਣਾਚੌਰ ਦੇ ਸਰਪੰਚ ਇੰਜੀ: ਅਜੀਤ ਰਾਮ ਨੇ ਸਮਾਗਮ ਦੇ ਵਿਸ਼ੇ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਮੁੱਖ ਬੁਲਾਰੇ ਤਾਰਾ ਰਾਮ ਮੈਹਣਾ ਨੂੰ ਆਪਣੀ ਜਿੰਦਗੀ ਦੇ ਤਜ਼ਰਬੇ ਅਤੇ ਸੰਵਿਧਾਨ ਦੇ ਡੂੰਘੇ ਅਧਿਐਨ ਦਾ ਨਿਚੋੜ ਕੇਡਰ ਕੈਂਪ ਵਿੱਚ ਸ਼ਾਮਿਲ ਮਿਸ਼ਨਰੀਆਂ ਨਾਲ ਸਾਂਝੇ ਕਰਨ ਦਾ ਸੱਦਾ ਦਿੱਤਾ। ਤਾਰਾ ਰਾਮ ਮੈਹਣਾ ਨੇ ਕਿਹਾ ਕਿ ਸਾਨੂੰ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਦੁਆਰਾ ਬੜੇ ਲੰਬੇ



ਸ਼ੰਘਰਸ਼ ਨਾਲ ਲੈ ਕੇ ਦਿੱਤੇ ਹੱਕਾਂ ਅਤੇ ਮੁਢਲੇ ਅਧਿਕਾਰਾਂ ਨੂੰ ਲਾਗੂ ਕਰਵਾਉਣ ਲਈ ਸੁਚੇਤ ਰਹਿ ਕੇ ਕੰਮ ਕਰਨਾ ਚਾਹੀਦਾ ਹੈ। ਇਸ ਲਈ ਸਾਨੂੰ ਸੰਵਿਧਾਨ ਨੂੰ ਸਮਝਣ ਲਈ ਇਸ ਦਾ ਅਧਿਐਨ ਕਰਨਾ ਦੀ ਜਰੂਰਤ ਹੈ। ਉਨ੍ਹਾਂ ਕਿਹਾ ਕਿ ਮਨੂੰਵਾਦੀ ਤਾਕਤਾਂ ਇਸ ਨੂੰ ਖਤਮ ਕਰਨ ਲਈ ਆਪਣਾ ਜ਼ੋਰ ਲਗਾ ਰਹੀਆਂ ਹਨ। ਸਾਨੂੰ ਸੰਵਿਧਾਨ ਬਚਾਉਣ ਤੇ ਲਾਗੂ ਕਰਵਉਣ ਲਈ ਤਿੱਖੇ ਸ਼ੰਘਰਸ਼ ਦੀ ਲੋੜ ਹੈ। ਇਸ ਮੌਕੇ ਮਾ. ਅਸ਼ੋਕ ਕੁਮਾਰ ਫਗਵਾੜਾ, ਰਾਮ ਪ੍ਰਕਾਸ਼ ਮੰਗੂਵਾਲ, ਮਦਨ ਲਾਲ ਕਲਸੀ, ਰੇਸ਼ਮ ਕਰਨਾਣਵੀ, ਕੁਲਦੀਪ ਬੰਗਾ, ਵਿਜੇ ਕੁਮਾਰ, ਮੱਖਣ ਬਖਲੌਰ, ਜਗਦੀਸ਼ ਕਟਾਰੀਆ, ਪ੍ਰਦੀਪ ਕੁਮਾਰ, ਅਮਰਜੀਤ ਰਾਣਾ, ਲਖਵੀਰ ਬੱਧਣ, ਦਵਿੰਦਰ ਕੁਮਾਰ, ਮਾ. ਰਾਜ ਪਾਲ, ਜਸਵੰਤ ਰਾਏ, ਮਲਕੀਤ ਚੰਦੜ੍ਹ ਅਤੇ ਹੋਰ ਮਿਸ਼ਨਰੀ ਸਾਥੀ ਹਾਜ਼ਰ ਹੋਏ।

## ਤਕੀਏ ਪੈਂਦੀ ਬਾਜ਼ੀ.

# ਰਵਾਇਤੀ ਪੇਂਡੂ ਖੇਡ "ਬਾਜ਼ੀ" ਦੌਰਾਨ ਨੌਜਵਾਨਾਂ ਵਲੋਂ ਦਿਖਾਏ ਕਰਤੱਬ





**ਮੁਕੰਦਪੁਰ (ਰੇਸ਼ਮ ਕਰਨਾਣਵੀ)**

ਪੇਂਡੂ ਸੱਭਿਆਚਾਰ ਦੀ ਵਿਸਰਦੀ ਜਾ ਰਹੀ ਵਿਲੱਖਣ ਪੇਂਡੂ ਖੇਡ ਬਾਜ਼ੀ ਦਾ ਪ੍ਰਦਸ਼ਨ ਮੁਕੰਦਪੁਰ ਦੇ ਗੁਰੂ ਰਵਿਦਾਸ ਚਿਲਡਰਨ ਪਾਰਕ ਵਿਖੇ ਕੀਤਾ ਗਿਆ। ਇਸ ਸਮੇਂ ਦੂਰੋਂ-ਦੂਰੋਂ ਆਏ ਬਾਜ਼ੀਗਰ ਖਿਡਾਰੀਆਂ ਵਲੋਂ ਕੀਤੇ ਖਤਰਨਾਕ ਤੇ ਹੈਰਾਨੀਜਨਕ ਕਰਤੱਬਾਂ ਨੂੰ ਵੇਖ ਕੇ ਅੱਜ ਦੀ ਨੌਜਵਾਨ ਪੀੜ੍ਹੀ ਜਿਸ ਨੂੰ ਇੰਟਰਨੈਟ ਜਰੀਏ ਫੇਸਬੁੱਕ, ਵਟਸਅੱਪ ਤੋਂ ਹੀ ਵਿਹਲ ਨਹੀਂ ਮਿਲਦੀ ਨੂੰ ਹੈਰਤਅੰਗੇਜ਼ ਕਰਤੱਬ ਦਿਖਾ ਕੇ ਹੈਰਾਨ ਕੀਤਾ। ਦਿਨੋਂ ਦਿਨ ਅਲੋਪ ਹੋ ਰਹੀ ਇਸ ਦਿਲਚਸਪ ਖੇਡ ਨੂੰ ਦੇਖਣ ਲਈ ਜਿੱਥੇ ਮਰਦਾਂ ਨੇ ਸ਼ਮੂਲੀਅਤ ਕੀਤੀ ਉਥੇ ਵੱਡੀ ਗਿਣਤੀ ਵਿੱਚ ਔਰਤਾਂ ਤੇ ਬੱਚਿਆਂ ਨੇ ਵੀ ਵੱਧ ਚੜ੍ਹ ਕੇ ਹਿੱਸਾ ਲਿਆ।

ਬਾਜ਼ੀ ਵਿੱਚ ਇੱਕ ਲੋਹੇ ਦੇ ਛੋਟੇ ਜਿਹੇ ਕੜੇ ਵਿੱਚੋਂ ਤਿੰਨ ਨੌਜਵਾਨਾਂ ਦਾ ਗੁਜ਼ਰਨਾ, ਲੋਹੇ ਦੇ ਚਾਰ ਸੂਤ ਦੇ ਸਰੀਏ ਨੂੰ ਇੱਕ ਜਣੇ ਦੀ ਨਾਭੀ 'ਤੇ ਰੱਖ ਕੇ ਖੜ੍ਹੇ ਵਿਅਕਤੀ ਵਲੋਂ ਆਪਣੀ ਸਾਹ ਨਾਲੀ 'ਤੇ ਰੱਖ ਕੇ ਬਗੈਰ ਹੱਥ ਲਾਇਆਂ ਦੋਹਰਾ ਕਰਨਾ, ਬਲਦੀ ਅੱਗ 'ਚੋਂ ਛਾਲ ਮਾਰ ਕੇ ਪਾਰ ਲੰਘਣਾ, ਫੱਟੇ ਤੋਂ ਜੰਪ ਲੈ ਕੇ ਕਲਾਬਾਜ਼ੀਆਂ ਲਾਉਣੀਆਂ, ਗਿਆਰਾਂ ਡੰਡਿਆਂ ਵਾਲੀ ਪੌੜੀ ਬੰਨ੍ਹ 'ਤੇ ਮੰਜੀ ਨੂੰ ਬੰਨ੍ਹ ਕੇ ਉਪਰੋਂ ਦੀ ਟੱਪਣਾ, ਪੁੱਠੀ ਛਲਾਂਗ ਲਗਾ ਕੇ ਅੱਠ ਫੁੱਟ ਉਚਾ ਸਰੀਆ ਟੱਪਣਾ ਅਤੇ ਦੰਦਾਂ ਨਾਲ ਗਾਡਰ ਸਿਰ ਤੋਂ ਉਤਾਂਹ ਉਛਾਲ ਕੇ ਦੂਰ ਸੁੱਟਣਾ ਵਰਗੇ ਅਨੇਕਾਂ ਹੋਰ ਹੈਰਤਅੰਗੇਜ਼ ਕਾਰਨਾਮਿਆਂ ਨਾਲ ਦਰਸ਼ਕਾਂ ਦੀ ਖੂਬ ਵਾਹ-ਵਾਹ ਖੱਟੀ। ਪਿੰਡ ਦੀ ਪੰਚਾਇਤ, ਮੋਹਤਵਾਰ ਵਿਅਕਤੀਆਂ ਤੇ ਹਾਜ਼ਰੀਨ ਵਲੋਂ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਇਸ ਸਮੇਂ ਸਰਪੰਚ ਪੁਸ਼ਪਿੰਦਰ ਕੌਰ, ਨੰਬਰਦਾਰ ਮਲਕੀਤ ਸਿੰਘ, ਸੁਖਵਿੰਦਰ ਸਿੰਘ ਪੰਚ, ਕੁਲਦੀਪ ਪੰਚ, ਪ੍ਰਸ਼ੋਤਮ ਲਾਲ, ਅਮਰਜੀਤ ਬਜਾਜ, ਜਗਦੀਸ਼ ਕਟਾਰੀਆ, ਨਿਤਿਨ ਸੈਹਲੀ, ਅਮਨ ਕੁਮਾਰ, ਪ੍ਰਦੀਪ ਕੁਮਾਰ ਤੇ ਹੋਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਰਸਭਿੰਨੀ ਅਵਾਜ਼ ਦੇ ਮਾਲਕ ਕੀਰਤਨੀਏ ਭਾਈ ਦਲਜੀਤ ਸਿੰਘ ਆਨੰਦ ਲੁਧਿਆਣੇ ਵਾਲੇ

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਤੇ ਅਧਾਰਿਤ ਗੁਰਬਾਣੀ ਜਿੱਥੇ ਅਧਿਆਤਮਕ ਜੀਵਨ ਜਾਂਚ ਸਿਖਾਉਂਦੀ ਉੱਥੇ ਸੰਗੀਤਬੱਧ ਮਧੁਰ ਅਵਾਜ਼ ਵਿਚ ਕੀਰਤਨ ਕਰਨ ਅਤੇ ਸੁਣਨ ਨਾਲ਼ ਹੋਰ ਵੀ ਰੂਹਾਨੀ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਕੀਰਤਨ ਰਾਹੀਂ ਸੰਗਤਾਂ ਨੂੰ ਬਾਣੀ ਅਤੇ ਵਿਚਾਰਧਾਰਾ ਨਾਲ ਜੋੜਨ ਦਾ ਕਾਰਜ਼ ਕਰਨ ਵਾਲੇ ਭਾਈ ਦਲਜੀਤ ਸਿੰਘ ਆਨੰਦ ਹੋਰਾਂ ਦਾ ਕੀਰਤਨੀ ਜਥਾ ਆਪਣਾ ਯੋਗਦਾਨ ਪਾ ਰਿਹਾ ਹੈ। ਪਿੰਡ ਜਗਤਪੁਰ ਦੇ ਭਾਰਤ ਸਰਕਾਰ ਤੋਂ ਤਾਮਰ ਪੱਤਰ ਦਾ ਸਨਮਾਨ ਪ੍ਰਾਪਤ ਅਜ਼ਾਦੀ ਘੁਲਾਟੀਏ, ਢਾਡੀ ਪ੍ਰਚਾਰਕ ਗਿਆਨੀ ਅਤੇ ਬੱਬਰ ਅਕਾਲੀ ਲਹਿਰ ਦੇ ਸਿਪਾਹੀ ਗਿਆਨੀ ਮਿਲਖਾ ਸਿੰਘ ਦੇ ਪੋਤਰੇ ਦਲਜੀਤ ਸਿੰਘ ਆਨੰਦ ਗੁਰਬਾਣੀ ਕੀਰਤਨ ਰਾਹੀਂ ਸਿੱਖ ਸੰਗਤਾਂ ਦੀ ਸੇਵਾ ਕਰ ਰਹੇ ਹਨ।



ਪਿੰਡ ਜਗਤਪੁਰ ਦੇ ਪਿਛੋਕੜ ਵਾਲੇ ਇਸ ਕੀਰਤਨੀ ਜਥੇ ਨੂੰ ਦਲਜੀਤ ਸਿੰਘ ਆਨੰਦ ਲੁਧਿਆਣਾ ਵਾਲੇ ਦੇ ਨਾਮ ਨਾਲ਼ ਜਾਣਿਆ ਜਾਂਦਾ ਹੈ। ਪਿੰਡ ਜਗਤਪੁਰ ਵਿੱਚ ਪਿਤਾ ਸਵਰਗੀ ਸ: ਗੁਰਦੇਵ ਸਿੰਘ ਅਤੇ ਮਾਤਾ ਸੁਰਿੰਦਰ ਕੌਰ ਦੇ ਘਰ ਜਨਮੇ ਦਲਜੀਤ ਸਿੰਘ ਆਨੰਦ ਮੈਟ੍ਰਿਕ ਤੱਕ ਦੀ ਪੜ੍ਹਾਈ ਪਿੰਡ ਜਗਤਪੁਰ ਤੋਂ ਕੀਤੀ। 10+2 ਦੀ ਪੜ੍ਹਾਈ ਮੁਕੰਦਪੁਰ ਤੋਂ ਕਰ ਕੇ ਪਟਿਆਲਾ ਯੂਨੀਵਰਸਿਟੀ ਤੋਂ ਗੁਰਮਤਿ ਸੰਗੀਤ ਦਾ ਡਿਪਲੋਮਾ ਕੀਤਾ ਅਤੇ ਮਿਊਜ਼ਿਕ ਦੀ ਐਮ. ਏ. ਪਰਾਚੀਨ ਕਲਾ ਕੇਂਦਰ ਚੰਡੀਗੜ੍ਹ ਤੋਂ ਕੀਤੀ।

ਦਲਜੀਤ ਸਿੰਘ ਹੋਰਾਂ ਸੰਗੀਤ ਦੀ ਸਿੱਖਿਆ ਗਿਆਨੀ ਗੁਰਬਚਨ ਸਿੰਘ ਬੀਕਾ ਅਤੇ ਪੰਡਿਤ ਹਰੀ ਦੇਵ ਗੁਰਾਇਆ ਪਾਸੋਂ ਪ੍ਰਾਪਤ ਕੀਤੀ। ਗਿਆਨੀ ਗੁਰਬਚਨ ਸਿੰਘ ਬੀਕਾ ਨੇ ਉਨ੍ਹਾਂ ਨੂੰ ਆਨੰਦ ਤਖ਼ੱਲਸ ਦਿੱਤਾ। ਕੀਰਤਨ ਜਥੇ ਵਿੱਚ ਉਨ੍ਹਾਂ ਨਾਲ਼ ਸਾਥ ਦੇਣ ਵਾਲੇ ਮਨਜੀਤ ਸਿੰਘ ਅਤੇ ਤਬਲੇ ਤੇ ਸੰਗਤ ਕਰਨ ਵਾਸਤੇ ਵਿਕਰਮਜੀਤ ਸਿੰਘ ਦੋਵੇਂ ਉਨ੍ਹਾਂ ਦੇ ਸਕੇ ਭਰਾ ਹਨ। ਗੁਰਬਾਣੀ ਕੀਰਤਨ ਕਰਨ ਲਈ ਉਹ ਪੰਜਾਬ ਦੇ ਹਰ ਖੇਤਰ, ਸੱਚਖੰਡ ਸ਼੍ਰੀ ਹਜ਼ੂਰ ਸਾਹਿਬ, ਹੋਰ ਸੂਬਿਆਂ ਵਿੱਚ ਅਤੇ ਵਿਦੇਸ਼ਾਂ ਵਿਚ ਥਾਈਲੈਂਡ, ਹਾਂਗਕਾਂਗ, ਸਿੰਘਾਪੁਰ, ਮਲੇਸ਼ੀਆ, ਇੰਡੋਨੇਸ਼ੀਆ ਅਤੇ ਡੁਬਈ ਵਿੱਚ ਜਾ ਚੁੱਕੇ ਹਨ। ਭਾਈ ਦਲਜੀਤ ਸਿੰਘ ਆਨੰਦ ਹੋਰਾਂ ਦੀ ਸ਼ਬਦਾਂ ਦੀ ਇੱਕ ਸੀ.ਡੀ. "ਤੂੰ ਗਨ ਸਾਗਰ" ਅਮ੍ਰਿਤ ਸਾਗਰ ਕੰਪਨੀ ਵਲੋਂ 2013 ਵਿਚ ਜਾਰੀ ਕੀਤੀ ਜਾ ਚੁੱਕੀ ਹੈ। ਹੋਰ ਵੀ ਸ਼ਬਦ ਤਿਆਰ ਕੀਤੇ ਹਨ। ਜਿਨ੍ਹਾਂ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੇ ਸ਼ਬਦਾਂ ਦੀ ਸੀ.ਡੀ. ਅਤੇ ਇੱਕ ਹੋਰ ਸੀ. ਡੀ. ਪ੍ਰਯੋਜਨ ਅਧੀਨ ਹੈ। ਭਾਈ ਦਲਜੀਤ ਸਿੰਘ ਆਨੰਦ ਲੁਧਿਆਣਾ ਵਿਖੇ ਧਰਮ ਪਤਨੀ ਮਨਜੀਤ ਕੌਰ, ਬੇਟੇ ਬਲਕਰਨਜੋਤ ਸਿੰਘ, ਅਰਸ਼ਦੀਪ ਕੌਰ ਨਾਲ਼ ਰਹਿ ਰਹੇ ਹਨ। ਕਾਮਨਾ ਹੈ ਕਿ ਬਾਬਾ ਗਿਆਨੀ ਮਿਲਖਾ ਸਿੰਘ ਦੀ ਦੇਸ਼ ਭਗਤੀ, ਸਿੱਖ ਧਰਮ ਦੇ ਪ੍ਰਚਾਰ ਲਈ ਕੀਤੇ ਕਾਰਜ, ਢਾਡੀ ਪ੍ਰੰਪਰਾ ਦੀ ਪਿਰਤ ਨੂੰ ਅੱਗੇ ਵਧਾਉਣ ਲਈ ਗੁਰਬਾਣੀ ਕੀਰਤਨ ਨੂੰ ਪਰਨਾਏ ਇਸ ਪਰਿਵਾਰ ਤੇ ਵਾਹਿਗੁਰੂ ਦੀ ਬਖ਼ਸ਼ਿਸ਼ ਇਸ ਤਰ੍ਹਾਂ ਬਣੀ ਰਹੇ ਤੇ ਇਹ ਸੇਵਾ ਇਹਨਾਂ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਬਣੀ ਰਹੇ। **- (ਰੇਸ਼ਮ ਕਰਨਾਣਵੀ)**

# ਕੁਲਤਾਰ ਸਿੰਘ 'ਕੁਲਤਾਰ' ਦੀ ਕਿਤਾਬ ਦੀ 'ਕਰਵਟ' ਲੋਕ ਅਰਪਣ ਤੇ ਚਰਚਾ

**ਹੁਸ਼ਿਆਰਪੁਰ-** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੀ ਵਿਸ਼ੇਸ਼ ਮੀਟਿੰਗ ਪ੍ਰਿੰ. ਗੁਰਦਿਆਲ ਸਿੰਘ ਫੁੱਲ ਦੇ ਗ੍ਰਹਿ ਸ਼੍ਰੀ ਗੁਰੂ ਗੋਬਿੰਦ ਸਿੰਘ ਨਗਰ ਹੁਸ਼ਿਆਰਪੁਰ ਵਿਖੇ ਡਾ. ਕਰਮਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਕੁਲਤਾਰ ਸਿੰਘ ਕੁਲਤਾਰ ਦੇ ਦੂਜੇ ਕਾਵਿ ਸੰਗ੍ਰਹਿ 'ਕਰਵਟ' ਤੇ ਚਰਚਾ ਉਪਰੰਤ ਲੋਕ ਅਰਪਣ ਕੀਤਾ ਗਿਆ।




ਮੀਟੰਗ ਵਿਚ ਪੰਜਾਬੀ ਦੇ ਸਦੀਵੀ ਵਿਛੋੜਾ ਦੇ ਗਏ ਅਦੀਬਾਂ ਜਗਜੀਤ ਸਿੰਘ ਆਨੰਦ, ਸ. ਅੰਜੁਮ, ਖੁਸ਼ਵੰਤ ਕੰਵਲ, ਸ਼ਿਵ ਸਿੰਘ ਬੁੱਤ ਘਾੜਾ, ਗੁਰਬਚਨ ਸਿੰਘ ਆਰਸੀ ਪਬਲਿਸ਼ਰ, ਡਾ. ਕਰਮਜੀਤ ਸਿੰਘ ਹੁਰਾਂ ਦੇ ਭੈਣ ਜੀ ਸ਼੍ਰੀ ਮਤੀ ਕੰਵਲਜੀਤ ਕੌਰ ਪ੍ਰਤੀ ਗਹਿਰੀ ਸੰਵੇਦਨਾ ਪ੍ਰਗਟ ਕੀਤੀ ਗਈ ਅਤੇ ਇਸਨੂੰ ਪੰਜਾਬੀ ਸਾਹਿਤ ਜਗਤ ਲਈ ਵੱਡਾ ਘਾਟਾ ਦੱਸਿਆ।

'ਕਰਵਟ' ਕਾਵਿ ਸੰਗ੍ਰਹਿ ਤੇ ਆਪਣਾ ਪਰਚਾ ਪੇਸ਼ ਕਰਦਿਆਂ ਪ੍ਰੋ. ਲਖਵਿੰਦਰਜੀਤ ਕੌਰ ਨੇ ਇਸਨੂੰ ਮਾਨਵਵਾਦੀ ਸਰੋਕਾਰਾਂ ਨਾਲ ਲਬਰੇਜ਼ ਪੁਸਤਕ ਦੱਸਦਿਆਂ ਇਸਦੇ ਵੱਖ ਵੱਖ ਪ੍ਰਸੰਗਾਂ ਨੂੰ ਛੂਹਿਆ। ਸ਼ਾਇਰ ਨਵਤੇਜ਼ ਗੜ੍ਹਦੀਵਾਲਾ ਨੇ ਕੁਲਤਾਰ ਦੀ ਕਵਿਤਾ ਨੂੰ ਸਟੇਜੀ ਆਖਦਿਆਂ ਇਤਿਹਾਸਕ ਅਤੇ ਮਿਥਿਹਾਸਕ ਹਵਾਲਿਆਂ ਰਾਹੀਂ ਇਹਨਾਂ ਦੀ ਸਿਧਾਂਤਕ ਪੜਚੋਲ ਕੀਤੀ।ਸ਼ਾਇਰ ਮਦਨਵੀਰਾ ਨੇ ਆਖਿਆ ਕਿ ਕੁਲਤਾਰ ਨੇ ਆਪਣੀ ਕਵਿਤਾ ਵਿਚ ਧਾਰਮਿਕਤਾ ਨੂੰ ਮਾਰਕਸਵਾਦੀ ਨਜ਼ਰੀਏ ਰਾਹੀਂ ਭਾਵਪੂਰਤ ਢੰਗ ਨਾਲ ਪੇਸ਼ ਕੀਤਾ ਹੈ। ਡਾ. ਜਸਵੰਤ ਰਾਏ ਨੇ ਆਪਣੀ ਟਿੱਪਣੀ ਵਿਚ 'ਕਰਵਟ' ਨੂੰ ਸਮਾਜਕ ਸਰੋਕਾਰਾਂ ਨਾਲ ਜੁੜੀ ਕਾਵਿਧਾਰਾ ਆਖਿਆ।ਵਿਚਾਰ ਚਰਚਾ ਵਿਚ ਕਹਾਣੀਕਾਰ ਸਤੀਸ਼ ਕੁਮਾਰ, ਲੈਕ. ਕੁਲਵੰਤ ਕੌਰ, ਜਸਵੀਰ ਸਿੰਘ ਅਤੇ ਯੋਧਾ ਮੱਲ ਨੇ ਵੀ ਹਾਜ਼ਰੀ ਲੁਆਈ।

ਸਮੁੱਚੀ ਬਹਿਸ ਨੂੰ ਸਮੇਟਦਿਆਂ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਡਾ. ਕਰਮਜੀਤ ਸਿੰਘ ਨੇ ਪੇਸ਼ ਪਰਚਿਆਂ ਤੇ ਸੰਤੁਸ਼ਟੀ ਜ਼ਾਹਰ ਕਰਦਿਆਂ ਕਿਹਾ ਕਿ ਕੁਲਤਾਰ ਧਾਰਮਿਕ ਪ੍ਰਸੰਗ ਨੂੰ ਮਾਨਵੀ ਸੇਧ ਦਿੰਦਾ ਹੋਇਆ ਅੰਤ ਵਿਚ ਆਪਣਾ ਸਟੀਕ ਮੱਤ ਦੇ ਕੇ ਇਸਦੀ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਮਹੱਤਤਾ ਵੀ ਦੱਸਦਾ ਹੈ।

ਇਹੀ ਉਸਦੀ ਕਵਿਤਾ ਦਾ ਹਾਸਲ ਹੈ। ਇਸ ਸਮੇਂ ਚਰਚਾ ਵਿਚ ਪ੍ਰਿੰ. ਗੁਰਦਿਆਲ ਸਿੰਘ ਫੁੱਲ, ਪ੍ਰਿੰ. ਦਾਸ ਭਾਰਤੀ, ਪ੍ਰੀਤ ਨੀਤਪੁਰ, ਦਵਿੰਦਰ ਕੌਰ, ਸਤਵੰਤ ਕਲੋਟੀ, ਸੁਰਿੰਦਰ ਕੰਗਵੀ, ਤ੍ਰਿਪਤਾ ਕੇ. ਸਿੰਘ, ਅਮਨਗੀਤ ਸਿੰਘ, ਡਾ. ਅਜੀਤ ਸਿੰਘ ਜੱਬਲ, ਲਖਵਿੰਦਰ ਰਾਮ, ਅਵਤਾਰ ਸਿੰਘ ਸੰਧੂ, ਕਰਨੈਲ ਸਿੰਘ ਨੇਕਨਾਮਾ, ਸ਼ਕੁੰਤਲਾ ਦੇਵੀ, ਮੈਡਮ ਭੁਪਿੰਦਰ ਕੌਰ ਸ਼ਾਮਿਲ ਸਨ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਜਨਰਲ ਸਕੱਤਰ ਸਾਹਿਤ ਸਭਾ ਨੇ ਬਾਖੂਬੀ ਨਿਭਾਈ। **- (ਰੇਸ਼ਮ ਕਰਨਾਣਵੀ)**

# ਸਾਬਕਾ ਸਾਂਸਦ ਸਵ: ਹਰਭਜਨ ਸਿੰਘ ਲਾਖਾ ਦੀ ਯਾਦ ਵਿੱਚ ਖ਼ੂਨਦਾਨ ਕੈਂਪ ਲਗਾਇਆ ਗਿਆ






**ਮੁਕੰਦਪੁਰ-** ਡਾ.ਬੀ.ਆਰ.ਅੰਬੇਦਕਰ ਸੋਸਾਇਟੀ ਕਰਨਾਣਾ ਵਲੋਂ ਸਾਬਕਾ ਮੈਂਬਰ ਪਾਰਲੀਮੈਂਟ ਸਵ : ਹਰਭਜਨ ਸਿੰਘ ਲਾਖਾ ਦੀ ਯਾਦ ਵਿੱਚ ਪਹਿਲਾ ਸਵੈ-ਇੱਛਕ ਖ਼ੂਨਦਾਨ ਕੈਂਪ ਉਨ੍ਹਾਂ ਦੇ ਕਨੇਡਾ ਵਸਦੇ ਸਪੁੱਤਰਾਂ ਕਮਲਜੀਤ ਸਿੰਘ ਲਾਖਾ, ਪਰਮਜੀਤ ਸਿੰਘ ਲਾਖਾ ਅਤੇ ਰਸ਼ਪਾਲ ਸਿੰਘ ਲਾਖਾ ਦੇ ਸਹਿਯੋਗ ਨਾਲ਼ ਡਾ.ਬੀ. ਆਰ. ਅੰਬੇਦਕਰ ਲਾਇਬਰੇਰੀ ਵਿਚ ਲਗਾਇਆ ਗਿਆ। ਜਿਸ ਵਿਚ ਪਿੰਡ ਦੇ ਅਤੇ ਇਲਾਕੇ ਦੇ ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ। ਜਿਸ ਵਿਚ ਪਿੰਡ ਜਗਤਪੁਰ ਦੇ ਕਮਲਜੀਤ ਅਗਨੀਹੋਤਰੀ ਨੇ 75ਵੀਂ ਵਾਰ ਅਤੇ ਬਲਕਾਰ ਸਿੰਘ ਲਾਖਾ ਸਾਬਕਾ ਸਰਪੰਚ ਜਗਤਪੁਰ ਨੇ 18ਵੀਂ ਵਾਰ ਖ਼ੂਨਦਾਨ ਕੀਤਾ। ਸਿਵਲ ਹਸਪਤਾਲ ਬੰਗਾ ਦੀ ਟੀਮ ਵਲੋਂ 31 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ।

ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਸੁਰਿੰਦਰ ਲਾਖਾ, ਕੁਲਵੰਤ ਲਾਖਾ, ਸਰਬਜੀਤ ਬੰਗੜ, ਸੀਤਲ ਦਾਸ, ਸੁਰਜੀਤ ਸਿੰਘ ਲਾਖਾ, ਰੇਸ਼ਮ ਕਰਨਾਣਵੀ, ਜਗਤਾਰ ਬੀਕਾ, ਸੁਮਨ ਧੀਰ, ਪਰਮਜੀਤ ਸਿੰਘ ਲੱਧੜ, ਜਸਵੀਰ ਸਿੰਘ ਧੀਰ, ਹਰਨੇਕ ਕੁਮਾਰ ਅਤੇ ਹੋਰ ਪਤਵੰਤਿਆਂ ਨੇ ਖ਼ੂਨਾਦਾਨੀਆਂ ਨੂੰ ਯਾਦਗਾਰੀ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ।



ਇਸ ਮੌਕੇ ਕਮਲਜੀਤ ਅਗਨੀਹੋਤਰੀ, ਬਲਕਾਰ ਸਿੰਘ ਲਾਖਾ, ਗੁਰਬੀਰ ਕੁਮਾਰ, ਕੁਲਵੰਤ ਲਾਖਾ, ਸਰਬਜੀਤ ਲਾਖਾ, ਹਰਨੇਕ ਕੁਮਾਰ, ਈਸ਼ਵਰ ਲਾਖਾ, ਬਲਵੀਰ ਸਿੰਘ, ਅਵਤਾਰ ਸਿੰਘ, ਸੁਰਜੀਤ ਸਿੰਘ, ਸਰਬਜੀਤ ਸਿੰਘ ਬੰਗੜ, ਮਲਕੀਤ ਕੁਮਾਰ, ਕੁਲਵਿੰਦਰ ਸਿੰਘ, ਸੁਰਿੰਦਰ ਕੁਮਾਰ, ਸੰਜੀਵ ਕੁਮਾਰ, ਕਰਨੈਲ ਸਿੰਘ, ਸੁਮਨ ਕੁਮਾਰ ਧੀਰ, ਸੰਦੀਪ ਕੁਮਾਰ, ਰਜਿੰਦਰ ਕੁਮਾਰ, ਸੰਜੀਵ ਕੁਮਾਰ, ਸੁਰਿੰਦਰ ਕੌਰ, ਕੁਲਵਿੰਦਰ ਸਿੰਘ ਲਾਖਾ, ਚਰਨਜੀਤ ਸਿੰਘ, ਰਵਿੰਦਰ ਸਿੰਘ, ਮਨਜੋਤ ਧੀਰ, ਪ੍ਰਿਤਪਾਲ ਸਿੰਘ, ਸੰਦੀਪ ਕੁਮਾਰ, ਰਜਿੰਦਰ ਕੁਮਾਰ, ਰਾਜਵਿੰਦਰ ਕੁਮਾਰ ਨੇ ਖ਼ੂਨ ਦਾਨ ਕੀਤਾ। ਕੈਂਪ ਵਿੱਚ ਖ਼ੂਨ ਦਾਨੀਆਂ ਵਾਸਤੇ ਵਧੀਆ ਖਾਣ-ਪੀਣ ਦਾ ਪ੍ਰਬੰਧ ਕੀਤਾ ਗਿਆ ਸੀ। **- (ਰੇਸ਼ਮ ਕਰਨਾਣਵੀ)**

# ਮਹਿਫਲ ਸੱਚੇ ਵਿਚਾਰਾਂ ਦੀ

ਪਰਮਜੀਤ ਸਿੰਘ ਸੇਖੋਂ (ਦਾਖਾ)
ਪ੍ਰਧਾਨ, ਦਲ ਖਾਲਸਾ ਅਲਾਇੰਸ
ਕੋਆਰਡੀਨੇਟਰ, ਅਮੈਰਕਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (510-774-5909)



387-ਜ਼ਿੰਦਗੀ ਜਿਥੇ ਚਾਵਾਂ, ਸੱਧਰਾਂ ਤੇ ਉਮਗਾਂ ਨਾਲ ਭਰੀ ਹੋਵੇ, ਉਥੇ ਕੁਦਰਤੀ ਹੀ ਇਸ ਦੀ ਤੋਰ ਹਿਰਨੀ ਵਾਂਗ ਤੇਜ਼ ਤੇ ਮਟਕ ਭਰੀ ਹੁੰਦੀ ਹੈ।

388-ਚਾਵਾਂ ਸੱਧਰਾਂ ਤੇ ਉਮਗਾਂ ਨਾਲ ਭਰਿਆ ਇਨਸਾਨ ਜ਼ਰੂਰ ਹੀ ਕਿਸੇ ਮੁਹੱਬਤ ਦੇ ਗੂੜ੍ਹੇ ਰੰਗਾਂ ਨਾਲ ਰੰਗਿਆ ਹੁੰਦਾ ਹੈ।

389-ਇਜ਼ਤ ਮਾਣ ਸਤਿਕਾਰ ਵਿੱਚ ਰੰਗਿਆ ਮਨ ਭਰਿਆ ਭਰਿਆ ਤੇ ਚਾਵਾਂ ਲੱਦਿਆ ਹੁੰਦਾ ਹੈ।

390-ਗੈਰਤਮੰਦ ਹਿਰਦਾ ਜੇ ਚਾਹੇ ਤਾਂ ਸਾਰੀ ਦੁਨੀਆਂ ਨੂੰ ਆਪਣੀ ਰੰਗਤ ਵਿੱਚ ਰੰਗ ਸਕਦਾ ਹੈ।

391-ਅਣਖ 'ਚ ਭਿੱਜਿਆ ਕੋਈ ਰਾਹੀ ਆਪਣੇ ਆਪ ਨੂੰ ਜ਼ਿੰਦਗੀ ਦਾ ਸ਼ਹਿਨਸ਼ਾਹ ਅਖਵਾਉਂਦਾ ਹੈ।

392-ਜ਼ਿੰਦਗੀ ਦੀਆਂ ਚਾਰੇ ਕੰਨੀਆਂ ਚ ਪਿਆਰ ਦੇ ਗੂੜ੍ਹੇ ਸੁਨੇਹੇ ਸਜੇਏ ਹੁੰਦੇ ਹਨ।

393-ਮਨ ਕਰਦਾ ਹੈ ਕਿ ਜ਼ਿੰਦਗੀ ਦੇ ਇਹ ਬਾਗ ਸਦਾ ਮਹਿਕਦੇ ਰਹਿਣ।

394-ਸਦਾ ਮਿੱਠੀ ਮਿੱਠੀ ਪੌਣ ਮਨ ਦੇ ਵਿਹੜੇ ਵਿੱਚ ਸੱਜਣ ਪਿਆਰਿਆਂ ਦੇ ਸੁਨੇਹੇ ਲੈ ਕੇ ਆਵੇ।

395-ਮਿੱਠੀਆਂ ਮਿੱਠੀਆਂ ਮੋਹ ਭਿੱਜੀਆਂ ਆਵਾਜ਼ਾਂ ਕੰਨਾਂ ਨਾਲ ਆ ਕੇ ਅਠਖੇਲੀਆਂ ਕਰਨ।

396-ਹਰਾ ਭਰਾ ਮਨ ਇਸ ਦੁਨੀਆਂ ਦੀਆਂ ਹਕੀਕਤਾਂ ਨੂੰ ਪਿਆਰ ਕਰਨ ਲਗਦਾ ਹੈ।

397-ਪਿਆਰ ਚਿਣਗ ਦੇ ਜਾਗਣ ਨਾਲ ਕੰਮ 'ਚ ਰੌਸ਼ਨੀ ਦੀ ਚਿਣਗ ਵੀ ਸ਼ਾਮਲ ਹੋਈ ਪ੍ਰਤੀਤ ਹੁੰਦੀ ਹੈ।

398-ਜ਼ਿੰਦਗੀ ਦੀਆਂ ਹਕੀਕਤਾਂ ਤਾਂ ਭਾਵੇਂ ਕਰੜੀਆਂ ਤੇ ਸਖਤ ਵੀ ਹੁੰਦੀਆਂ ਹਨ ਪਰ ਪਿਆਰ ਭਿੱਜੇ ਮਨਾਂ ਨਾਲ ਇਹ ਹਕੀਕਤਾਂ ਸਹਿਜੇ ਹੀ ਸੌਖੀਆਂ ਹੋ ਨਿਭਣਦੀਆਂ ਹਨ।

399-ਜਿਥੇ ਪ੍ਰੇਮੀ ਲਈ ਇਮਤਿਹਾਨਾਂ ਦੇ ਕੋਰਸ ਬੜੇ ਮੁਸ਼ਕਲ ਹੁੰਦੇ ਹਨ, ਉਥੇ ਪਿਆਰ ਨਾਲ ਰੰਗੇ ਮਨ ਵੀ ਕਈ ਵਾਰ ਅਜਿਹੇ ਕੋਰਸਾਂ 'ਚ ਅੱਵਲ ਨੰਬਰ ਲੈ ਕੇ ਪਾਸ ਹੁੰਦੇ ਵੇਖੇ ਗਏ ਹਨ।

400-ਪਿਆਰ ਦੀ ਤਰੰਗ ਇਨਸਾਨ 'ਚ ਉਹ ਸ਼ਕਤੀ ਭਰ ਦਿੰਦੀ ਹੈ ਜਿਸ ਨਾਲ ਰਾਹ ਔਖੇ ਵੀ ਹੋਣ ਤਾਂ ਵੀ ਮਖਮਲੀ ਸੇਜ ਵਾਂਗ ਪੱਧਰੇ ਤੇ ਸੁਖਾਵੇਂ ਜਾਪਣ ਲਗਦੇ ਹਨ।

401- ਚੋਰ ਉਚੱਕੇ ਬਣੇ ਚੌਧਰੀ, ਹੁਣ ਗੁਰੂ ਕਹਾਵੇ ਚੇਲਾ ਮੰਗਦੇ ਧੇਲਾ।

402- ਕੁੜੀ ਇੰਡੀਆ ਵਿਆਹ ਕਰਵਾਉਂਦੀ ਹੈ, ਫਿਰ ਮੁੰਡਾ ਬਾਹਰ ਮੰਗਵਾਉਂਦੀ ਹੈ।ਇਥੇ ਸੱਦ ਕੇ ਰੋਹਬ ਜਮਾਉਂਦੀ ਹੈ। "ਤੈਨੂੰ ਮੈਂ ਸੱਦਿਆ" ਰੋਜ਼ ਸੁਣਾਉਦੀਂ ਹੈ, ਗੱਲ ਗੱਲ 'ਤੇ ਥੱਲੇ ਲਾਉਂਦੀ ਹੈ।

403- ਰਿਸ਼ਤੇ ਨਾਤੇ ਮਾੜੇ ਨਹੀਂ ਬਸ ਸੋਚ ਮਾੜੀ ਹੈ।

404- ਜੇ ਝਗੜਾ ਮੁਕਾਉਣ ਲਈ ਝਗੜੋਗੇ ਤਾਂ ਝਗੜਾ ਕਦੇ ਨਹੀਂ ਮੁਕੇਗਾ।

405- ਘਰ ਵਿਚ ਇਕ ਦੂਜ਼ੇ ਦੀ ਇੱਜ਼ਤ ਕੋਈ ਡਰਾਮਾ ਨਹੀਂ ਹੁੰਦਾ।

406- ਸਾਥੋਂ ਪਹਿਲਾਂ ਸਅਸ ਨੇ ਹੀ ਸੋਹਣਾ ਘਰ ਚਲਾਇਆ।

407- ਸੰਦੂਕਾਂ ਉਹਲੇ ਕੁੱਟਣਾ, ਲੱਗਦੈ ਚਿੱਕੜ ਸੁੱਟਣਾ।

408- ਪਹਿਲਾਂ ਤੂੰ ਗੁਰਦੁਆਰੇ ਜਾ ਕੇ ਪੁੱਛ ਧਰਮ ਕੀ ਹੁੰਦਾ ਹੈ, ਤੇਰੇ ਵਰਗੇ ਪਸ਼ੂ ਕੀ ਜਾਨਣ ਕਰਮ ਕੀ ਹੁੰਦਾ ਹੈ।

409- ਬੰਨ ਦਾ ਪਾਣੀ ਜੇ ਢੰਗ ਤਰੀਕੇ ਨਾਲ ਛਡਿਆ ਜਾਵੇ ਤਾਂ ਪਾਣੀ ਹੈ। ਬਿਨਾਂ ਯੋਜਨਾ ਤੋਂ ਛਡਿਆ ਪਾਣੀ ਹੜ੍ਹ ਬਣ ਜਾਵੇਗਾ।

410- ਜਿਸ ਨੇ ਵੀ ਦਰਬਾਰ ਸਾਹਿਬ ਨਾਲ ਵੈਰ ਕਮਾਇਆ ਹੈ, ਰੱਬ ਨੇ ਉਸ ਦਾ ਕੀਤਾ ਸਦਾ ਸਫਾਇਆ ਹੈ।

411- ਮਸ਼ਹੂਰ ਵਿਅਕਤੀ ਨੂੰ ਲਲਕਾਰਨ ਵਾਲਾ ਵੀ ਮਸ਼ਹੂਰ ਹੋ ਜਾਂਦਾ ਹੈ।

412- ਕਦੀ ਸਮਾਂ ਹੁੰਦਾ ਸੀ, ਸਾਰੇ ਪਿੰਡ ਦਾ ਦੁੱਖ ਸੁੱਖ ਸਾਂਝਾ ਹੁੰਦਾ ਸੀ।

413- ਅੱਜ ਦਾ ਮਨੁੱਖ ਇਕ ਮਸ਼ੀਨ ਬਣ ਕੇ ਰਹਿ ਗਿਆ ਹੈ।

414-ਅੱਜ ਖੂਨ ਦੇ ਰਿਸ਼ਤਿਆਂ ਵਿਚ ਪਾਣੀ ਪੈ ਗਿਆ ਹੈ।

415- ਅੱਜ ਦਾ ਮਨੁੱਖ, ਖੁਦਗਰਜ਼, ਪੱਖਪਾਤੀ, ਅਕ੍ਰਿਤਘਣ, ਅਹੰਕਾਰੀ, ਈਰਖਾਲੂ ਤੇ ਝਗਵਾਲੂ ਹੋ ਗਿਆ ਹੈ।

416- ਆਪਣਾ ਗੁੱਸਾ ਸਹੀ ਢੰਗ ਤਰੀਕੇ ਨਾਲ ਕਢਾਂਗੇ ਤਾਂ ਠੀਕ ਰਹੇਗਾ ਨਹੀਂ ਤਾਂ ਲੜਾਈ ਅਤੇ ਨੁਕਸਾਨ ਦਾ ਕਾਰਨ ਬਣ ਜਾਏਗਾ।

417- ਪਿਆਰ ਸੁਨੇਹੇ ਜਿੱਥੇ ਜ਼ਿੰਦਗੀ ਦੇ ਉਬੜ ਖਾਬੜ ਰਾਹਾਂ 'ਤੇ ਵਲ ਬਿਖੇਰਦੇ ਹਨ, ਉੱਥੇ ਜ਼ਿੰਦਗੀ ਦੇ ਖੁਰਦਰੇਪਣ 'ਚ ਵੀ ਮਿਠਾਸ ਭਰ ਦਿੰਦੇ ਹਨ।

418- ਜ਼ਿੰਦਗੀ ਦੇ ਸੰਗਰਸ਼ 'ਚ ਪੈ ਕੇ ਵੀ ਮਨ ਵਿੱਚ ਚਿੱਤਰੇ ਬਾਗ ਫੁਲਕਾਰੀਆਂ ਦੇ ਰੰਗ ਕਦੇ ਮੱਧਮ ਨਹੀਂ ਪੈਂਦੇ।

419- ਕਿਰਤ ਨਾਲ ਪਿਆਰ ਦੇ ਰੰਗ ਹੋਰ ਤੇਜਸੱਵੀ ਤੇ ਗੀਤਮਈ ਹੋਣ ਲੱਗਦੇ ਹਨ।

420- ਜ਼ਿੰਦਗੀ ਦੀ ਗੱਡੀ ਜੇ ਸੁਖਾਵੀਂ ਚੱਲਦੀ ਰਹੇ ਤਾਂ ਇਨਸਾਨ ਦੇ ਮਨ 'ਚ ਰੋਸ ਨਹੀਂ ਜਾਗਦਾ।

421- ਜੇ ਜ਼ਿੰਦਗੀ ਰੂਪੀ ਗੱਡੀ ਦੇ ਇੱਕ ਪਹੀਏ ਦੀ ਹੋਂਦ ਵਿਗੜ ਵਿਟਰ ਜਾਵੇ ਤਾਂ ਮੁਸ਼ਕਲਾਂ ਆਉਣਗੀਆਂ ਹੀ।

422- ਤੋਲ ਕੇ ਬੋਲਣ ਵਾਲੇ ਦੀ ਕੋਈ ਰੀਸ ਨਹੀਂ।

423- ਭਾਰਤ ਵਿੱਚ ਦਰਿਆਵਾਂ ਨੂੰ ਜੋੜਨ ਦਾ ਲਾਭ ਠੇਕੇਦਾਰਾਂ ਨੂੰ ਭਾਵੇਂ ਹੋ ਜਾਵੇ ਪਰ ਇਸ ਨਾਲ ਪਾਣੀ ਦੀ ਸਮੱਸਿਆ ਹੱਲ ਨਹੀਂ ਹੋਵੇਗੀ।

424- ਭਾਰਤ ਅੰਦਰ ਆਉਣ ਵਾਲੇ ਸਮੇਂ 'ਚ ਹਰ ਵਰ੍ਹੇ ਪਾਣੀ ਨਾਲ ਸਬੰਧਿਤ ਮੁਸੀਬਤਾਂ, ਝਗੜੇ, ਮੁਕੱਦਮੇ, ਆਦਿ ਵਧਣਗੇ।

425- ਪਾਣੀ ਦੀ ਥੁੜ੍ਹ ਦੀ ਸਮੱਸਿਆ ਸਾਡੀਆਂ ਬਾਕੀ ਸਾਰੀਆਂ ਅਮੱਸਿਆਵਾਂ ਨੂੰ ਪਿੱਛੇ ਛੱਡ ਜਾਵੇਗੀ।

426- ਮਨੁੱਖ ਦੀ ਪੈਸਾ ਕਮਾਉਣ ਦੀ ਹਵਸ਼ ਨੇ ਪਹਾੜਾਂ ਨੂੰ ਗੰਜਾ ਕਰ ਦਿੱਤਾ ਹੈ ਅਤੇ ਹੁਣ ਜਦੋਂ ਪਹਾੜਾਂ ਵਿਚ ਮੀਂਹ ਪੈਂਦਾ ਹੈ ਤਾਂ ਉਸ ਮੀਂਹ ਨੂੰ ਸਾਂਭਣ ਵਾਲੇ ਜੰਗਲ ਨਾ ਹੋਣ ਕਰਕੇ ਕੁੱਝ ਘੰਟਿਆਂ ਵਿਚ ਹੀ ਮੀਂਹ ਦਾ ਪਾਣੀ ਛੜੱਪੇ ਮਾਰਦਾ ਹੜ੍ਹ ਦੇ ਬਰੂਪ ਵਿਚ ਮੈਦਾਨਾ ਵਿਚ ਤਬਾਹੀ ਮਚਾ ਕੇ ਅਲੋਪ ਹੋ ਜਾਂਦਾ ਹੈ।

427- ਪੰਜਾਬ ਦੇ ਘਰਾਂ ਅੰਦਰ ਦਰਖਤ, ਦਰਖਤਾਂ ਦੇ ਰੂਪ ਵਿੱਚ ਦਾਖਲ ਨਹੀਂ ਹੋ ਸਕਦੇ, ਉਨਾਂ ਨੂੰ ਮੇਜ ਕੁਰਸੀਆਂ ਬਾਰੀਆਂ ਅਲਮਾਰੀਆਂ ਬਣਾ ਦਿੱਤਾ ਜਾਂਦਾ ਹੈ।

428- ਦਰਿਆ ਰਿਸ਼ੀਆ ਤੋਂ ਰਸਤਾ ਪੁੱਛਦੇ ਸਨ, ਹੁਣ ਰਿਸ਼ੀ ਦਰਿਆਵਾਂ ਨੂੰ ਲੱਭ ਰਹੇ ਹਨ।

429- ਪੰਜਾਬ ਵਾਸੀਆਂ ਨੇ, ਜਿਹੜੀਆਂ ਫਸਲਾਂ ਪਾਣੀ ਨੂੰ ਸੰਜਮ ਨਾਲ ਵਰਤਦੀਆਂ ਹਨ, ਉਨ੍ਹਾਂ ਨੂੰ ਉਨ੍ਹਾਂ ਨਾਲ ਵਟਾ ਲਿਆ ਹੈ ਜਿਹੜੀਆਂ ਪਾਣੀ ਦਾ ਨਸ਼ਾ ਕਰਦੀਆਂ ਹਨ।

430- ਦੀਵਾਨ ਵਿਚ ਬੈਠੇ ਵਿਅਕਤੀ ਦੀਆਂ ਜੇ ਅੱਖਾਂ ਬੰਦ ਹਨ ਤਾਂ ਸਮਝੋ ਤਨੋਂ ਬੈਠਾ ਹੈ 'ਤੇ ਮਨ ਪਤਾ ਨਹੀਂ ਕਿਥੇ ਹੈ।

431- ਭਾਰਤ ਅੰਦਰ, ਘਰੋਂ ਬਾਹਰ ਤੁਹਾਨੂੰ ਸ਼ਾਇਦ ਹੀ ਕਿੱਧਰੇ ਪੀਣ ਲਈ ਯੋਗ ਪਾਣੀ ਮਿਲੇ। ਇਹੀ ਕਾਰਨ ਹੈ ਕਿ ਹੁਣ ਜਦੋਂ ਲੋਕ ਘਰੋਂ ਬਾਹਰ ਨਿਕਲਦੇ ਹਨ ਤਾਂ ਪੀਣ ਵਾਲੇ ਪਾਣੀ ਦੀ ਚਿੰਤਾ ਨਾਲ ਲੈ ਕੇ ਨਿਕਲਦੇ ਹਨ।

432- ਭਾਰਤ ਅੰਦਰ ਆਉਣ ਵਾਲੀ ਸਦੀ ਪਾਣੀ ਦੇ ਕਾਲ ਦੀ ਸਦੀ ਹੋਵੇਗੀ।

433- ਲੋਕ ਜਦੋਂ ਰਿਸ਼ਤਾ ਕਰਿਆ ਕਰਨਗੇ ਤਾਂ ਲੜਕੇ ਦੀ ਚੋਣ ਦਾ ਆਧਾਰ ਆਮਦਨ ਜਾਂ ਵਿਦਿਅਕ ਯੋਗਤਾ ਨਹੀਂ ਹੋਵੇਗਾ ਸਗੋਂ ਆਧਾਰ ਇਹ ਹੋਵੇਗਾ ਕਿ ਘਰ ਵਿਚ ਪਾਣੀ ਦੀ ਸਥਿਤੀ ਕੀ ਹੈ।

434- ਪਾਣੀ ਵਾਲੀਆਂ ਥਾਵਾਂ ਤੇ ਮਾਰੂਥਲ ਪਸਰ ਰਿਹਾ ਹੈ ਪਰ ਸੁਆਰਥ ਅਧੀਨ ਇਸ ਨੂੰ ਸੋਕਾ ਕਿਹਾ ਜਾ ਸਕਦਾ ਹੈ।

435- ਧਰਤੀ ਵਿਚ ਉਤਨਾ ਪਾਣੀ ਜਾ ਨਹੀਂ ਰਿਹਾ ਜਿਤਨਾ ਕਢਿਆ ਜਾ ਰਿਹਾ ਹੈ।

436- ਡੈਮਾਂ ਨਹਿਰਾਂ ਨਾਲ ਭਾਰਤੀ ਪਾਣੀ ਨੂੰ ਉਨ੍ਹਾਂ ਥਾਵਾਂ 'ਤੇ ਲੈ ਕੇ ਜਾ ਰਹੇ ਹਨ ਜਿੱਥੇ ਕੁੱਦਰਤ ਨਹੀਂ ਲੈ ਕੇ ਜਾਣਾ ਚਾਹੁੰਦੀ।

437- ਬੱਚਿਆਂ ਨੂੰ ਸਮਝਾਈਏ ਪਿਆਰ ਨਾਲ ਨਹੀਂ ਤਾਂ ਇਹ ਘਰ ਵਿਚੋਂ ਹੀ ਬਗਾਵਤ ਦਾ ਪਹਿਲਾ ਸਬਕ ਸਿੱਖਣਗੇ।

438- ਮਾਂ ਬਾਪ ਬੱਚਿਆਂ ਦੇ ਪਹਿਲੇ ਅਧਿਆਪਕ ਹੁੰਦੇ ਹਨ।

439- ਬੱਚਿਆਂ ਵੱਲੋਂ ਪੁੱਛੇ ਜਾਂਦੇ ਨਿੱਕੇ ਨਿੱਕੇ ਸਵਾਲਾਂ ਦੇ ਜਵਾਬ ਉਨ੍ਹਾਂ ਨੂੰ ਪਿਆਰ ਨਾਲ ਦੇਣੇ ਚਾਹੀਦੇ ਹਨ, ਨਾ ਕਿ ਉਹਨਾਂ ਨੂੰ ਝਿੜਕ ਕੇ ਚੁੱਪ ਕਰਵਾ ਦੇਣਾ ਚਾਹੀਦਾ ਹੈ।

440- ਅਪੀਲਾਂ ਹਿੰਦੂ ਸਿੱਖ ਏਕਤਾ ਦੀਆਂ ਪਰ ਅਮਲ ਪਾੜੋ ਤੇ ਰਾਜ ਕਰੋ।

441- ਕੋਈ ਦੁਕਾਨਦਾਰ ਕਿੰਨਾ ਮਿੱਠ ਬੋਲੜਾ ਹੈ, ਇਹ ਜਾਨਣਾ ਹੋਵੇ ਤਾਂ ਖਰੀਦੀ ਹੋਈ ਚੀਜ਼ ਵਾਪਸ ਦੇਣ ਸਮੇਂ ਨੋਟ ਕਰੋ।

442- ਸਿੱਖਾਂ ਵਿਚ ਧਰਮ 'ਤੇ ਸਮਾਜ ਨੂੰ ਅੱਲਗ ਕਰਨ ਦੀਆਂ ਗੱਲਾਂ ਕਰਨ ਵਾਲੇ ਧੁੱਪ ਤੇ ਛਾਂ ਨੂੰ ਅੱਲਗ ਕਰਨ ਦੀਆਂ ਗੱਲਾਂ ਕਰਦੇ ਹਨ।

## 31 ਜੁਲਾਈ, 2015 ਲਈ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਵਸ ਸਬੰਧੀ ਵਿਸ਼ੇਸ਼

# ਸ਼ਹੀਦ ਊਧਮ ਸਿੰਘ ਧਰਮ-ਨਿਰਪੱਖ ਅਤੇ ਅਗਾਂਹਵਧੂ ਸੋਚ ਦਾ ਪ੍ਰਤੀਕ ਸੀ




ਸਾਡਾ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ ਪਹਿਲਾਂ ਮੁਗਲਾਂ ਦਾ ਅਤੇ ਫਿਰ ਅੰਗਰੇਜਾਂ ਦਾ। ਇਸ ਗੁਲਾਮੀ ਤੋਂ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਅਣਗਣਿਤ ਦੇਸ਼ਭਗਤਾਂ ਨੇ ਲੜਾਈਆਂ ਲੜੀਆਂ ਤੇ ਕੁਰਬਾਨੀਆਂ ਦਿਤੀਆਂ। ਦੇਸ਼ ਦੀ ਅਜ਼ਾਦੀ ਲਈ ਲੜਣ ਵਾਲਿਆਂ ਵਿੱਚ ਪੰਜਾਬੀਆਂ ਦੀ ਗਿਣਤੀ ਸਭ ਤੋਂ ਵੱਧ ਹੈ। ਇਨ੍ਹਾਂ ਸ਼ਹੀਦਾਂ ਵਿੱਚ ਸ਼ਹੀਦ ਊਧਮ ਸਿੰਘ ਦਾ ਨਾਮ ਵੀ ਪ੍ਰਮੁੱਖ ਹੈ ਜਿਸਨੇ 13 ਅਪ੍ਰੈਲ 1919 ਨੂੰ ਜਲਿਆਂ ਵਾਲਾ ਬਾਗ ਵਿੱਚ ਨਿਹੱਥੇ ਲੋਕਾਂ ਤੇ ਅੰਗਰੇਜ਼ ਸਿਪਾਹੀਆਂ ਵਲੋਂ ਚਲਾਈਆਂ ਗਈਆਂ ਗੋਲੀਆਂ ਦਾ ਬਦਲਾ 13 ਮਾਰਚ, 1940 ਨੂੰ ਇਸ ਗੋਲੀ ਕਾਂਡ ਦਾ ਹੁਕਮ ਦੇਣ ਵਾਲੇ ਗਵਰਨਰ ਸਰ ਮਾਇਕਲ ਉਡਵਾਇਰ ਨੂੰ ਲੰਡਨ ਵਿੱਚ ਮਾਰਕੇ ਲਿਆ। ਇਸ ਅਣਖੀਲੇ ਯੋਧੇ ਦਾ ਜਨਮ 26 ਦਸੰਬਰ, 1899 ਨੂੰ ਉਸ ਸਮੇਂ ਦੀ ਪਟਿਆਲਾ ਰਿਆਸਤ ਦੇ ਪਿੰਡ ਸ਼ਾਹਪੁਰ ਜੋ ਕਿ ਹੁਣ ਸੁਨਾਮ ਸ਼ਹਿਰ ਦਾ ਇੱਕ ਹਿੱਸਾ ਹੈ ਪਿਤਾ ਚੂਹੜ ਰਾਮ ਤੇ ਮਾਤਾ ਨਾਰਾਇਣੀ ਜਿਨ੍ਹਾਂ ਦੇ ਨਾਮ ਅੰਮ੍ਰਿਤ ਛਕਣ ਤੋਂ ਬਾਦ ਟਹਿਲ ਸਿੰਘ ਅਤੇ ਹਰਨਾਮ ਕੌਰ ਰੱਖੇ ਗਏ ਦੇ ਘਰ ਹੋਇਆ। ਆਪ ਦਾ ਬਚਪਨ ਦਾ ਨਾਂ ਸ਼ੇਰ ਸਿੰਘ ਸੀ ਤੇ ਆਪ ਦੇ ਵੱਡੇ ਭਰਾ ਦਾ ਨਾਂ ਸਾਧੂ ਸਿੰਘ ਸੀ। ਤਿੰਨ ਸਾਲ ਦੀ ਉਮਰ ਵਿੱਚ ਹੀ ਸਾਲ 1901 ਵਿੱਚ ਆਪ ਦੇ ਸਿਰ ਤੋਂ ਮਾਂ ਦਾ ਸਾਇਆ ਉੱਠ ਗਿਆ। ਪਿਤਾ ਰੇਲਵੇ ਫਾਟਕ ਤੇ ਚੌਂਕੀਦਾਰ ਦੀ ਨੌਕਰੀ ਕਰਦੇ ਸਨ। ਸਾਲ 1907 ਵਿੱਚ ਆਪ ਦੇ ਪਿਤਾ ਅਪਣੇ ਦੋਵੇਂ ਬੱਚਿਆਂ ਨੂੰ ਲੈਕੇ ਅੰਮ੍ਰਿਤਸਰ ਦੀ ਦੀਵਾਲੀ ਵੇਖਣ ਲਈ ਚੱਲ ਪਏ। ਰਸਤੇ ਵਿੱਚ ਹੀ ਪਿਤਾ ਨੂੰ ਬੁਖਾਰ ਹੋ ਗਿਆ। ਉਸ ਵੇਲੇ ਭਾਈ ਛਾਂਗਾ ਸਿੰਘ ਜੀ ਦਾ ਕੀਰਤਨੀ ਜਥਾ ਉਥੇ ਪਹੁੰਚ ਗਿਆ ਤੇ ਉਸ ਜਥੇ ਵਿੱਚ ਸ਼ਾਮਲ ਭਾਈ ਚੈਂਚਲ ਸਿੰਘ ਨੇ ਊਧਮ ਸਿੰਘ ਦੇ ਪਿਤਾ ਨੂੰ ਇਲਾਜ ਲਈ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਪਰੰਤੂ ਅਗਲੇ ਦਿਨ ਹੀ ਆਪ ਦੇ ਪਿਤਾ ਟਹਿਲ ਸਿੰਘ ਦੀ ਮੌਤ ਹੋ ਗਈ ਅਤੇ ਦੋਵੇਂ ਭਰਾ ਅਨਾਥ ਹੋ ਗਏ। ਉਸ ਸਮੇਂ ਊਧਮ ਸਿੰਘ ਦੀ ਉਮਰ ਲੱਗਭੱਗ 8 ਸਾਲ ਸੀ ਅਤੇ ਵੱਡੇ ਭਰਾ ਸਾਧੂ ਸਿੰਘ ਦੀ ਉਮਰ ਲੱਗਭੱਗ 10 ਸਾਲ ਸੀ। ਇਸਤੋਂ ਬਾਦ ਆਪ ਨੂੰ ਅਤੇ ਆਪ ਦੇ ਭਰਾ ਨੂੰ ਭਾਈ ਛਾਂਗਾ ਸਿੰਘ, ਭਾਈ ਕਿਸ਼ਨ ਸਿੰਘ ਤੇ ਭਾਈ ਚੰਚਲ ਸਿੰਘ ਨੇ ਸੈਂਟਰਲ ਯਤੀਮਖਾਨੇ ਪੁਤਲੀਘਰ ਅੰਮ੍ਰਿਤਸਰ ਵਿੱਚ ਦਾਖਲ ਕਰਵਾ ਦਿੱਤਾ। ਸੰਨ 1913 ਵਿੱਚ ਵੱਡੇ ਭਰਾ ਸਾਧੂ ਸਿੰਘ ਦੀ ਨਿਮੋਨੀਏ ਕਾਰਨ ਮੌਤ ਹੋ ਗਈ ਅਤੇ ਆਪ ਬਿਲਕੁੱਲ ਇਕੱਲੇ ਰਹਿ ਗਏ। 1917 ਵਿੱਚ ਆਪ ਨੇ ਦਸਵੀਂ ਪਾਸ ਕਰ ਲਈ। ਉਸ ਦਾ ਮਾਮਾ ਜੀਵਾ ਸਿੰਘ ਉਸ ਨੂੰ ਸੁਨਾਮ ਲੈ ਗਿਆ ਤੇ ਖੇਤੀ ਦੇ ਕੰਮ ਵਿੱਚ ਲਾ ਦਿੱਤਾ। ਪਰ ਊਧਮ ਸਿੰਘ ਸੁਨਾਮ ਛੱਡ ਕੇ ਫਿਰ ਅੰਮ੍ਰਿਤਸਰ ਯਤੀਮਖਾਨੇ ਪਹੁੰਚ ਗਿਆ। ਉਸ ਸਮੇਂ ਪਹਿਲਾਂ ਸੰਸਾਰ ਯੁੱਧ ਚੱਲ ਰਿਹਾ ਸੀ। ਉਹ ਫ਼ੌਜ ਵਿੱਚ ਭਰਤੀ ਹੋ ਗਿਆ ਤੇ ਬੰਬਈ ਤੋਂ ਬਸਰਾ ਪਹੁੰਚ ਗਿਆ। ਪ੍ਰੰਤੂ ਉਹ 6 ਮਹੀਨੇ ਪਿੱਛੋਂ ਹੀ ਵਾਪਸ ਆ ਗਿਆ। 13 ਅਪ੍ਰੈਲ 1919 ਨੂੰ ਵਾਪਰੇ ਜਲ੍ਹਿਆਂਵਾਲੇ ਬਾਗ ਦੇ ਸਾਕੇ ਸਮੇਂ ਊਧਮ ਸਿੰਘ ਅੰਮ੍ਰਿਤਸਰ ਚੀਫ ਖਾਲਸਾ ਦੀਵਾਨ ਦੇ ਯਤੀਮਖਾਨੇ ਵਿੱਚ ਸੀ। ਕੁੱਝ ਲੇਖਕਾਂ ਨੇ ਲਿਖਿਆ ਹੈ ਕਿ ਜਲ੍ਹਿਆਂਵਾਲੇ ਬਾਗ ਵਿੱਚ ਹੋ ਰਹੇ ਜਲਸੇ ਵਿੱਚ ਸ਼ਾਮਿਲ ਲੋਕਾਂ ਨੂੰ ਪਾਣੀ ਪਿਲਾਉਣ ਵਾਲੇ ਵਲੰਟਰੀਅਰਾਂ ਵਿੱਚ ਊਧਮ ਸਿੰਘ ਵੀ ਸ਼ਾਮਿਲ ਸੀ ਅਤੇ ਜਦੋਂ ਜਨਰਲ ਡਾਇਰ ਨੇ ਗੋਲੀਆਂ ਚਲਾ ਕੇ ਕਹਿਰ ਵਰਤਾਇਆ ਤਾਂ ਬਾਦ ਵਿੱਚ ਮ੍ਰਿਤਕਾਂ ਦੀਆਂ ਲਾਸ਼ਾ ਲੱਭਣ ਵਿੱਚ ਵੀ ਸਹਾਇਤਾ ਕਰਦਾ ਰਿਹਾ। ਇਸ ਤਰਾਂ ਸ਼ਹੀਦ ਊਧਮ ਸਿੰਘ ਨੇ ਇਸ ਸਾਕੇ ਨੂੰ ਅਪਣੇ ਅੱਖੀਂ ਵੇਖਿਆ ਤੇ ਇਸ ਗੋਲੀਕਾਂਡ ਦਾ ਬਦਲਾ ਲੈਣ ਦਾ ਫੈਸਲਾ ਕੀਤਾ।



ਕੁਲਦੀਪ ਚੰਦ
9417563054

ਵਰਣਨਯੋਗ ਹੈ ਕਿ ਇਸ ਗੋਲੀ ਕਾਂਡ ਤੋਂ ਬਾਦ 30 ਮਈ, 1919 ਨੂੰ ਇਸ ਗੋਲੀ ਕਾਂਡ ਦਾ ਹੁਕਮ ਦੇਣ ਵਾਲੇ ਲੈਫਟੀਨੈਂਟ ਗਵਰਨਰ ਸਰ ਮਾਇਕਲ ਉਡਵਾਇਰ ਨੂੰ ਲੰਡਨ ਵਾਪਸ ਬੁਲਾ ਲਿਆ ਗਿਆ ਅਤੇ ਪੰਜਾਬ ਵਿੱਚ ਨਿਭਾਈਆਂ ਸੇਵਾਵਾਂ ਬਦਲੇ 20 ਹਜ਼ਾਰ ਪੌਂਡ ਇਨਾਮ ਵਿੱਚ ਦਿੱਤੇ ਗਏ ਜਿਸ ਕਾਰਨ ਸ਼ਹੀਦ ਊਧਮ ਸਿੰਘ ਦੇ ਦਿਲ ਵਿੱਚ ਬਲ ਰਹੀ ਬਦਲਾ ਲੈਣ ਦੀ ਚੰਗਿਆੜੀ ਅੱਗ ਦਾ ਭਾਂਬੜ ਬਣ ਗਈ। ਇਸਤੋਂ ਬਾਦ ਅਗਲੇ 21 ਸਾਲ ਉਸ ਨੇ ਇਸ ਪ੍ਰਣ ਨੂੰ ਪੂਰਾ ਕਰਨ ਲਈ ਹੀ ਲਾਏ। ਪਹਿਲਾਂ ਊਧਮ ਸਿੰਘ ਨੇ ਯਤੀਮਖਾਨਾ ਛੱਡ ਕੇ ਚਾਰਹਾਟ ਦੀਆਂ ਪਹਾੜੀਆਂ ਤੇ ਜਾ ਕੇ 40 ਰੁਪਏ ਮਹੀਨੇ ਤੇ 8 ਨੰਬਰੀ ਕੰਪਨੀ ਵਿੱਚ ਨੌਕਰੀ ਕਰ ਲਈ। ਫਿਰ ਉਸ ਨੇ ਅਫਰੀਕਾ ਦੇ ਦੇਸ਼ ਯੁਗਾਂਡਾ ਜਾ ਕੇ ਰੇਲਵੇ ਵਰਕਸ਼ਾਪ ਵਿੱਚ 170 ਰੁਪਏ ਮਹੀਨੇ ਤੇ ਨੌਕਰੀ ਕੀਤੀ। ਦੋ ਸਾਲ ਮਗਰੋਂ ਉਹ ਅਸਤੀਫਾ ਦੇ ਕੇ ਮੁੜ ਅੰਮ੍ਰਿਤਸਰ ਆ ਗਿਆ। ਫਿਰ ਉਹ ਲੰਦਨ, ਮੈਕਸੀਕੋ ਆਦਿ ਹੁੰਦਾ ਹੋਇਆ ਯੂ.ਐਸ.ਏ. ਚਲਾ ਗਿਆ। ਮੈਕਸੀਕੋ ਤੋਂ ਉਹ 2 ਫਰਵਰੀ 1922 ਨੂੰ ਕੈਲੀਫੋਰਨੀਆਂ ਪਹੁੰਚਿਆ ਜਿੱਥੇ ਗਦਰੀ ਦੇਸ਼ ਭਗਤਾਂ ਨਾਲ ਸੰਪਰਕ ਹੋ ਗਿਆ। ਨਿਊਯਾਰਕ ਰਹਿਣ ਸਮੇਂ ਉਸ ਨੇ ਫਰਾਂਸ, ਬੈਲਜੀਅਮ, ਜਰਮਨੀ, ਹੰਗਰੀ, ਸਵਿਟਜ਼ਰਲੈਂਡ ਤੇ ਇਟਲੀ ਦੀ ਯਾਤਰਾ ਕੀਤੀ ਤੇ ਫਿਰ ਅਮਰੀਕਾ ਚਲਾ ਗਿਆ। ਉਥੇ ਉਹ ਆਸਟਰੇਲੀਆਂ ਜਾਣ ਵਾਲੇ ਜਹਾਜ਼ ਵਿੱਚ ਚੜ੍ਹ ਕੇ ਕਲਕੱਤਾ ਜਾ ਉਤਰਿਆ ਤੇ ਉਥੋਂ ਪੰਜਾਬ ਪਹੁੰਚ ਗਿਆ। ਅੰਮ੍ਰਿਤਸਰ ਉਸ ਕੋਲੋਂ ਪਸਤੌਲ 138 ਗੋਲੀਆਂ ਤੇ ਕ੍ਰਾਂਤੀਕਾਰੀ ਸਾਹਿਤ ਫੜਿਆ ਅਤੇ ਉਸ ਨੂੰ ਪੰਜ ਸਾਲ ਦੀ ਕੈਦ ਹੋਈ। ਉਹ 4 ਸਾਲ ਇੱਕ ਮਹੀਨੇ ਤੇ 20 ਦਿਨ ਜੇਲ੍ਹ ਵਿੱਚ ਰਹਿ ਕੇ 20 ਅਕਤੂਬਰ 1931 ਨੂੰ ਰਿਹਾਅ ਹੋਇਆ। ਇਸ ਦੌਰਾਨ ਹੀ ਆਪ ਦੀ ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ਸੰਨ 1929 ਵਿੱਚ ਹੋਈ। ਸ਼ਹੀਦ ਭਗਤ ਸਿੰਘ ਨੇ ਉਸ ਵੇਲੇ ਅੰਗਰੇਜ਼ ਸਰਕਾਰ ਵਿਰੁੱਧ ਕੇਂਦਰੀ ਜ਼ੇਲ ਲਾਹੌਰ ਵਿੱਚ ਭੁੱਖ ਹੜਤਾਲ ਰੱਖੀ ਹੋਈ ਸੀ। ਜਦੋਂ ਭਗਤ ਸਿੰਘ ਨੂੰ ਫਾਂਸੀ ਦਿੱਤੀ ਗਈ ਤਾਂ ਉਸ ਸਮੇਂ ਊਧਮ ਸਿੰਘ ਜ਼ੇਲ੍ਹ ਵਿੱਚ ਸੀ। ਸੰਨ 1931 ਵਿੱਚ ਆਪਣੀ ਸ਼ਜਾ ਪੂਰੀ ਕਰ ਜਦੋਂ ਊਧਮ ਸਿੰਘ ਜ਼ੇਲ੍ਹ ਵਿੱਚੋਂ ਬਾਹਰ ਆਇਆ ਤਾਂ ਉਹ ਸੁਨਾਮ ਜਾ ਕੇ ਰਹਿਣ ਲੱਗਾ, ਪਰ ਸੁਨਾਮ ਦੀ ਪੁਲਿਸ ਦੁਆਰਾ ਊਧਮ ਸਿੰਘ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਣ ਲੱਗਾ। ਊਧਮ ਸਿੰਘ ਦੁਬਾਰਾ ਅੰਮ੍ਰਿਤਸਰ ਆ ਕੇ ਰਹਿਣ ਲੱਗਾ ਜਿੱਥੇ ਉਸਨੇ ਪੇਂਟਰ ਦੀ ਦੁਕਾਨ ਖੋਲੀ। ਇਸ ਦੁਕਾਨ ਦਾ ਨਾਮ ਰਾਮ ਮੁਹੰਮਦ ਸਿੰਘ ਆਜ਼ਾਦ ਰੱਖਿਆ। ਇਹ ਨਾਮ ਊਧਮ ਸਿੰਘ ਦੁਆਰਾ ਧਰਮ-ਨਿਰਪੱਖ ਅਤੇ ਅਗਾਂਹਵਧੂ ਸੋਚ ਦਾ ਪ੍ਰਤੀਕ ਸੀ। ਅੰਮ੍ਰਿਤਸਰ ਤੋਂ ਬਾਅਦ ਕੁਝ ਦੇਰ ਕਸ਼ਮੀਰ ਵਿੱਚ ਰਹਿਣ ਤੋਂ ਪਿੱਛੋਂ ਊਧਮ ਸਿੰਘ ਘੁੰਮਦਾ-ਘੁਮਾਉਂਦਾ ਇੰਗਲੈਂਡ ਪਹੁੰਚ ਗਿਆ। ਇੰਗਲੈਂਡ ਪਹੁੰਚਣ ਤੱਕ ਜ਼ਲ੍ਹਿਆਂ ਵਾਲਾ ਬਾਗ ਦੇ ਸਾਕੇ ਦੀ ਚਿੰਗਆੜੀ ਇੱਕ ਭਿਆਨਕ ਅੱਗ ਬਣ ਚੁੱਕੀ ਸੀ। ਸ਼ਹੀਦ ਊਧਮ ਸਿੰਘ ਨੇ ਅਪਣਾ ਬਦਲਾ ਲੈਣ ਲਈ ਯੋਜਨਾ ਬਣਾਈ ਅਤੇ ਸਵਿਟਜਰਲੈਂਡ, ਜਰਮਨੀ, ਫਰਾਂਸ, ਹਾਲੈਂਡ ਆਦਿ ਹੁੰਦੇ ਹੋਏ ਆਖਿਰ 1934 ਵਿੱਚ ਲੰਡਨ ਪਹੁੰਚ ਗਿਆ। ਉਥੇ ਉਸਨੇ ਇੱਕ ਕਾਰ ਅਤੇ ਰਿਵਾਲਵਰ ਖ੍ਰੀਦਿਆ। ਉਸਨੇ ਇੱਕ ਕਿਤਾਬ ਨੂੰ ਕੱਟਕੇ ਉਸ ਵਿੱਚ ਅਪਣਾ ਰਿਵਾਲਵਰ ਲੁਕਾ ਲਿਆ। ਆਖਿਰਕਾਰ 13 ਮਾਰਚ 1940 ਨੂੰ ਉਹ ਦਿਨ ਆ ਗਿਆ। ਜਿਸਦੀ ਊਧਮ ਸਿੰਘ ਉਡੀਕ ਕਰ ਰਿਹਾ ਸੀ। 13 ਮਾਰਚ 1940 ਨੂੰ ਸ਼ਾਮ ਦੇ 4:30 ਵਜੇ ਈਸਟ ਐਸੋਸੀਏਸ਼ਨ ਅਤੇ ਸੈਂਟਰਲ ਏਸ਼ੀਅਨ ਸੁਸਾਇਟੀ ਦੀ 10 ਕੈਕਸਟਨ ਹਾਲ ਲੰਡਨ ਵਿਖੇ ਮੀਟਿੰਗ ਹੋ ਰਹੀ ਸੀ। ਇਸ ਮੀਟਿੰਗ ਵਿੱਚ ਊਧਮ ਸਿੰਘ ਭੇਸ ਬਦਲ ਕੇ ਆਪਣੇ ਨਾਲ ਰਿਵਾਲਵਰ ਲਿਜਾਣ ਵਿੱਚ ਸਫਲ ਹੋਇਆ। ਜਦੋਂ ਸਰ ਮਾਈਕਲ ਉਡਵਾਇਰ ਜੋ ਜ਼ਲ੍ਹਿਆਵਾਲੇ ਬਾਗ ਦੇ ਸਾਕੇ ਦੌਰਾਨ ਪੰਜਾਬ ਦਾ ਗਵਰਨਰ ਸੀ ਮੀਟਿੰਗ ਨੂੰ ਸੰਬੋਧਨ ਕਰਨ ਲੱਗਾ ਤਾਂ ਊਧਮ ਸਿੰਘ ਨੇ ਆਪਣੇ ਰਿਵਾਲਵਰ ਵਿਚਲੀਆਂ ਛੇ ਗੋਲੀਆਂ ਉਸ ਉਪਰ ਦਾਗ ਦਿੱਤੀਆਂ। ਗੋਲੀਆਂ ਲੱਗਣ ਕਾਰਨ ਸਰ ਮਾਈਕਲ ਉਡਵਾਇਰ ਜ਼ਮੀਨ ਤੇ ਡਿੱਗ ਪਿਆ ਅਤੇ ਉਸਦੀ ਮੌਕੇ ਤੇ ਹੀ ਮੌਤ ਹੋ ਗਈ। ਲਾਰਡ ਜੈਂਟਲੈਂਡ ਜੋ ਭਾਰਤ ਦਾ ਸੈਕਟਰੀ ਸੀ ਗੋਲੀਆਂ ਲੱਗਣ ਨਾਲ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਇਸਤੋਂ ਬਾਦ ਸ਼ਹੀਦ ਊਧਮ ਸਿੰਘ ਨੇ ਭਜਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਮੌਕੇ ਤੇ ਹੀ ਗ੍ਰਿਫਤਾਰ ਹੋ ਗਿਆ। ਗ੍ਰਿਫਤਾਰੀ ਸਮੇਂ ਊਧਮ ਸਿੰਘ ਨੇ ਕਿਹਾ ਕਿ ਉਸਨੇ ਆਪਣੇ ਦੇਸ਼ ਪ੍ਰਤੀ ਆਪਣਾ ਫਰਜ਼ ਨਿਭਾਇਆ ਹੈ। ਜਦੋਂ ਉਸ ਕੋਲੋਂ ਉਸਦਾ ਨਾਮ ਪੁੱਛਿਆ ਗਿਆ ਤਾਂ ਉਸਨੇ ਆਪਣਾ ਨਾਮ ਰਾਮ ਮੁਹੰਮਦ ਸਿੰਘ ਆਜ਼ਾਦ ਦੱਸਿਆ। ਸ਼ਹੀਦ ਊਧਮ ਸਿੰਘ ਵੱਲੋਂ ਸਰ ਮਾਈਕਲ ਉਡਵਾਇਰ ਦੇ ਕੀਤੇ ਕਤਲ ਨੂੰ ਵਿਸ਼ਵ ਪੱਧਰ ਦੀਆਂ ਅਖਬਾਰਾਂ ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਲੰਡਨ ਤੋਂ ਪ੍ਰਕਾਸ਼ਿਤ ਅਖਬਾਰ 'ਦੀ ਟਾਈਮਜ਼ ਆਫ ਲੰਡਨ' ਵਿੱਚ ਸ਼ਹੀਦ ਊਧਮ ਸਿੰਘ ਨੂੰ 'ਆਜ਼ਾਦੀ ਦਾ ਲੜਾਕਾ' ਅਤੇ ਉਸਦੇ ਕਾਰਨਾਮੇ ਨੂੰ ਗੁਲਾਮ ਭਾਰਤੀਆਂ ਦੇ ਦੱਬੇ ਗੁੱਸੇ ਦਾ ਇਜ਼ਹਾਰ ਕਿਹਾ ਗਿਆ। ਜਰਮਨੀ ਦੇ ਰੇਡਿਓ ਤੋਂ ਵਾਰ-ਵਾਰ ਇਹੀ ਕਿਹਾ ਗਿਆ ਕਿ ਭਾਰਤੀ ਆਪਣੇ ਦੁਸ਼ਮਣਾਂ ਨੂੰ ਕਦੀ ਮਾਫ ਨਹੀਂ ਕਰਦੇ, ਉਹ ਵੀਹ ਸਾਲ ਦੇ ਲੰਮੇ ਵਕਫੇ ਤੋਂ ਬਾਅਦ ਵੀ ਉਨ੍ਹਾਂ ਨੂੰ ਮਾਰ ਮੁਕਾਉਂਦੇ ਹਨ। ਉਸ ਵੇਲੇ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਮਹਾਤਮਾ ਗਾਂਧੀ ਵਰਗੇ ਆਗੂਆਂ ਨੇ ਇਸਦੀ ਨਿੰਦਾ ਕੀਤੀ। ਸੁਭਾਸ਼ ਚੰਦਰ ਬੋਸ ਦੁਆਰਾ ਊਧਮ ਸਿੰਘ ਦੇ ਇਸ ਕਾਰਨਾਮੇ ਦੀ ਪ੍ਰਸੰਸ਼ਾਂ ਕੀਤੀ ਗਈ। ਪਹਿਲੀ ਅਪ੍ਰੈਲ 1940 ਨੂੰ ਊਧਮ ਸਿੰਘ ਨੂੰ ਅਦਾਲਤ ਵਿੱਚ ਪੇਸ਼ ਕਰ ਦਿੱਤਾ ਗਿਆ। ਮਾਈਕਲ ਉਡਵਾਇਰ ਦੇ ਕਤਲ ਲਈ ਉਸਨੂੰ ਦੋਸ਼ੀ ਠਹਿਰਾਇਆ ਗਿਆ। 4 ਜੂਨ 1940 ਸੈਂਟਰਲ ਕਰਿਮੀਨਲ ਕੋਰਟ, ਓਲਡ ਬੈਲੇ ਵਿੱਚ ਜਸਟਿਸ ਐਂਟਕਨਸਨ ਦੇ ਸਾਹਮਣੇ ਊਧਮ ਸਿੰਘ ਨੇ ਆਪਣੇ ਜੁਰਮ ਦਾ ਇਕਬਾਲ ਕੀਤਾ। ਜੱਜ ਦੁਆਰਾ ਮਾਈਕਲ ਉਡਵਾਇਰ ਦੇ ਕਤਲ ਦਾ ਕਾਰਨ ਪੁੱਛਣ ਤੇ ਊਧਮ ਸਿੰਘ ਨੇ ਜਵਾਬ ਦਿੱਤਾ ਕਿ ਉਹ ਸਾਡੇ ਦੇਸ਼ ਦਾ ਪੁਰਾਣਾ ਦੁਸ਼ਮਣ ਸੀ ਅਤੇ ਇਸ ਸਜ਼ਾ ਦਾ ਹੱਕਦਾਰ ਸੀ। ਇਸ ਪਿਛੋਂ ਜੱਜ ਨੇ ਊਧਮ ਸਿੰਘ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। ਅੱਜ ਦੇ ਦਿਨ 31 ਜੁਲਾਈ 1940 ਨੂੰ ਊਧਮ ਸਿੰਘ ਨੂੰ ਪੈਂਟੋਨਵਿਲੇ ਜ਼ੇਲ੍ਹ ਲੰਡਨ ਵਿੱਚ ਫਾਂਸੀ ਦੇ ਦਿੱਤੀ ਗਈ ਅਤੇ ਉਸਦੀ ਮ੍ਰਿਤਕ ਦੇਹ ਨੂੰ ਜ਼ੇਲ੍ਹ ਦੇ ਅੰਦਰ ਹੀ ਦਬਾ ਦਿੱਤਾ ਗਿਆ। 31 ਜੁਲਾਈ 1974 ਨੂੰ ਇੰਗਲੈਂਡ ਨੇ ਊਧਮ ਸਿੰਘ ਦੀਆਂ ਅਸਥੀਆਂ ਭਾਰਤ ਨੂੰ ਸੌਂਪ ਦਿੱਤੀਆਂ। ਬੇਸ਼ੱਕ ਪੰਜਾਬ ਦਾ ਇਹ ਮਹਾਨ ਸਪੂਤ 31 ਜੁਲਾਈ 1940 ਨੂੰ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ, ਪਰ ਉਸਦੀ ਯਾਦ ਹਮੇਸ਼ਾਂ ਦੇਸ਼ ਵਾਸੀਆਂ ਦੇ ਦਿਲਾਂ ਵਿੱਚ ਉਸਨੂੰ ਜੀਉਂਦਾ ਰੱਖੇਗੀ ਅਤੇ ਉਸਦੀ ਸ਼ਹੀਦੀ ਸਾਡੀਆਂ ਆਉਣ ਵਾਲੀਆਂ ਪੀੜੀਆਂ ਲਈ ਪ੍ਰੇਰਣਾ ਸ੍ਰੋਤ ਰਹੇਗੀ।

Email: kuldipnangal@gmail,com

# 25 ਜੁਲਾਈ, 2015 ਨੂੰ ਪਿਟਸਬਰਗ (ਕੈਲੇਫੋਰਨੀਆ) ਵਿਖੇ ਕਰਵਾਏ ਤੀਆਂ ਦੇ ਮੇਲੇ ਦੀਆਂ ਕੁਝ ਝਲਕੀਆਂ
















# Grant Line Insurance Agency, Inc.

## DBA Sky High Insurance Agency

**One stop shop for all your Insurance needs**

License#0J06225







ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

**209-263-0860**

3244 W. Grant Line Rd., Tracy, CA 95304

Email: nfo@skyhighinsuranceagency.com
Website: www.skyhighinsuranceagency.com


ਮਨਦੀਪ ਥਿਆੜਾ
ਏਜੰਟ
209-666-0032


ਜਸਵੀਰ ਕੌਰ
ਬਰੋਕਰ
925-895-8140


ਗਗਨਦੀਪ ਸਿੰਘ
ਏਜੰਟ
925-724-7070


ਹਰਮਨ ਸਿੰਘ
ਏਜੰਟ
510-415-8154

# IVACC PICNIC 2015

## In Honor of Late Commissioner Lahori Ram



Forerunner Indo-American to become involved in California politics.

"Nothing is ever really lost to us as long as we remember it"
L.m. Montgomery

## Sunday August 02, 2015

11:00 AM to 6:30 PM

At: **Elk Grove Park**
9950 Elk Grove-Florin Road, Section C, Elk Grove, CA



Jack Ram, Paul Ram

**Program consists of:**

Dj, Volleyball tournament, Badminton, Sports for all Ages, Musical contest. Tug of war and awards for all ages. Jump house.

### Directions

From Elk Grove Blvd East-Turn Right at Elk Grove-Florin Road.

### Teams contest:

Volleyball, Soccer junior and Wrestling demonstration

### Important Notes;

IVACC has the privilege to invite you to our Picnic. Come and enjoy your day in the company of your elected representatives.



# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

Buy Quality Used Trucks

ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ





ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।

**Call : Dharminder Singh**

Cell : 530-870-6600 Fax : 530-405-1429

Email: myfuturetruck@gmail.com

**2535 Front St. West Sacramento, CA 95691**

# Continental



ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।




Bhajji Gill (510-277-6315),
Chain Gill 510-542-1181

42400 Boyce Rd., Unite F, Fremont, CA 94538

Truck, Trailer Repair & Tyre Servicse

## ਸਾਕਾ ਪੰਜਾ ਸਾਹਿਬ 'ਤੇ ਵਿਸ਼ੇਸ਼

# 'ਕਬੀਰਾ ਸੰਤ ਮੋਏ ਕਿਆ ਰੋਵੀਐ'



ਪ੍ਰੋ: ਐਚ.ਐਲ.ਕਪੂਰ
01- 916- 587-4002

ਪਿਆਰੇ ਪਾਠਕ ਵੀਰੋ! 'ਸਾਕਾ ਪੰਜਾ ਸਾਹਿਬ' ਦਾ ਜ਼ਿਕਰ ਕਰਨ ਤੋਂ ਪਹਿਲਾਂ 'ਗੁਰਦੁਆਰਾ ਪੰਜਾ ਸਾਹਿਬ' ਦਾ ਜ਼ਿਕਰ ਕਰਨਾ ਵੀ ਬੜਾ ਜ਼ਰੂਰੀ ਹੈ ਕਿਉਂਕਿ ਸਾਕਾ ਪੰਜਾ ਸਾਹਿਬ ਦਾ ਇਤਿਹਾਸ ਗੁਰਦੁਆਰਾ ਪੰਜਾ ਸਾਹਿਬ ਨਾਲ ਜਾ ਜੁੜਦਾ ਹੈ। ਗੁਰਦੁਆਰਾ ਪੰਜਾ ਸਾਹਿਬ ਜੋ ਕਿ ਹਸਨ ਅਬਦਾਲ ਵਿਖੇ ਸਥਿਤ ਹੈ ਤੇ ਇਹ ਗੁਰਦੁਆਰਾ ਰਾਵਲਪਿੰਡੀ ਤੋਂ 48 ਕਿਲੋਮੀਟਰ ਦੀ ਦੂਰੀ 'ਤੇ ਹੈ। ਇਹ ਸਿੱਖ ਧਰਮ ਦਾ ਇਕ ਬੜਾ ਹੀ ਪਵਿੱਤਰ ਤੇ ਇਤਿਹਾਸਕ ਸਥਾਨ ਹੈ। ਗੁਰਦੁਆਰਾ ਸਾਹਿਬ ਵਿਖੇ ਇਕ ਪੱਥਰ ਉਪਰ ਪੰਜੇ ਦਾ ਨਿਸ਼ਾਨ ਹੈ ਜੋ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਪੰਜੇ ਦਾ ਨਿਸ਼ਾਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੈ। ਸਾਲ 'ਚ ਦੋ ਵਾਰ ਸਿੱਖ ਸੰਗਤ ਇੱਥੇ ਇਕ ਮੇਲੇ ਦੇ ਰੂਪ 'ਚ ਬੜੀ ਸ਼ਰਧਾ ਨਾਲ ਇਕੱਤਰ ਹੁੰਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਵਿਸਾਖ ਸੰਮਤ ਦੀ 1578 ਬਿਕਰਮੀ ਨੂੰ ਭਾਈ ਮਰਦਾਨਾ ਜੀ ਨਾਲ, ਹਸਨ ਅਬਦਾਲ ਵਿਖੇ ਗਰਮੀ ਦੀ ਰੁੱਤ ਦੇ ਦਿਨਾਂ 'ਚ ਪਹੁੰਚੇ। ਇੱਥੇ ਉਹਨਾਂ ਨੇ ਇਕ ਦਰਖ਼ਤ ਦੀ ਛਾਂ ਹੇਠ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਸ਼ਰਧਾਲੂ ਉਹਨਾਂ ਦੇ ਗਿਰਦ ਜੁੜ ਕੇ ਬੈਠ ਗਏ। ਉਥੇ ਦਾ ਇਕ ਸਥਾਪਤ ਸੰਤ ਜਿਸ ਦਾ ਨਾਮ ਹਜ਼ਰਤ ਸ਼ਾਹ ਵਲੀ ਕੰਧਾਰੀ ਸੀ, ਜਿਸ ਦਾ ਆਪਣਾ ਤਪ ਅਸਥਾਨ ਨੇੜੇ ਹੀ, ਇਕ ਪਹਾੜੀ ਦੀ ਟੀਸੀ 'ਤੇ ਸੀ। ਜਦੋਂ ਉਸ ਨੇ ਦੇਖਿਆ ਕਿ ਗੁਰੂ ਨਾਨਕ ਦੇਵ ਜੀ ਦੇ ਗਿਰਦ ਕਾਫ਼ੀ ਸ਼ਰਧਾਲੂ ਇਕੱਠੇ ਹੋ ਗਏ ਹਨ ਤੇ ਉਹਨਾਂ ਦਾ ਕੀਰਤਨ ਸੁਣ ਰਹੇ ਹਨ ਤਾਂ ਇਹ ਦੇਖ ਕੇ ਉਸ ਨੂੰ ਗੁਰੂ ਨਾਨਕ ਦੇਵ ਜੀ ਨਾਲ ਈਰਖਾ ਹੋ ਗਈ ਤੇ ਉਹ ਗੁੱਸੇ 'ਚ ਆ ਗਿਆ।

ਸਾਖੀਆਂ ਅਨੁਸਾਰ ਭਾਈ ਮਰਦਾਨੇ ਨੂੰ ਬੜੀ ਪਿਆਸ ਲੱਗੀ ਤੇ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਨੂੰ ਪਾਣੀ ਦੀ ਪਿਆਸ ਬੁਝਾਉਣ ਲਈ ਚਸ਼ਮੇ ਦੇ ਕੋਲ ਤਿੰਨ ਵਾਰੀ ਭੇਜਿਆ ਕਿਉਂਕਿ ਉਹ ਪਿਆਸ ਨਾਲ ਵਿਆਕੁਲ ਹੋ ਰਿਹਾ ਸੀ। ਇਹ ਚਸ਼ਮਾ ਵਲੀ ਕੰਧਾਰੀ ਤੇ ਤਪੋ ਸਥਾਨ ਦੇ ਨਜ਼ਦੀਕ ਹੀ ਸੀ ਤੇ ਉਸ ਨੇ ਮਰਦਾਨੇ ਨੂੰ ਉਥੋਂ ਪਾਣੀ ਪੀਣ ਤੋਂ ਇਨਕਾਰ ਕਰ ਦਿੱਤਾ ਤੇ ਉਸ ਨੂੰ ਬੜਾ ਰੁੱਖਾ ਬੋਲਿਆ, ਪਰ ਭਾਈ ਮਰਦਾਨਾ ਜੀ ਨੇ ਬੜੀ ਨਿਮਰਤਾ ਨਾਲ ਬੇਨਤੀ ਕੀਤੀ ਕਿ ਉਸ ਨੂੰ ਪਾਣੀ ਪੀ ਲੈਣ ਦਿੱਤਾ ਜਾਵੇ ਕਿਉਂਕਿ ਉਸ ਨੂੰ ਬੜੀ ਤ੍ਰੇਹ ਲੱਗੀ ਹੋਈ ਹੈ ਤੇ ਪਿਆਸ ਨਾਲ ਉਸ ਦੀ ਜਾਨ ਨਿਕਲ ਰਹੀ ਹੈ ਪਰ ਫਿਰ ਵੀ ਉਸ 'ਤੇ ਕੋਈ ਅਸਰ ਨਾ ਹੋਇਆ ਤੇ ਉਹ ਭਾਈ ਮਰਦਾਨੇ ਨੂੰ ਬੜੇ ਗੁੱਸੇ 'ਚ ਬੋਲਿਆ ਕਿ, "ਤੂੰ ਆਪਣੇ ਗੁਰੂ ਨੂੰ ਕਹਿ ਤਾਂ, ਕੀ ਤੈਨੂੰ ਉਹ ਪਾਣੀ ਵੀ ਨਹੀਂ ਪਿਲਾ ਸਕਦਾ?"

ਮਰਦਾਨਾ ਗੁਰੂ ਜੀ ਪਾਸ ਵਾਪਸ ਚਲਾ ਗਿਆ ਤੇ ਬੜੇ ਤਰਲੇ ਨਾਲ ਬੋਲਿਆ, "ਹੇ! ਸੱਚੇ ਪਾਤਸ਼ਾਹ! ਮੈਂ ਪਿਆਸਾ ਤਾਂ ਮਰ ਜਾਵਾਂਗਾ ਪਰ ਹੰਕਾਰਵਾਦੀ ਵਲੀ ਕੰਧਾਰੀ ਕੋਲ ਪਾਣੀ ਪੀਣ ਲਈ ਨਹੀਂ ਜਾਵਾਂਗਾ।"

ਗੁਰੂ ਜੀ ਨੇ ਉਤਰ ਦਿੱਤਾ, "ਹੇ! ਭਾਈ ਮਰਦਾਨਾ ਜੀ, ਤੁਸੀਂ ਸੱਚੇ ਪਾਤਸ਼ਾਹ ਦਾ ਨਾਮ ਧਿਆਓ, ਤੇ ਆਪਣੀ ਪਿਆਸ ਬੁਝਾ ਲਓ।"

ਗੁਰੂ ਨਾਨਕ ਦੇਵ ਜੀ ਨੇ ਆਪਣੇ ਨੇੜਿਉਂ ਹੀ ਇਕ ਪੱਥਰ ਪੁੱਟਿਆ ਤੇ ਉਸ ਦੇ ਥੱਲਿਓ ਹੀ ਇਕ ਪਾਣੀ ਦਾ ਚਸ਼ਮਾ ਫੁੱਟ ਪਿਆ ਤੇ ਭਾਈ ਮਰਦਾਨਾ ਜੀ ਨੇ ਉਸ ਚਸ਼ਮੇ ਦਾ ਪਾਣੀ ਪੀਤਾ ਤੇ ਆਪਣੀ ਪਿਆਸ ਬੁਝਾ ਲਈ ਤੇ ਗੁਰੂ ਸਾਹਿਬ ਦਾ ਕੋਟੀ-ਕੋਟ ਧੰਨਵਾਦ ਕੀਤਾ।

ਦੂਸਰੇ ਪਾਸੇ ਵਲੀ ਕੰਧਾਰੀ ਦੇ ਚਸ਼ਮੇ 'ਚੋਂ ਪਾਣੀ ਆਉਣਾ ਬੰਦ ਹੋ ਗਿਆ ਤੇ ਉਹ ਸੁੱਕ ਗਿਆ। ਇਸ 'ਤੇ ਗੁੱਸੇ 'ਚ ਆ ਕੇ ਉਸਨੇ ਪਹਾੜ ਦੀ ਟੀਸੀ ਤੋਂ ਇਕ ਵੱਡਾ ਤੇ ਭਾਰੀ ਪੱਥਰ ਗੁਰੂ ਜੀ ਵੱਲ ਰੋੜ੍ਹ ਦਿੱਤਾ ਤਾਂ ਜੋ ਉਹ ਇਸ ਵੱਡੇ ਪੱਥਰ ਥੱਲੇ ਆ ਜਾਣ ਤੇ ਉਹਨਾਂ ਦੀ ਜਾਨ ਚਲੀ ਜਾਵੇ।ਉਸ ਤੇਜੀ ਨਾਲ ਆਪਣੇ ਵੱਲ ਰੁੜ੍ਹੇ ਆਉਂਦੇ ਪੱਥਰ ਨੂੰ ਆਪਣੀ ਜਾਨ ਨੂੰ ਖ਼ਤਰੇ 'ਚ ਪਾ ਕੇ ਤੇ ਆਪਣੀ ਸੁਰੱਖਿਆ ਕਰਦੇ ਹੋਏ ਆਪਣੇ ਬਾਹੂ-ਬੱਲ ਨਾਲ ਗੁਰੂ ਜੀ ਨੇ ਰੋਕ ਦਿੱਤਾ। ਸਾਖੀਆਂ ਅਨੁਸਾਰ ਗੁਰੂ ਜੀ ਦੇ ਪੰਜੇ ਦਾ ਨਿਸ਼ਾਨ ਉਸ ਪੱਥਰ ਉੱਤੇ ਛਪ ਗਿਆ, ਜਿਹੜਾ ਅੱਜ ਵੀ ਉਸ ਪੱਥਰ 'ਤੇ ਮੌਜੂਦ ਹੈ। ਇਹ ਕੋਈ ਚਮਤਕਾਰ ਨਹੀਂ ਸੀ ਸਗੋਂ ਇਹ ਤਾਂ ਗੁਰੂ ਜੀ ਦੀ ਸਰੀਰਕ ਸ਼ਕਤੀ ਦਾ ਕਮਾਲ ਸੀ।

ਇਸ ਘਟਨਾ ਤੋਂ ਗੁਰੂ ਜੀ ਦੇ ਬਚ ਜਾਣ 'ਤੇ ਵਲੀ ਕੰਧਾਰੀ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ। ਇਸ ਪਵਿੱਤਰ ਸਥਾਨ ਦਾ ਨਾਮ 'ਪੰਜਾ ਸਾਹਿਬ' ਸਿੱਖ ਇਤਿਹਾਸ ਦੇ ਵਿਸ਼ਵ ਪ੍ਰਸਿੱਧ ਜਰਨੈਲ ਸਰਦਾਰ ਹਰੀ ਸਿੰਘ ਜੀ ਨਲਵਾ ਨੇ ਹੀ ਰੱਖਿਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ 'ਚ 'ਗੁਰਦੁਆਰਾ ਪੰਜਾ ਸਾਹਿਬ' ਵੀ ਉਹਨਾਂ ਨੇ ਹੀ ਬਣਵਾਇਆ।

ਸਾਕਾ ਪੰਜਾ ਸਾਹਿਬ :-

ਮਿਤੀ 8 ਅਗਸਤ 1922 ਈਸਵੀ ਨੂੰ ਪੰਜ ਸਿੰਘਾਂ ਨੂੰ ਇਕ ਕਿੱਕਰ ਦਾ ਦਰਖ਼ਤ, ਸੰਗਤ ਲਈ, ਲੰਗਰ ਤਿਆਰ ਕਰਨ ਵਾਸਤੇ, ਬਾਲਣ ਵਜੋਂ, ਬੰਜਰ ਜ਼ਮੀਨ ਤੋਂ ਕੱਟਣ ਕਰਕੇ ਗ੍ਰਿਫ਼ਤਾਰ ਕਰ ਲਿਆ। ਇਹ ਜ਼ਮੀਨ ਜਿਸ 'ਚੋਂ ਦਰਖ਼ਤ ਕੱਟਿਆ ਗਿਆ, ਇਹ ਜ਼ਮੀਨ ਗੁਰਦੁਆਰਾ ਗੁਰੂ ਕਾ ਬਾਗ, ਅੰਮ੍ਰਿਤਸਰ ਦੀ ਸੀ ਤੇ ਗੁਰਦੁਆਰੇ ਦੇ ਮਹੰਤ ਦੇ ਨਾਮ 'ਤੇ ਸੀ। ਦਰਖ਼ਤ ਕੱਟਣ ਦੀ ਸਜ਼ਾ ਵਜੋਂ ਹਰ ਇਕ ਨੂੰ ਪੰਜਾਹ ਰੁਪਏ ਜੁਰਮਾਨਾ ਤੇ ਛੇ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਸਜ਼ਾ ਦੇ ਖਿਲਾਫ, ਸਰਕਾਰ ਵਿਰੁੱਧ ਸੰਘਰਸ਼ ਸ਼ੁਰੂ ਕਰ ਦਿੱਤਾ। ਮਿਸਟਰ ਬੀ. ਟੀ. ਜੋ ਕਿ ਅਡੀਸ਼ਨਲ ਪੁਲਿਸ ਸੁਪਰਡੈਂਟ ਸੀ ਨੇ ਸੰਘਰਸ਼ ਕਰ ਰਹੇ ਸਿੰਘਾਂ 'ਤੇ ਲਾਠੀਚਾਰਜ ਕਰ ਦਿੱਤਾ ਤੇ ਇਹ ਸੰਘਰਸ਼ ਕਈ ਦਿਨਾਂ ਤੱਕ ਚਲਦਾ ਰਿਹਾ ਤੇ ਪੁਲਿਸ ਸਿੰਘਾਂ ਦੇ ਹਰ ਜਥੇ 'ਤੇ ਲਾਠੀਚਾਰਜ ਕਰਕੇ ਸਿੰਘਾਂ ਨੂੰ ਜੇਲ੍ਹ 'ਚ ਡੱਕਦੀ ਰਹੀ। ਅੰਤ ਮਿਤੀ 13 ਸਤੰਬਰ, 1922 ਨੂੰ ਰੀਵਰੈਂਡ ਸੀ. ਐਫ. ਐਨਡਰਿਊ ਦੇ ਕਹਿਣ 'ਤੇ ਮੁਜ਼ਾਹਰਾ ਕਾਰੀ ਸਿੰਘਾਂ ਤੇ ਲਾਠੀਚਾਰਜ ਬੰਦ ਕਰ ਦਿੱਤਾ ਗਿਆ ਤੇ ਸਾਰੇ ਮੁਜ਼ਾਹਰਾ ਕਾਰੀ ਸਿੰਘਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ 'ਚ ਭੇਜ ਦਿੱਤਾ ਗਿਆ।

ਇਕ ਦਿਨ ਸਿੰਘਾਂ ਦਾ ਇਕ ਜਥਾ ਜਿਹਨਾਂ 'ਚ ਜ਼ਿਆਦਾ ਸਾਬਕਾ ਫੌਜੀ ਸਨ ਤੇ ਉਹਨਾਂ ਦੀ ਅਗਵਾਈ ਸੂਬੇਦਾਰ ਸਰਦਾਰ ਅਮਰ ਸਿੰਘ ਧਾਲੀਵਾਲ ਜੋ ਕਿ ਕਪੂਰਥਲਾ, ਪੰਜਾਬ ਦੇ ਵਾਸੀ ਸਨ, ਕਰ ਰਹੇ ਸਨ, ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਕੇ ਜੇਲ੍ਹ 'ਚ ਭੇਜ ਦਿੱਤਾ। ਜੱਜ ਅਸਲਮ ਖਾਨ ਨੇ ਇਸ ਜਥੇ 'ਚ ਗ੍ਰਿਫ਼ਤਾਰ ਕੀਤੇ ਗਏ ਸਭ ਸਿੰਘਾਂ ਨੂੰ ਢਾਈ-ਢਾਈ ਸਾਲ ਦੀ ਕੈਦ ਤੇ ਹਰ ਇਕ ਨੂੰ ਸੌ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ। ਇਸ ਜਥੇ ਦੇ ਸਾਰੇ ਕੈਦੀਆਂ ਨੂੰ ਮਿਤੀ 29 ਅਕਤੂਬਰ 1922 ਦੀ ਰਾਤ ਨੂੰ ਭੁੱਖਣ-ਭਾਣੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਅਟਕ ਜਾਣ ਵਾਲੀ ਗੱਡੀ 'ਚ ਬਿਠਾਅ ਲਿਆ। ਇਹ ਗੱਡੀ ਮਿਤੀ 30 ਅਕਤੂਬਰ, 1922 ਨੂੰ ਰਾਵਲ ਪਿੰਡੀ ਸਟੇਸ਼ਨ ਤੇ ਰੁਕੀ ਤੇ ਸਟਾਫ ਦੀ ਡਿਊਟੀ ਬਦਲਣ ਤੇ ਗੱਡੀ 'ਚ ਪਾਣੀ ਭਰਨ ਉਪਰੰਤ ਅਟਕ ਲਈ ਰਵਾਨਾ ਹੋ ਗਈ। 'ਗੁਰਦੁਆਰਾ ਪੰਜਾ ਸਾਹਿਬ' ਦੀ ਸੰਗਤ ਨੇ ਇਹਨਾਂ ਭੁੱਖਣ-ਭਾਣੇ ਕੈਦੀ ਸਿੰਘਾਂ ਲਈ ਲੰਗਰ ਤਿਆਰ ਕੀਤਾ ਤੇ ਉਹਨਾਂ ਨੂੰ ਛਕਾਉਣ ਲਈ, ਸੰਗਤ ਪੰਜਾ ਸਾਹਿਬ ਦੇ ਰੇਲਵੇ ਸਟੇਸ਼ਨ 'ਤੇ ਮਿਤੀ 31 ਅਕਤੂਬਰ 1922 ਨੂੰ ਸਵੇਰ ਵੇਲੇ ਸਿਰ ਪਹੁੰਚ ਗਈ ਤੇ ਗੱਡੀ ਦਾ ਇੰਤਜ਼ਾਰ ਕਰਨ ਲੱਗੀ ਤਾਂ ਜੋ ਮੁਸਾਫਰਾਂ ਨੂੰ ਲੰਗਰ-ਪਾਣੀ ਛਕਾਇਆ ਜਾ ਸਕੇ।

ਸਟੇਸ਼ਨ ਮਾਸਟਰ ਨੇ ਸਿੱਖ ਸੰਗਤ ਨੂੰ ਦੱਸਿਆ ਕਿ, "ਇਹ ਗੱਡੀ ਇਸ ਸਟੇਸ਼ਨ ਤੇ ਨਹੀਂ ਰੁਕੇਗੀ। ਤੁਹਾਡਾ ਮੁਸਾਫਰਾਂ ਨੂੰ ਲੰਗਰ ਛਕਾਉਣ ਦਾ ਉਪਰਾਲਾ ਸਿਰੇ ਨਹੀਂ ਚੜ੍ਹੇਗਾ।" ਭਾਈ ਕਰਮ ਸਿੰਘ ਜੀ ਨੇ ਉੱਤਰ ਦਿੱਤਾ ਕਿ, "ਬਾਬਾ ਨਾਨਕ ਜੀ ਨੇ ਬਹੁਤ ਭਾਰੀ ਪੱਥਰ ਇਕ ਹੱਥ ਨਾਲ ਰੋਕ ਦਿੱਤਾ ਸੀ, ਕੀ ਉਹਨਾਂ ਦੇ ਸਿੱਖ ਇਕ ਗੱਡੀ ਨਹੀਂ ਰੋਕ ਸਕਦੇ?" ਠੀਕ ਸਵੇਰ ਦੇ 10 ਵਜੇ ਜਦੋਂ ਸਿੰਘ ਨੇ ਦੂਰੋਂ ਗੱਡੀ ਆਉਂਦੀ ਦੇਖੀ ਤਾਂ ਭਾਈ ਕਰਮ ਸਿੰਘ ਗੱਡੀ ਦੀ ਪਟੜੀ ਦੇ ਵਿਚਕਾਰ ਲੰਮੇ ਪੈ ਗਏ। ਉਹਨਾਂ ਤੋਂ ਹੋਰ ਅੱਗੇ ਭਾਈ ਪਰਤਾਪ ਸਿੰਘ, ਸਰਦਾਰ ਗੰਗਾ ਸਿੰਘ, ਸਰਦਾਰ ਚਰਨ ਸਿੰਘ, ਸਰਦਾਰ ਨਿਹਾਲ ਸਿੰਘ, ਸਰਦਾਰ ਤਾਰਾ ਸਿੰਘ, ਸਰਦਾਰ ਫਕੀਰ ਸਿੰਘ, ਸਰਦਾਰ ਕਲਿਆਣ ਸਿੰਘ ਤੇ ਹੋਰ ਅੱਗੇ ਤੋਂ ਅੱਗੇ ਅਨੇਕਾਂ ਸਿੰਘ ਤੇ ਸਿੰਘਣੀਆਂ ਰੇਲ ਦੀ ਪਟੜੀ ਦੇ ਵਿਚਕਾਰ ਲੰਮੇ ਪੈ ਗਏ। ਇਸ ਤਰ੍ਹਾਂ ਰੇਲ ਦੀ ਪਟੜੀ ਦੇ ਵਿਚਕਾਰ ਅਨੇਕਾਂ ਆਦਮੀ ਲੰਮੇ ਪਏ ਦੇਖ ਕੇ ਰੇਲ ਦੇ ਡਰਾਈਵਰ ਨੇ ਲੰਮੀ ਵਿਸਲ ਮਾਰੀ ਕਿ ਰੇਲ ਦੀ ਲਾਈਨ ਤੇ ਬੰਦੇ ਪਰੇ ਹੋ ਜਾਣ, ਪਰ ਬੰਦੇ ਰੇਲ ਦੀ ਲਾਈਨ ਤੇ ਪਏ ਰਹੇ ਜਿਵੇਂ ਉਹਨਾਂ ਨੂੰ ਰੇਲ ਦੀ ਵਿਸਲ ਸੁਣਾਈ ਹੀ ਨਾ ਦਿੰਦੀ ਹੋਵੇ ਪਰ ਫਿਰ ਵੀ ਡਰਾਈਵਰ ਲਗਾਤਾਰ ਵਿਸਲ ਵਜਾਉਂਦਾ ਰਿਹਾ ਤੇ ਇਤਨੇ ਨੂੰ ਰੇਲ ਸਿੰਘਾਂ ਦੇ ਉਪਰ ਦੀ ਲੰਘ ਗਈ। ਰੇਲ ਦਾ ਇੰਜਣ ਜ਼ਮੀਨ ਤੋਂ ਬਹੁਤ ਹੀ ਥੋੜ੍ਹਾ ਉੱਚਾ ਸੀ ਤੇ ਉਸ ਨੇ ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਦੇ ਸਰੀਰ ਦੀਆਂ ਹੱਡੀਆਂ ਫੇਹ ਦਿੱਤੀਆਂ ਤੇ ਦੂਸਰੇ ਸਿੰਘਾਂ ਤੇ ਸਿੰਘਣੀਆਂ ਦੇ ਵੀ ਕਾਫ਼ੀ ਸੱਟਾਂ ਲੱਗੀਆਂ ਤੇ ਉਹਨਾਂ ਦੇ ਸਰੀਰ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਇਸ ਤਰ੍ਹਾਂ ਤੇਜ ਰਫ਼ਤਾਰ ਨਾਲ ਆਉਂਦੀ ਗੱਡੀ ਸਿੰਘਾਂ ਨੇ ਆਪਣੀ ਜਾਨ ਦੀ ਬਾਜੀ ਲਾ ਕੇ ਰੋਕ ਲਈ। ਭਾਈ ਪ੍ਰਤਾਪ ਸਿੰਘ ਨੇ ਸ਼ਰਧਾਲੂ ਸੰਗਤ ਨੂੰ ਕਿਹਾ ਕਿ, "ਸਭ ਤੋਂ ਪਹਿਲਾਂ ਰੇਲ 'ਚ ਬੈਠੇ ਭੁੱਖੇ ਸਿੰਘਾਂ ਨੂੰ ਲੰਗਰ-ਪਾਣੀ ਛਕਾਇਆ ਜਾਵੇ ਤੇ ਸਾਡੀ ਦੇਖ-ਭਾਲ ਵੱਲ ਬਾਅਦ 'ਚ ਧਿਆਨ ਦਿੱਤਾ ਜਾਵੇ।" ਗੱਡੀ ਡੇਢ ਘੰਟੇ ਦੇ ਕਰੀਬ ਸਟੇਸ਼ਨ ਤੇ ਰੁਕੀ ਰਹੀ। ਸਿੱਖ ਸ਼ਰਧਾਲੂਆਂ ਨੇ ਬੜੀ ਸ਼ਰਧਾ ਨਾਲ ਪੂਰੇ ਤਨੋਂ-ਮਨੋਂ ਗੱਡੀ ਦੇ ਮੁਸਾਫਰਾਂ ਨੂੰ ਲੰਗਰ-ਪਾਣੀ ਛਕਾਇਆ ਤੇ ਇਸ ਤੋਂ ਉਪਰੰਤ ਉਹ ਸ਼ਰਧਾਲੂ, ਜ਼ਖਮੀ ਹੋਏ ਸਿੰਘਾਂ-ਸਿੰਘਣੀਆਂ ਦੀ ਸੇਵਾ 'ਚ ਜੁਟ ਗਏ। ਭਾਈ ਕਰਮ ਸਿੰਘ ਜੀ ਉਸ ਸਮੇਂ 30 ਸਾਲ ਦੇ ਸਨ ਤੇ ਉਹ ਭਾਈ ਭਗਵਾਨ ਦਾਸ ਦੇ ਸਪੁੱਤਰ ਸਨ ਤੇ ਉਹ ਕੇਸਗੜ੍ਹ ਸਾਹਿਬ ਦੇ ਮਹੰਤ ਸਨ ਤੇ ਉਹਨਾਂ ਦੀ ਕੁਝ ਘੰਟੇ ਬਾਅਦ ਹੀ ਮੌਤ ਹੋ ਗਈ। ਅਗਲੇ ਦਿਨ ਭਾਈ ਪ੍ਰਤਾਪ ਸਿੰਘ ਜਿਹਨਾਂ ਦੀ ਉਮਰ ਉਸ ਸਮੇਂ 24 ਸਾਲ ਸੀ ਤੇ ਉਹ ਸਰਦਾਰ ਸਰੂਪ ਸਿੰਘ ਦੇ ਪੁੱਤਰ ਸਨ ਤੇ ਉਹ ਅਕਾਲ ਗੜ੍ਹ ਗੁਜਰਾਂਵਾਲਾ ਵਿਖੇ ਸੁਨਿਆਰੇ ਦਾ ਕੰਮ ਕਰਦੇ ਸਨ, ਸ਼ਹੀਦ ਹੋ ਗਏ। ਆਪਣੇ ਪ੍ਰਾਣ ਤਿਆਗਣ ਤੋਂ ਪਹਿਲਾਂ ਉਹਨਾਂ ਨੇ ਸਤਿਗੁਰੂ ਕਬੀਰ ਦਾਸ ਜੀ ਦੀਆਂ ਗੁਰਬਾਣੀ ਦੀਆਂ ਤੁਕਾਂ ਇਸ ਤਰ੍ਹਾਂ ਕਹੀਆਂ, "ਕਬੀਰਾ ਸੰਤ ਮੋਏ ਕਿਆ ਰੋਵੀਐ, ਜੋ ਅਪਨੈ ਗ੍ਰਿਹਿ ਜਾਏ, ਰੋਵੋ ਸਾਕਤ ਵਾਪਰੇ ਜੋ ਹਾਥੋ-ਹਾਥ ਵਿਕੇ।" ਇਸ ਦੇ ਨਾਲ ਉਨ੍ਹਾਂ ਨੇ ਆਪਣੀ 18 ਸਾਲ ਦੀ ਪਤਨੀ ਨੂੰ ਕਿਹਾ ਕਿ, "ਮੇਰੀ ਮੌਤ 'ਤੇ ਕਦੀ ਵੀ ਰੋਣਾ ਨਹੀਂ, ਨਹੀਂ ਤਾਂ, ਮੇਰੀ ਦਿੱਤੀ ਗਈ ਕੁਰਬਾਨੀ ਬੇਅਰਥ ਜਾਏਗੀ।" ਇਤਿਹਾਸਕਾਰਾਂ ਦੇ ਕਥਨ ਅਨੁਸਾਰ ਇਹ ਯਕੀਨਨ ਕਿਹਾ ਜਾਂਦਾ ਹੈ ਕਿ ਉਹਨਾਂ ਦੀ ਪਤਨੀ ਉਹਨਾਂ ਦੀ ਸ਼ਹੀਦੀ ਤੋਂ ਬਾਅਦ ਕਦੀ ਵੀ ਜੀਵਨ ਭਰ ਰੋਈ ਨਹੀਂ ਤੇ ਉਹ ਸਾਰੀ ਉਮਰ ਹੀ ਗੱਡੀ ਦੇ ਸ਼ਹੀਦਾਂ ਦੀ ਯਾਦ 'ਚ 'ਨਾਮ ਸਿਮਰਨ' ਜਪਦੀ ਰਹੀ।





ਜਦੋਂ ਗੱਡੀ ਦੇ ਡਰਾਈਵਰ ਦੀ ਰੇਲਵੇ ਵਿਭਾਗ ਨੇ ਜੁਆਬ ਤਲਬੀ ਕੀਤੀ ਤੇ ਉਸ ਤੋਂ ਪੁੱਛਿਆ ਕਿ ਉਸ ਨੇ ਮਨਾਹੀ ਦੇ ਹੁਕਮਾਂ ਦੇ ਬਾਵਜੂਦ ਗੱਡੀ ਕਿਉਂ ਰੋਕੀ ਤਾਂ ਉਸਨੇ ਉੱਤਰ ਦਿੱਤਾ ਕਿ, "ਜਦੋਂ ਗੱਡੀ ਦਾ ਇੰਜਨ ਰੇਲ ਦੀ ਪਟੜੀ ਦੇ ਵਿਚਕਾਰ ਪਏ ਸਿੰਘਾਂ-ਸਿੰਘਣੀਆਂ ਦੇ ਉਪਰ ਦੀ ਲੰਘਿਆ ਤਾਂ ਮੇਰੇ ਹੱਥ 'ਚ ਪਕੜਿਆ ਹੋਇਆ ਗੱਡੀ ਦਾ ਵੈਕਿਊਮ ਲੀਵਰ ਛੁੱਟ ਗਿਆ ਤੇ ਵੈਕਿਊਮ ਖਾਲੀ ਹੋਣ ਨਾਲ ਗੱਡੀ ਰੁਕ ਗਈ ਤੇ ਮੈਂ ਗੱਡੀ ਦੀ ਬਰੇਕ ਬਿਲਕੁਲ ਨਹੀਂ ਲਾਈ।"

ਇਹ ਇਤਿਹਾਸਕ ਘਟਨਾ ਹਸਨ ਅਬਦਾਲ ਦੇ ਰੇਲਵੇ ਸਟੇਸ਼ਨ ਦੀ ਹੈ ਜੋ ਸਿੱਖਾਂ ਦੇ ਪਵਿੱਤਰ ਧਾਰਮਿਕ ਸਥਾਨ 'ਗੁਰਦੁਆਰਾ ਪੰਜਾ ਸਾਹਿਬ' ਦੇ ਬਹੁਤ ਨਜ਼ਦੀਕ ਹੈ।

ਮ੍ਰਿਤਕ ਸਰੀਰਾਂ ਨੂੰ ਰਾਵਲਪਿੰਡੀ ਲਿਆਂਦਾ ਗਿਆ ਤੇ ਇੱਥੇ ਉਹਨਾਂ ਦਾ ਸੰਸਕਾਰ ਮਿਤੀ 1 ਨਵੰਬਰ 1922 ਨੂੰ ਕੀਤਾ ਗਿਆ ਤੇ ਸਿੱਖ ਸੰਗਤ ਨੇ ਇਹਨਾਂ ਨੂੰ ਸ਼ਹੀਦਾਂ ਦਾ ਦਰਜਾ ਦਿੱਤਾ। ਭਾਰਤ-ਪਾਕਿਸਤਾਨ ਵੰਡ ਤੱਕ ਇੱਥੇ ਤਿੰਨ ਦਿਨ ਦਾ ਧਾਰਮਿਕ ਮੇਲਾ 'ਪੰਜਾ ਸਾਹਿਬ' ਦੇ ਇਹਨਾਂ ਸ਼ਹੀਦਾਂ ਦੀ ਯਾਦ 'ਚ ਮਿਤੀ 30 ਅਕਤੂਬਰ ਤੋਂ 1 ਨਵੰਬਰ ਹਰ ਸਾਲ ਲੱਗਦਾ ਰਿਹਾ ਹੈ। ਸਮੁੱਚੇ ਤੌਰ ਤੇ ਇਸ ਸਾਕੇ ਤੋਂ ਇਹੀ ਪ੍ਰੇਰਨਾ ਮਿਲਦੀ ਹੈ ਕਿ ਸਿੱਖ ਆਪਣੀ ਸਿੱਖੀ-ਸਿਦਕ ਦਾ ਪੂਰਾ ਹੈ ਤੇ ਮਾਨਵਤਾ ਦੇ ਭਲੇ ਲਈ ਉਹ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਤੋਂ ਵੀ ਡਰਦਾ ਨਹੀਂ ਹੈ। ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਨੁਸਾਰ ਉਹ ਕਰਾਮਾਤਾਂ ਤੇ ਚਮਤਕਾਰਾਂ 'ਚ ਵਿਸ਼ਵਾਸ ਨਹੀਂ ਰੱਖਦਾ ਸਗੋਂ ਇਹਨਾਂ ਨੂੰ ਮੁੱਢੋਂ ਨਕਾਰਦਾ ਹੈ। ਉਹ ਸਰਬੱਤ ਦੇ ਭਲੇ ਲਈ ਹਮੇਸ਼ਾ ਸੰਘਰਸ਼ਯੁਕਤ ਰਹਿੰਦਾ ਹੈ।

---

## ਨੱਚਣਾ ਤੈਨੂੰ ਪੈਣਾ

ਆ ਸੱਜਣਾ ਕੁਝ ਗੱਲਾਂ ਕਰੀਏ, ਚੈਨਾ ਨਾ ਦਿਲ ਨੂੰ ਆਵੇ
ਅੱਧੀ ਰਾਤੀਂ ਉੱਠ-ਉੱਠ ਬੈਠਾ, ਦਿਲ ਮੇਰਾ ਘਬਰਾਵੇ
ਅੰਦਰ ਜਾਵਾਂ ਬਾਹਰ ਫੇਰੀ, ਬਿਨ ਸੁੱਤਿਆਂ ਰਾਤ ਲੰਘ ਜਾਵੇ
ਦਿਲ ਦਾ ਦਰਵਾਜਾ ਜੇ ਖੁੱਲ੍ਹਾ ਰੱਖਦੀ, ਚਿੰਤਾ ਖਾਣ ਨੂੰ ਆਵੇ
ਪੀੜਾਂ ਦੀ ਪੰਡ ਹੋਈ ਭਾਰੀ, ਹਰ ਰੋਜ਼ ਹੀ ਵਧਦੀ ਜਾਵੇ
ਹੋ ਜਾਸੀ ਫਿਰ ਕੱਖੋਂ ਹੌਲੀ, ਬੱਸ ਇਕ ਵਾਰ ਜੇ ਫੇਰੀ ਪਾਵੇ

ਗਲੀ-ਗਲੀ ਇਕ ਜੋਗੀ ਫਿਰਦਾ, ਗੀਤ ਇਸ਼ਕ ਦੇ ਗਾਵੇ
ਉਹ ਕੀ ਜਾਣੇ ਮਨ ਮੇਰੇ ਦੀ, ਜਿਸ ਤਨ ਲੱਗ ਉਹੀ ਜਾਣੇ

ਇਸ਼ਕ ਤੇਰੇ ਵਿਚ ਡੁੱਬੀ ਹੁਣ ਮੈਂ, ਰਿਹਾ ਵਜੂਦ ਨਾ ਮੇਰਾ
ਸਭੇ ਆਖਣ ਜੋਗਣ ਹੋਈ, ਇਸ ਵਿਚ ਕਸੂਰ ਕੀ ਤੇਰਾ
ਮਨ ਵਿਚ ਇਕੋ ਲਾਲਸ ਮੇਰੇ, ਮੈਂ ਤੇਰੀ ਹੋ ਕੇ ਰਹਿਣਾ
ਹੋਵਾ ਸੁਆਗਣ ਪਾ ਕੇ ਤੈਨੂੰ, ਹੁਣ ਤੂੰ ਹੀ ਮੇਰਾ ਗਹਿਣਾ

ਰਾਤ ਦਿਨੇ ਕਲੋਲਾਂ ਕਰਦੇ, ਵੇਖਾਂ ਮੈਂ ਪੰਛੀ ਤੇ ਪਰਦੇਸੀ
ਤੂੰ ਨਾ ਸਿੱਖਦਾ ਕੁਝ ਇਨ੍ਹਾਂ ਤੋਂ, ਕੀ ਰਹੇਂਗਾ ਸਦਾ ਹੀ ਦੇਸੀ
ਸਾਂਝ ਹੋਈ ਤੇ ਸਭ ਮੁੜ ਆਉਂਦੇ, ਕਰਕੇ ਚੋਗ ਕਮਾਈ
ਬੱਦਲ ਆਵੇ ਪਾਣੀ ਵਰਸੇ, ਪਪੀਹਾ ਦੇਵੇ ਦੁਹਾਈ



ਚਰਨ 'ਪ੍ਰਦੇਸੀ'
916-587-4002

ਜਿਸਮ ਮੇਰਾ ਹੁਣ ਭੱਠੀ ਹੋਇਆ, ਜਿਉਂ ਰੇਤਾ ਹੋਵੇ ਰੇਗਿਸਤਾਨੀ
ਨੱਚ-ਨੱਚ ਮੈਂ ਹੋਈ ਕਮਲੀ, ਪਿਆਰ ਤੇਰੇ ਦੀ ਮਸਤਾਨੀ

ਇਸ਼ਕ ਹਕੀਕੀ ਜਦ ਲੱਗ ਜਾਵੇ, ਫਿਰ ਹੋਸ਼ ਨਾ ਜੱਗ ਦੀ ਰਹਿੰਦੀ
ਰੂਹਾਂ ਦੇ ਫਿਰ ਹੋ ਜਾਣ ਮੇਲੇ, ਪਿਆਸ ਨਾ ਤਨ ਦੀ ਰਹਿੰਦੀ
ਵਾਰ-ਵਾਰ ਰੋਣਾ ਮਿਟ ਜਾਂਦਾ, ਜਦ ਨਦੀ ਪਿਆਰ ਦੀ ਬਹਿੰਦੀ
ਮਿਲ ਕੇ ਦੋਵੇਂ ਇਕ ਹੋ ਜਾਂਦੇ, ਇਹ ਸਾਰੀ ਦੁਨੀਆਂ ਕਹਿੰਦੀ
ਜੇ ਤੂੰ ਮਿਲਨਾ ਰੱਬ ਸਾਂਈ ਤਾਂ, ਫਿਰ 'ਨੱਚਣਾ ਤੈਨੂੰ ਪੈਣਾ'
'ਚਰਨ' ਕਹੇ ਕਰ ਕੋਈ ਜੋਰੀ, ਛੱਡ ਜੱਗ ਤੋਂ ਤੈਂ ਕੀ ਲੈਣਾ।

# ਸਮਾਜਿਕ ਸਰੋਕਾਰਾਂ ਦਾ ਸੰਗ੍ਰਹਿ: ਸੂਰਜ ਦਾ ਹਲਫ਼ੀਆ ਬਿਆਨ



ਡਾ. ਜਸਵੰਤ ਰਾਏ
98158 25999

ਪੰਜਾਬੀ ਕਵਿਤਾ ਵਿਚ ਦਲਿਤ ਚਿੰਤਾਵਾਂ ਦੀ ਗੱਲ ਭਾਵੇਂ ਹੋਈ ਜਰੂਰ ਹੈ ਪਰ ਇਹ ਜਿੰਨੇ ਪ੍ਰਚੰਡ ਰੂਪ ਵਿਚ ਹੋਣੀ ਚਾਹੀਦੀ ਸੀ ਉੱਦਾਂ ਹੋ ਨਹੀਂ ਪਾਈ। ਗੁਰਦਾਸ ਰਾਮ ਆਲਮ ਨੂੰ ਅਸੀਂ ਦਲਿਤ ਕਵਿਤਾ ਦੇ ਮੋਢੀ ਕਵੀਆਂ 'ਚੋਂ ਮੰਨਦੇ ਹਾਂ।ਇਸੇ ਹੀ ਲੜੀ ਦਾ ਅਗਲੇਰਾ ਸ਼ਾਇਰ ਹੈ ਦੁਆਬੇ ਦੀ ਜ਼ਰਖੇਜ ਮਿੱਟੀ ਦਾ ਜਾਇਆ ਨਵਤੇਜ ਗੜ੍ਹਦੀਵਾਲਾ। ਨਵਤੇਜ ਦੇ ਕਾਵਿ ਕਰਮ ਦੀ ਮਹੱਤਤਾ ਇਹ ਹੈ ਕਿ ਉਸਨੇ ਆਪਣੀ ਕਾਵਿ ਸਿਰਜਣਾ ਦਾ ਫਾਲ਼ ਉਹਨਾਂ ਲੋਕਾਂ ਨੂੰ ਬਣਾਇਆ ਹੈ ਜਿਨ੍ਹਾਂ ਨੂੰ ਇਸ ਦੇਸ਼ ਦੇ ਨਿਜ਼ਾਮ ਨੇ ਸਦੀਆਂ ਤੱਕ ਲੁੱਟਿਆ ਤੇ ਕੁੱਟਿਆ ਹੈ ਅਤੇ ਹੁਣ ਵੀ ਇਸ ਸਫਰ ਨੂੰ ਵਿਰਾਮ ਨਹੀਂ ਮਿਲਿਆ ਸਗੋਂ ਇਹ ਹੋਰ ਵੀ ਕੂਟਨੀਤਕ ਤਰੀਕੇ ਨਾਲ ਨਿਰੰਤਰ ਜਾਰੀ ਹੈ।

ਕਾਵਿ ਜਗਤ ਵਿਚ ਪ੍ਰਪੱਕਤਾ ਨਾਲ ਕਦਮ ਰੱਖਦਿਆਂ ਨਵਤੇਜ ਗੜ੍ਹਦੀਵਾਲਾ ਨੇ ਆਪਣੇ ਪਲੇਠੇ ਕਾਵਿ ਸੰਗ੍ਰਹਿ 'ਧੁੱਪ ਦੀ ਤਲਾਸ਼' ਨਾਲ 2009 ਵਿਚ ਨਜ਼ਮ ਅਤੇ ਗਜ਼ਲ ਦੋਵੇਂ ਸਾਹਿਤਕ ਵੰਨਗੀਆਂ ਨਾਲ ਹਾਜ਼ਰੀ ਲਗਵਾਈ ਸੀ। ਪਲੇਠੇ ਕਾਵਿ ਸੰਗ ਵਿਚਰਦਿਆਂ ਪਤਾ ਲਗਦਾ ਹੈ ਕਿ ਨਵਤੇਜ ਗੜ੍ਹਦੀਵਾਲਾ ਤੇ ਉਸਦੀ ਸ਼ਾਇਰੀ ਨਪੀੜੇ ਲੋਕਾਂ ਦੇ ਸੰਗ ਖੜੀ ਹੈ। ਹੱਕਾਂ ਪ੍ਰਤੀ ਜਾਗ੍ਰਿਤ ਕਰਾਉਣ ਅਤੇ ਦੰਭੀ ਮਾਹੌਲ ਦੇ ਵਿਰੁਧ ਆਕਰੋਸ਼ੀ ਰੁਖ ਅਪਨਾ ਕੇ ਉਹ ਸਿਰਫ ਇੱਕ ਵਰਗ ਦੇ ਨਾਲ ਹੀ ਨਹੀਂ ਖੜਦਾ ਸਗੋਂ ਸਮੁਚੀ ਮਾਨਵਤਾ ਉਸਦੇ ਘੇਰੇ ਅੰਦਰ ਆਉਂਦੀ ਹੈ। ਇਸੇ ਕਰਕੇ 'ਧੁੱਪ ਦੀ ਤਲਾਸ਼' ਦੇ ਨਾਇਕ ਨੂ ਇਸ ਦੰਭੀ ਮਾਹੌਲ ਬਾਰੇ ਗਿਆਨ ਹੋ ਗਿਆ ਹੈ ਜਿਹੜਾ ਧੁਪ ਦੀ ਤਲਾਸ਼ ਸਿਰਫ ਆਪਣੇ ਮਹਿਲ ਮੁਨਾਰਾਂ ਦੀ ਚਮਕ ਦਮਕ ਲਈ ਹੀ ਕਰਦਾ ਹੈ ਅਤੇ ਗਰੀਬ ਗੁਰਬਿਆਂ ਦੀਆਂ ਤੰਗੀਆ ਤੁਰਸ਼ੀਆਂ ਦੇ ਹਨ੍ਹੇਰੇ ਨੂੰ ਰੋਸ਼ਨੀ ਵਿਚ ਬਦਲਣ ਤੋਂ ਮੁਨਕਰ ਹੈ:

ਤੁਸੀਂ ਤਾਂ ਧੁੱਪ ਦੀ ਤਲਾਸ਼
ਆਪਣੇ ਸ਼ੀਸ਼ ਮਹੱਲਾਂ ਲਈ ਹੀ
ਕਰਨ ਨਿਕਲੇ ਹੋ
ਕਿ ਉਹ ਮੱਸਿਆ ਦੀ ਰਾਤੇ ਵੀ ਚਮਕਣ
ਮੇਰੇ ਮਹੱਲੇ ਦੀਆਂ ਸੱਧਰਾਂ ਦਾ ਰੰਗ
ਤੁਹਾਡੇ ਝੰਡੇ ਵਿਚ ਨਹੀਂ ਹੈ
ਅਸਾਡੇ ਘਰਾਂ ਦੇ ਹਉਕਿਆਂ ਦੀ ਚਰਚਾ
ਤੁਹਾਡੇ ਏਜੰਡੇ ਵਿਚ ਨਹੀਂ ਹੈ ੩੩(1)

ਉਹ ਜਾਚ ਗਿਆ ਹੈ ਕਿ ਹਾਕਮ ਧਿਰ ਹਾਸ਼ੀਏ ਤੇ ਪਏ ਲੋਕਾਂ ਦੇ ਕਸ਼ਟਾਂ ਪ੍ਰਤੀ ਗੂੰਗੀ, ਬੋਲ਼ੀ ਅਤੇ ਅੰਨ੍ਹੀ ਹੀ ਬਣੀ ਰਹੇਗੀ ਅਤੇ ਜੇਕਰ ਹਾਸ਼ੀਏ ਤੇ ਪਏ ਲੋਕਾਂ ਨੇ ਆਪਣੀ ਹੋਣੀ ਨੂੰ ਬਦਲਣਾ ਹੈ ਤਾਂ ਇਹਨਾਂ ਨੂੰ ਸੰਘਰਸ਼ ਦਾ ਰਾਹ ਅਪਨਾਉਣਾ ਪੈਣਾ ਹੈ। ਇੰਝ ਪਿਛ-ਲੱਗ ਬਣ ਕੇ ਜੀਵਨ ਢੰਗ ਨੂੰ ਨਹੀਂ ਬਦਲਿਆ ਜਾ ਸਕਣਾ।ਇਸੇ ਸੰਗ੍ਰਹਿ ਵਿਚ ਮੌਕੇ ਦੇ ਨਿਜ਼ਾਮ ਤੋਂ ਆਕੀ, ਅੱਜ ਦੀ ਸੀਤਾ ਨੂੰ ਪੈਰਾਂ ਤੇ ਖੜੇ ਹੋਣ ਦੀ ਪ੍ਰੇਰਣਾ, ਆਪਣੇ ਹਿੱਸੇ ਦੇ ਗੁਲਾਬ ਦੀ ਮੰਗ, ਤਾਰੋ ਦੇ ਅਵਤਾਰ ਕੌਰ ਹੋਣ ਦੀ ਸਧਰ, ਧਰਤੀ ਦੀ ਅਸਹਿ ਤਪਸ਼, ਹਥਿਆਰਾਂ ਤੋਂ ਬਿਨ੍ਹਾਂ ਹੀ ਕਤਲ ਕੀਤੀ ਜਾ ਰਹੀ ਸ਼ੰਭੂਕ ਅਤੇ ਏਕਲਵਿਆ ਦੀ ਔਲਾਦ ਅਤੇ ਪੂੰਜੀਗਤ ਵਿਵਸਤਾ ਦੇ ਸਤਾਏ ਮਨੁਖ ਦੇ ਦਰਦਾਂ ਵਿਚ ਗੁੰਦੀ ਰੂਹ ਨੂੰ ਨਵਤੇਜ ਗੜ੍ਹਦੀਵਾਲਾ ਦੀ ਸ਼ਾਇਰੀ ਝੰਜੋੜਾ ਦਿੰਦੀ ਹੈ।

ਨਵਤੇਜ ਵਿਚ ਸਹਿਜ ਬਹੁਤ ਹੈ। ਪੰਨੇ ਕਾਲੇ ਕਰਨੇ ਅਤੇ ਹਰਵਰ੍ਹਿਆਈ ਵਾਂਗ ਹਰ ਵਰ੍ਹੇ ਪੁਸਤਕ ਛਪਵਾ ਮਾਰਨੀ ਉਸ ਦੇ ਵੱਸ ਦਾ ਰੋਗ ਨਹੀਂ। ਇਹੀ ਕਾਰਨ ਹੈ ਕਿ ਉਸਦਾ ਦੂਜਾ ਕਾਵਿ ਸੰਗ੍ਰਹਿ 'ਸੂਰਜ ਦਾ ਹਲਫ਼ੀਆ ਬਿਆਨ' ਅੱਧੇ ਦਹਾਕੇ ਦੀ ਸਖਤ ਘਾਲਣਾ ਤੋਂ ਬਾਅਦ ਆਇਆ ਹੈ।ਇਸ ਵਿਚ ਗਜ਼ਲ ਨੂੰ ਤਰਜੀਹ ਨਹੀਂ ਦਿੱਤੀ ਗਈ।ਅੱਧਾ ਸੈਕੜਾ ਨਜ਼ਮਾਂ ਪੁਸਤਕ ਦੇ ਲਗ-ਪਗ ਅੱਧਾ ਸੈਕੜਾ ਪੰਨਿਆਂ ਤੇ ਫੈਲੀਆਂ ਪਈਆਂ ਹਨ। 'ਸੂਰਜ ਦਾ ਹਲਫ਼ੀਆ ਬਿਆਨ' ਕਾਵਿ ਸੰਗ੍ਰਹਿ ਦੀਆਂ ਨਜ਼ਮਾਂ ਪਹਿਲੇ ਸੰਗ੍ਰਹਿ ਨਾਲੋਂ ਬਹੁਤ ਅੱਗੇ ਹਨ।ਇਹ ਉਸਦੇ ਸਹਿਜ ਰੂਪ ਵਿਚ ਤਹਿ ਕੀਤੇ ਸਫਰ ਦਾ ਪ੍ਰਤੀਕ ਹਨ।ਬਿੰਬਾਂ ਅਤੇ ਪ੍ਰਤੀਕਾਂ ਦੁਆਰਾ ਕਰੜੇ ਵਿਅੰਗਾਂ ਰਾਹੀਂ ਗੱਲ ਕਰਨ ਦੀ ਜਾਚ ਹੁਣ ਉਸਨੂੰ ਆ ਗਈ ਹੈ।

ਨਵਤੇਜ ਦੀ ਕਵਿਤਾ ਵਿਅਕਤੀਗਤ ਨਹੀਂ ਸਗੋਂ ਸਮਾਜਿਕ ਸਰੋਕਾਰਾਂ ਦੀ ਕਵਿਤਾ ਹੈ।ਹੱਥਲੀ ਪਾਠ ਪੁਸਤਕ ਵਿਚ ਉਸਨੇ ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ ਅਤੇ ਸੱਭਿਆਚਾਰਕ ਯਥਾਰਥ ਨਾਲ ਗਹਿਰਾ ਸੰਵਾਦ ਰਚਾਇਆ ਹੈ।ਮਨੁਖੀ ਸਰੋਕਾਰਾਂ ਦੇ ਸੰਗ ਰਹਿਣਾ ਹੀ ਉਸਦੀ ਕਵਿਤਾ ਦੀ ਊਰਜਾ ਦੇ ਧਾਰਕ ਬਣਦੇ ਹਨ। ਧਾਰਮਿਕ ਡੇਰਿਆਂ ਤੇ ਬੈਠੇ ਧਰਮ ਦੇ ਠੇਕੇਦਾਰ ਸਧਾਰਨ ਮਨੁਖ ਨੂੰ ਜਨਮ ਮਰਨ ਦੇ ਚੱਕਰਵਿਊ ਵਿਚ ਉਲਝਾ ਕੇ ਉਹਨਾਂ ਦੀ ਹੱਕ ਹਲਾਲ ਦੀ ਕਮਾਈ ਨੂੰ ਹੜੱਪੀ ਜਾ ਰਹੇ ਹਨ। ਲੋਕਾਂ ਨੂੰ ਅੱਗਾ ਸੁਆਰਨ ਦਾ ਝਾਂਸਾ ਦੇ ਕੇ ਅਖੋਤੀ ਸਾਧ ਆਪਣਾ ਵਰਤਮਾਨ ਰੁਸ਼ਨਾ ਰਹੇ ਹਨ ਅਤੇ ਉਹਨਾਂ ਦੀ ਜ਼ਿੰਦਗੀ ਦੇ ਵਰਤਮਾਨ, ਭੂਤ ਕਾਲ ਅਤੇ ਭਵਿੱਖ ਕਾਲ ਨੂੰ ਹਨ੍ਹੇਰੇ ਨਾਲ ਭਰ ਰਹੇ ਹਨ।ਇਸ ਤਰ੍ਹਾਂ ਦੀਆਂ ਕੋਝੀਆਂ ਚਾਲਾਂ ਚਲਾ ਕੇ ਉਹ ਆਪਣੀ ਦੁਕਾਨਦਾਰੀ ਚਲਾ ਰਹੇ ਹਨ।ਨਵਤੇਜ ਦੀ ਕਵਿਤਾ ਇਸ ਦੰਭੀ ਧਾਰਮਿਕਤਾ ਵਿਰੱਧ ਆਮ ਇੰਨਸਾਨ ਨੂੰ ਚੇਤੰਨ ਕਰਦੀ ਹੈ:

ਸ਼ਰਧਾ ਦੀ ਪੰਜਾਲ਼ੀ 'ਚ ਫਸੇ
ਸਭ ਕੁਝ ਮਾਲਕ ਦਾ ਕਹਿੰਦਿਆਂ
ਮਾਲਕ ਨੂੰ ਮੋੜਦੇ ਨੇ
ਫਿਰ ਚਲਦੀ ਸੇਵਾ 'ਚ
ਸਾਰੀ ਦਿਹਾੜੀ ਜਿਸਮ ਤੋੜਦੇ ਨੇ
ਸੂਰਜ ਢਲਦਿਆਂ
ਅੱਧ-ਪਚੱਧਾ ਹੱਥ ਮੂੰਹ ਧੋ ਕੇ
ਖੁਸ਼ੀ ਖੁਸ਼ੀ ਉਛਲਦਿਆਂ ਮੁੜਦੇ ਨੇ
ਸੁਰਤੀ ਉਪਰ ਜੋੜਦੇ
ਬੇਧਿਆਨਿਆਂ ਨੂੰ ਧਿਆਨ ਹੀ ਨਾ ਰਹਿੰਦਾ
ਕਿ ਕੇਂਦਰਾਂ ਤੇ ਲਾਹੇਵੰਦ ਸ਼ਾਹੂਕਾਰਾ ਚਲਦਾ ਹੈ
ਉਹਨਾਂ ਦੀ ਕਮਾਈ ਤੇ ਕੌਣ ਕੌਣ ਪਲਦਾ ਹੈ। (2)

ਭਗਤੀ ਕਾਲ ਦੌਰਾਨ ਕਬੀਰ ਸਾਹਿਬ ਨੇ ਸਮਾਜਿਕ ਸਮਾਨਤਾ ਦੀ ਗੱਲ ਨੂੰ ਬਹੁਤ ਗੰਭੀਰਤਾ ਨਾਲ ਛੇੜਿਆ ਹੈ।ਉਹਨਾਂ ਦੀ ਸਾਰੀ ਕਵਿਤਾ ਇਸ ਗੱਲ ਦੀ ਹਾਮੀ ਭਰਦੀ ਹੈ।ਨਵਤੇਜ ਦੀਆਂ ਕਵਿਤਾਵਾਂ ਦਾ ਅਧਿਐਨ ਕਨਰਨ ਤੋਂ ਬਾਅਦ ਇਹ ਪਤਾ ਚਲਦਾ ਹੈ ਕਿ ਉਹ ਵੀ ਭਗਤੀ ਲਹਿਰ ਦੇ ਪ੍ਰਭਾਵ ਨੂ ਸ਼ਿੱਦਤ ਨਾਲ ਕਬੂਲਦਾ ਹੈ। ਇਸ ਪ੍ਰਭਾਵ ਨੂੰ ਉਹ ਅਜੋਕੇ ਮਾਹੌਲ ਦੇ ਸੰਦਰਭ ਵਿਚ ਪੇਸ਼ ਕਰਦਾ ਹੈ। ਉਸਦੀ ਕਵਿਤਾ ਦਾ ਨਾਇਕ ਆਪਣੀ ਹੋਂਦ ਤੇ ਹੋਣੀ ਤੋਂ ਮੁਨਕਰ ਨਹੀਂ ਹੈ ਪਰ ਉਹ ਅੱਜ ਦੇ ਚਮਚਾ ਯੁੱਗ ਵਾਲੇ ਰਾਜਨੀਤਕ ਮਾਹੌਲ ਤੋਂ ਕਿਨਾਰਾ ਕਰੀ ਖੜਾ ਹੈ।ਉਸਨੂੰ ਆਪਣੀ ਹੋਂਦ ਗੁਆ ਕੇ ਦੂਜੇ ਦੇ ਰੰਗ ਵਿਚ ਰੰਗਿਆ ਜਾਣਾ ਉੱਕਾ ਹੀ ਪਸੰਦ ਨਹੀਂ। 'ਆਪਣੀ ਖੇਡ' ਕਵਿਤਾ ਰਾਹੀਂ ਇਸਦੀ ਤਾਕਤਵਰ ਪੇਸ਼ਕਾਰੀ ਹੋਈ ਹੈ:

ਮੈਂ ਆਪਣੇ ਰੂਪ ਵਿਚ ਹੀ ਰਹਾਂਗਾ
ਤੁਹਾਡੇ ਸੱਚੇ ਵਿਚ ਫਿੱਟ ਨਹੀਂ ਬਹਾਂਗਾ
ਮੇਰੀ ਪਾਠ ਪੁਸਤਕ ਵਿਚ ਨਹੀਂ ਹੈ ਦਰਜ
ਗੰਗਾ ਜਾ ਕੇ ਗੰਗਾ ਦਾਸ ਕਹਾਉਣਾ
ਜਮਨਾ ਜਾ ਕੇ ਜਮਨਾ ਦਾਸ ਕਹਾਉਣਾ..(3)

ਸਾਡੇ ਦੇਸ਼ ਵਿਚ ਸੱਭਿਆਚਾਰ ਦੀਆਂ ਵੱਖ-ਵੱਖ ਭਰਾਂਤੀਆਂ ਹਨ। ਸਾਨੂੰ ਇਸ ਤੇ ਮਾਣ ਵੀ ਹੈ।ਇਹ ਮਾਣ ਹੋਣਾ ਵੀ ਚਾਹੀਦਾ ਹੈ। ਕਿਉਂਕਿ ਜਿਸ ਦੇਸ਼ ਦੀ ਆਬੋ ਹਵਾ ਵਿਚ ਅਸੀਂ ਰਹਿੰਦੇ ਹਾਂ, ਜਿਸ ਦੇਸ਼ ਦੀ ਜ਼ਰਖੇਜ ਜ਼ਮੀਨ ਦਾ ਅੰਨ ਪਾਣੀ ਅਸੀਂ ਛਕਦੇ ਹਾਂ ਉਸ ਤੇ ਨਾਜ਼ ਕਰਨਾ ਵੀ ਚਾਹੀਦਾ ਹੈ। ਪਰ ਜਿਸ ਦੇਸ਼ ਵਿਚ ਬੰਦੇ ਦੀ ਪਹਿਚਾਣ ਉਸਦੀ ਕਰਮਭੂਮੀ ਨਹੀਂ ਸਗੋਂ ਜਾਤ ਬਰਾਦਰੀ ਹੋਵੇ ਫਿਰ ਉਸ ਵਿਰਸੇ ਪ੍ਰਤੀ ਸ਼ੰਕੇ ਜਰੂਰ ਮਨ ਵਿਚ ਉਪਜਣ ਲਗਦੇ ਹਨ।ਮਨੂੰ ਦੁਆਰਾ ਦਿੱਤੀ ਗੁੜ੍ਹਤੀ ਤਹਿਤ ਇੱਥੇ ਬੰਦੇ ਦੇ ਗੁਣਾਂ ਨਾਲੋਂ ਉਸਦੀ ਬਰਾਦਰੀ ਵੱਧ ਪ੍ਰਭਾਵਸ਼ਾਲੀ ਹੈ।ਬਹੁਤ ਵਾਰ ਗੁਣਾਂ ਦਾ ਧਾਰਨੀ ਬੰਦਾ ਵੀ ਇਸ ਤਰ੍ਹਾਂ ਦੇ ਸੱਭਿਆਚਾਰ ਵਿਚ ਆਪਣੀ ਹੋਂਦ ਗੁਆ ਬੈਠਦਾ ਹੈ ਅਤੇ ਉਸ ਅੱਗੇ ਨਫਰਤ ਦੇ ਸਮੁੰਦਰ ਦੀਆਂ ਛੱਲਾਂ ਹੋਰ ਉੱਚੀਆਂ ਹੋ ਜਾਂਦੀਆਂ ਹਨ:



ਮੇਰੇ ਧਰ ਦੇ ਬੋਲਾਂ ਚੋਂ
ਮੇਰੇ ਸਿਰਨਾਵੇਂ ਦੀਆਂ ਜੜ੍ਹਾਂ
ਲਈਆਂ ਉਸ ਨੇ ਪਛਾਣ
ਉਹਦੇ ਸਿਰ ਵੱਜਿਆ ਬਦਾਣ
ਬੇਸੁਆਦਾ ਹੋ ਗਿਆ ਮੂੰਹ ਉਸਦਾ
ਨਿਰਮਲ ਪੌਣ ਵਿਚੋਂ ਵੀ
ਸੜਿਆਨ ਆਈ ਉਸਨੂੰ
ਅੱਖ ਦੇ ਫੋਰ ਵਿਚ
ਕਾਲੀ ਘਟਾ ਤੁੰਬਾ ਤੁੰਬਾ ਹੋ ਉਡੀ
ਧੁੱਪ ਤਿੱਖੀ ਹੋ ਗਈ ਹੋਰ ਵੀ.. (4)

ਭਰੁਣ ਹੱਤਿਆ ਦੀ ਬਿਮਾਰੀ ਕਰਕੇ ਪੰਜਾਬ ਅੱਜ ਜਿਸ ਸ਼ਰਮਨਾਕ ਦੌਰ ਵਿਚੋਂ ਲੰਘ ਰਿਹਾ ਹੈ ਉਸ ਸਮੇਂ ਇਸ ਸੰਗ੍ਰਹਿ ਦੀ ਕਵਿਤਾ 'ਸੋਹਣੀ ਧੀ ਹੋਣਾ' ਭਰੂਣ ਹੱਤਿਆ ਦੀ ਬਿਮਾਰੀ ਦੀ ਜੜ੍ਹ ਵਿਚ ਪਈ ਅਸਲ ਗੱਲ ਵੱਲ ਉਂਗਲ ਧਰਦੀ ਹੈ। ਭਾਵੇਂ ਅੱਜ ਸਮੁੱਚਾ ਵਰਤ-ਵਰਤਾਰਾ ਭਰੂਣ ਹੱਤਿਆ ਸੰਬੰਧੀ ਹਰ ਸਟੇਜ ਤੇ ਆਪਣੇ ਵਿਚਾਰ ਪੇਸ਼ ਕਰਕੇ ਇਸ ਦੇ ਵਿਰੋਧ ਵਿਚ ਆਵਾਜ਼ ਬੁਲੰਦ ਕਰਦਾ ਨਜ਼ਰ ਆ ਰਿਹਾ ਹੈ ਪਰ ਇਹ ਸਿਰਫ ਵਿਖਾਵੇ ਤੋਂ ਵੱਧ ਹੋਰ ਕੁਝ ਨਹੀਂ।ਨਾਰੀ ਜਾਤੀ ਨੂੰ ਵੀ ਇਸ ਦੇ ਲਈ ਦੋਸ਼ੀ ਸਿੱਧ ਕਰ ਦੇਣਾ ਉਚਿਤ ਨਹੀਂ। ਪੰਜਾਬੀ ਦਾ ਸਿਰਮੌਰ ਸ਼ਾਇਰ ਸੁਰਜੀਤ ਪਾਤਰ ਆਪਣੀ ਨਜ਼ਮ ਵਿਚ ਇਸ ਬਿਮਾਰੀ ਦੇ ਅਸਲ ਕਸੂਰਵਾਰ ਵੱਲ ਇਉਂ ਇਸ਼ਾਰਾ ਕਰਦਾ ਹੈ:

ਜਾਓ ਪਹਿਲਾਂ ਆਦਮ ਦੇ ਪੁੱਤਰਾਂ ਨੂੰ ਜਰਾ ਸੁਧਾਰੋ
ਫਿਰ ਕਰਿਓ ਪ੍ਰਚਾਰ ਕਿ ਧੀਆ ਕੁਖਾਂ ਵਿਚ ਨਾ ਮਾਰੋ

ਹੱਥਲੇ ਕਾਵਿ ਸੰਗ੍ਰਹਿ ਦਾ ਰਚੇਤਾ ਤਾਂ ਭਰੂਣ ਹੱਤਿਆ ਦੀ ਜੜ੍ਹ ਵਿਚ ਪਈਆਂ ਇਤਿਹਾਸਕ, ਮਿਥਿਹਾਸਕ ਜੜ੍ਹਾਂ ਵੀ ਫਰੋਲ ਸੁੱਟਦਾ ਹੈ। ਉਸਦਾ ਕਹਿਣਾ ਹੈ ਕਿ ਜੇਕਰ ਕਿਸੇ ਨੇ ਧੀ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਹੁੰਦਾ, ਇੱਕ ਲੋਕ ਲਹਿਰ ਖੜੀ ਕੀਤੀ ਹੁੰਦੀ ਤਾਂ ਅੱਜ ਸਮਾਜ ਕੁੜੀ ਪੈਦਾ ਕਰਨ ਤੋਂ ਕਦੇ ਕਿਨਾਰਾ ਨਾ ਕਰਦਾ। ਸਮਾਜ ਵਿਚ ਮਰਦ ਦੇ ਨਾਲ ਗ੍ਰਹਿਸਥ ਦਾ ਪਹੀਆ ਖਿੱਚਣ ਵਾਲੀ ਔਰਤ ਨਾਲ ਬਹੁਤ ਵਧੀਕੀ ਹੋਈ ਹੈ। ਇਸੇ ਕਰਕੇ ਸਮਾਜ ਵਿਚ ਅਸਾਵਾਂਪਨ ਹੈ, ਹੁੜਦੰਗ ਹੈ, ਹੁੱਲੜਬਾਜ਼ੀ ਹੈ।ਆਪਣੀ ਕਵਿਤਾ ਵਿਚ ਨਵਤੇਜ ਇਸ ਸਮੱਸਿਆ ਦੀਆ ਜੜ੍ਹਾਂ ਇੰਝ ਫਰੋਲਦਾ ਹੈ:

ਜੇ ਉਸ ਨੇ
ਪਵਨ ਦੇਵ ਦੇ ਰੱਥ ਦਾ ਪਹੀਆ
ਨਾਲ ਬਦਾਣ ਦੇ ਤੋੜਿਆ ਹੁੰਦਾ
ਮੂੰਹ ਉਸ ਦਾ ਮੋੜਿਆ ਹੁੰਦਾ
ਅੱਜ ਕੋਈ ਵੀ ਕਿਸੇ ਦੀ ਧੀ ਦਾ
ਰਾਹ ਰੋਕ ਕੇ ਖੜ ਨਾ ਸਕਦਾ
ਕਿਸੇ ਵੀ ਘਰ ਦੀ ਪੱਗ ਦੇ ਉੱਤੇ
ਨਾਗ ਕਦੇ ਵੀ ਲੜ ਨਾ ਸਕਦਾ
ਸੋਹਣੀ ਧੀ ਹੋਣਾ ਗੁਨਾਹ ਤਾਂ ਨਹੀਂ ਹੁੰਦਾ (6)

ਪੂੰਜੀਵਾਦ ਦਾ ਯੁੱਗ ਜਿਸ ਤੋਂ ਆਮ ਇਨਸਾਨ ਨੂੰ ਇਹ ਭਰਮ ਪੈਦਾ ਹੋਇਆ ਸੀ ਕਿ ਉਸਨੂੰ ਰੁਜ਼ਗਾਰ ਦੇ ਵੱਧ ਮੌਕੇ ਮਿਲਣਗੇ ਅਤੇ ਉਸਦੀ ਜ਼ਿੰਦਗੀ ਖੁਸ਼ਹਾਲ ਹੋਵੇਗੀ ਨਿਰਾ ਛਲਾਵਾ ਸਾਬਤ ਹੋਇਆ।ਇਸ ਨਾਲ ਅਮੀਰੀ ਤੇ ਗਰੀਬੀ ਵਿਚ ਪਾੜਾ ਬੇਤਹਾ ਵਧਿਆ।ਅਮੀਰ ਹੋਰ ਅਮੀਰ ਹੋਇਆ ਅਤੇ ਗਰੀਬ ਹੋਰ ਗਰੀਬ। ਪੂੰਜੀਵਾਦੀਆਂ ਦੇ ਸਹਾਰੇ ਨਾਲ ਸੱਤਾ ਦਾ ਸੁੱਖ ਭੋਗ ਰਹੀਆਂ ਸਰਕਾਰਾਂ ਨੇ ਫੈਸਲੇ ਕਰਦਿਆਂ ਹਮੇਸ਼ਾਂ ਇਹਨਾਂ ਦਾ ਹੀ ਪੱਖ ਪੂਰਿਆ ਅਤੇ ਇਹਨਾਂ ਨੂੰ ਸੂਤ ਬਹਿੰਦੀਆਂ ਨੀਤੀਆਂ ਹੀ ਘੜੀਆਂ। ਸਿੱਟੇ ਵਜੋਂ ਗਰੀਬ ਦਾ ਸੋਸ਼ਣ ਹੋਇਆ।ਕੁਦਰਤੀ ਚੀਜ਼ਾਂ ਤੇ ਵੀ ਗਰੀਬ ਵਿਅਕਤੀ ਸਮਾਨਤਾ ਨਾਲ ਹੱਕ ਜਤਾਉਣ ਤੋਂ ਵਾਂਝਾਂ ਹੋਇਆ ਹੈ। ਜੇਕਰ ਪੰਜਾਬ ਸੂਬੇ ਦੀ ਗੱਲ ਕੀਤੀ ਜਾਵੇ ਤਾਂ ਇੱਥੇ ਇੱਕ ਵਿਅਕਤੀ ਦਸ ਦਸ ਮੋਟਰਾਂ ਨਾਲ ਧਰਤੀ 'ਚੋਂ ਪਾਣੀ ਕੱਢ ਕੇ, ਮੁਫਤ ਬਿਜਲੀ ਫੂਕ ਕੇ ਪਾਣੀ ਦੇ ਸੋਮੇ ਦੀ ਤਬਾਹੀ ਕਰ ਰਿਹਾ ਹੈ ਤੇ ਗਰੀਬ ਦੇ ਘਰ ਲੱਗਾ ਪਾਣੀ ਦਾ ਨਲਕਾ ਵੀ ਸੁਕਾ ਪਿਆ ਹੈ। ਇਸ ਤਰ੍ਹਾਂ ਕੁਦਰਤੀ ਸਾਧਨਾਂ ਤੇ ਉੱਚੇ ਘਰਾਂ ਦੇ ਦਾਬੇ ਨੂੰ ਨਵਤੇਜ ਦੀ ਕਵਿਤਾ 'ਰਾਤ ਹਨ੍ਹੇਰੀ ਤਾਂ ਵਗੀ ਸੀ' ਬਹੁਤ ਖੂਬਸੂਰਤੀ ਨਾਲ ਪੇਸ਼ ਕਰਦੀ ਹੈ:

ਤੜਕੇ ਉਠ ਕਮਰਿਓਂ ਬਾਹਰ ਆ
ਮੇਰੇ ਘਰਵਾਲ਼ੀ ਨੇ
ਪਹਿਲਾਂ ਬੂਟੇ ਹੇਠ ਤੱਕਿਆ
ਫੇਰ ਬੂਟੇ ਉੱਤੇ ਨਜ਼ਰ ਦਾ ਜਾਲ਼ ਪਾਇਆ
ਅੁਸਦਾ ਅੰਗ ਅੰਗ ਮੁਸਕਰਾਇਆ
ਸੁਖ ਦਾ ਸਾਹ ਆਇਆ
ਉਚੇ ਘਰਾਂ ਦੀ ਓਟ ਨੇ
ਅੰਬੀਆਂ ਨੂੰ ਬਚਾਇਆ..(7)

ਉਰਦੂ ਦੇ ਪ੍ਰਸਿੱਧ ਸ਼ਾਇਰ ਜਾਵੇਦ ਅਖ਼ਤਰ ਵੀ ਪੂੰਜੀਵਾਦੀਆਂ ਦੁਆਰਾ ਕੀਤੀ ਜਾ ਰਹੀ ਕਿਰਤੀਆਂ ਦੀ ਲੁੱਟ ਨੂੰ ਆਪਣੀ ਨਜ਼ਮ ਵਿਚ ਇੰਝ ਹੀ ਪੇਸ਼ ਕਰਦੇ ਹਨ:

ਊਚੀਂ ਇਮਾਰਤੋਂ ਮੇ ਘਿਰ ਗਯਾ
ਮੇਰਾ ਮਕਾਨ,
ਵੋ ਲੋਗ ਮੇਰੇ ਹਿੱਸੇ ਕਾ ਸੂਰਜ
ਵੀ ਖਾ ਗਏ (8)

ਸਿੱਖ ਧਰਮ ਦੇ ਫਲਸਫੇ ਨੂੰ ਮਾਨਵਵਾਦੀ ਫਲਸਫਾ ਕਿਹਾ ਜਾਂਦਾ ਹੈ।ਗੁਰੂ ਸਹਿਬਾਨਾਂ ਨੇ ਇਸ ਦਾ ਮਹਿਲ ਸਮਾਨਤਾ ਦੇ ਅਧਾਰ ਤੇ ਖੜ੍ਹੀਆਂ ਕੀਤੀਆਂ ਕੰਧਾਂ ਤੇ ਉਸਾਰਿਆ। ਸਮਾਜ ਵਿਚ ਫੈਲੀ ਜਾਤ-ਪਾਤ ਦੀ ਗੰਦਗੀ ਅਤੇ ਕੂੜ ਦੇ ਵਿਰੋਧ ਵਿਚ ਇਸਨੇ ਡੱਟ ਕੇ ਹਾਅ ਦਾ ਨਾਅਰਾ ਮਾਰਿਆ। ਜ਼ਾਬਰਾਂ ਦਾ ਮੂੰਹ ਭੰਨਿਆ ਅਤੇ ਗਰੀਬ ਗੁਰਬਿਆਂ ਦਾ ਓਟ ਆਸਰਾ ਬਣਿਆ। ਪਰ ਅੱਜ ਇਸਦੇ ਪਹਿਰੇਦਾਰ ਅਸਲ ਵਿਚਾਰਧਾਰਾ ਤੋਂ ਥਿੜਕ ਗਏ ਹਨ।ਜਿਸ ਧਿਰ ਨਾਲ ਗੁਰੂ ਸਹਿਬਾਨਾਂ ਨੇ ਸਦਾ ਟੱਕਰ ਲਈ ਸੀ ਅੱਜ ਇਹ ਉਸ ਧਿਰ ਨਾਲ ਜਾ ਖੜੇ ਹੋਏ ਹਨ। ਬਾਣੀ ਨਾਲੋਂ ਬਾਣੇ ਨੂੰ ਵੱਧ ਤਰਜੀਹ ਦਿੱਤੀ ਜਾ ਰਹੀ ਹੈ। ਚਿੰਨਾਂ, ਬਿੰਬਾਂ ਤੇ ਪ੍ਰਤੀਕਾਂ ਰਾਹੀਂ ਨਵਤੇਜ ਨੇ 'ਕਾਰ ਨੰਬਰ 1699' ਅਤੇ 'ਸੈਰ ਤੇ ਜਾ ਰਿਹਾ ਹਾਂ' ਕਵਿਤਾਵਾਂ ਰਾਹੀਂ ਤਕੜੇ ਵਿਅੰਗ ਹੀ ਨਹੀਂ ਪੇਸ਼ ਕੀਤੇ ਸਗੋਂ ਰਹਿਬਰਾਂ ਦੀ ਅਸਲ ਵਿਚਾਰਧਾਰਾ ਵੱਲ ਝਾਤ ਪੁਆਉਣ ਦਾ ਸਾਰਥਕ ਯਤਨ ਕੀਤਾ ਹੈ:

ਮੇਰੇ ਘਰ ਦਾ ਅੰਗ ਅੰਗ
ਤੇਰੇ ਰੰਗ ਵਿਚ ਰੰਗਿਆ ਹੋਇਆ ਹੈ
ਹੱਥ ਵਿਚ ਤੀਰ ਫੜੀ
ਤੇਰਾ ਆਦਮ ਕੱਦ ਫੋਟੋ
ਡਰਾਇੰਗ ਰੂਮ ਵਿਚ ਟੰਗਿਆ ਹੋਇਆ ਹੈ
ਘਰ ਦੇ ਵੱਡੇ ਗੇਟ ਤੇ
ਪੂੰਜ ਫੁੱਟੀ ਚਮਕਦੀ ਤਲਵਾਰ ਹੈ
ਛੱਤ ਤੇ ਸਜੀ ਪਾਣੀ ਦੀ ਟੈਂਕੀ ਤੇ
ਇੱਕ ਬਾਜ਼ ਤੇਜ਼ ਤਰਾਰ ਹੈ
ਚਹੁੰ ਥੰਮਾਂ ਤੇ ਟਿਕੀ ਪੱਕੀ ਛੱਤ ਤੇ
ਉਕਰੀ ਮੁਕਤਿਆਂ ਦੀ ਵਾਰ ਹੈ (9)

'ਸੂਰਜ ਦਾ ਹਲਫ਼ੀਆ ਬਿਆਨ' ਵਿਚ 'ਗੁਲੇਲੀ, ਮੈਂ ਤੇ ਸ਼ਾਇਰ' ਇੱਕ ਹੋਰ ਨਜ਼ਮ ਹੈ ਜਿਸਨੇ ਪ੍ਰੋ. ਮੋਹਨ ਸਿੰਘ ਦੀ ਯਾਦ ਤਾਜ਼ਾ ਕਰਵਾ ਦਿੱਤੀ।ਨਵਤੇਜ ਦੀ ਕਵਿਤਾ ਪੜ੍ਹਦਿਆਂ ਜਦ ਮੈਂ ਪ੍ਰੋ. ਮੋਹਨ ਸਿੰਘ ਦੀ ਕਵਿਤਾ ਗੁਲੇਲੀ ਪੜ੍ਹੀ ਤਾਂ ਬਹੁਤ ਪ੍ਰੇਸ਼ਾਨ ਹੋਇਆਂ।ਇਹ ਗੱਲ ਬਿਲਕੁਲ ਦਰੁਸਤ ਹੈ ਕਿ ਹੱਥ ਵਿਚ ਕਲਮ ਫੜਨ ਵਾਲੇ ਕਵੀਆ ਜਾਂ ਲੇਖਕਾਂ ਦਾ ਦਰਜ਼ਾ ਬਹੁਤ ਉੱਚਾ ਹੈ। ਇਸੇ ਲਈ ਬਾਬਾ ਨਾਨਕ ਨੇ ਇਹਨਾਂ ਲਈ 'ਧੰਨ ਲਿਖਾਰੀ ਨਾਨਕਾ' ਜਿਹੇ ਸ਼ਬਦਾਂ ਦੀ ਵਰਤੋ ਕੀਤੀ ਹੈ। ਸ਼ਾਇਰ/ਲੇਖਕਾਂ ਦਾ ਕੰਮ ਸਿਰਫ ਲੋਕਾਂ ਦੀਆਂ ਸਮੱਸਿਆਵਾਂ ਵੱਲ ਝਾਤ ਪੁਆਉਣ ਤੱਕ ਹੀ ਸੀਮਿਤ ਨਹੀਂ ਹੋਣਾ ਚਾਹੀਦਾ ਸਗੋਂ ਉਹਨਾਂ ਦਾ ਹੱਕਾਂ ਲਈ ਜੂਝ ਰਹੇ ਲੋਕਾਂ ਦੇ ਸੰਗ ਖੜਨਾ ਵੀ ਜਰੂਰੀ ਹੋ ਜਾਂਦਾ ਹੈ। ਆਪਣੇ ਆਪ ਨੂੰ ਉਹ ਸਿਰਫ ਲੋਕਾਂ ਦੇ ਫੱਟਾਂ ਨੂੰ ਮਰ੍ਹਮ ਲਾਉਣ ਤੱਕ ਹੀ ਸੀਮਿਤ ਨਾ ਰੱਖਣ, ਇਹਨਾਂ ਨੂੰ ਦੂਰ ਕਰਨ ਦਾ ਢੰਗ ਵੀ ਦੱਸਣ। ਪਰ ਜਦੋਂ ਇਹ ਕਲਮ ਦੇ ਧਨੀ ਕਿਸੇ ਗਰੀਬ ਦੀ ਗਰੀਬੀ ਤੇ ਹੱਸਣ, ਵਾਰੇ ਜਾਣ, ਮਜ਼ਬੂਰੀ ਦਾ ਮਜ਼ਾਕ ਉਡਾਉਣ, ਗਰੀਬੀ ਮਾਰੇ ਫਟੇ ਪੁਰਾਣੇ ਕੱਪੜਿਆਂ 'ਚੋਂ ਅੰਗ ਦੇਖ ਦੇਖ ਚਟਖਾਰੇ ਲੈਣ ਤਾਂ ਫੇਰ ਇਹਨਾਂ ਤੋਂ ਮੱਦਦ ਦੀ ਗੁਹਾਰ ਕਿਵੇਂ ਰੱਖੀ ਜਾ ਸਕਦੀ ਹੈ, ਉਹ ਵੀ ਪ੍ਰੋ. ਮੋਹਨ ਸਿੰਘ ਵਰਗਾ ਸ਼ਾਇਰ। ਦੇਖੋ ਉਸਦੀ ਕਵਿਤਾ ਦੀਆਂ ਤੁਕਾਂ:

ਛਿੱਜੇ ਕੱਪੜੇ ਹੋਏ ਲੰਗਾਰੇ, ਵਿਚੋਂ ਪਿੰਡਾ ਲਿਸ਼ਕਾਂ ਮਾਰੇ।
ਹੁਸਨ ਨਾ ਜਾਵੇ ਰੱਖਿਆ ਤਾੜ, ਨਿਕਲ ਆਉਂਦਾ ਕੱਪੜੇ ਪਾੜ।
ਵਾਹ ਗਰੀਬੀ ਵਾਰੇ ਤੇਰੇ, ਵਸਦੇ ਰਹਿਣ ਚੁਬਾਰੇ ਤੇਰੇ. (10)

ਤਾਂ ਕਿਵੇਂ ਆਸ ਰੱਖੀ ਜਾ ਸਕਦੀ ਹੈ ਕਿ ਸਾਹਿਤ ਸਮਾਜ ਨੂੰ ਸੇਧ ਦੇਵੇਗਾ।ਦੂਜੇ ਪਾਸੇ ਨਵਤੇਜ ਦੀ ਕਵਿਤਾ ਹੈ ਜੋ ਸਫੇਦ ਚਾਦਰ ਓਹੜੀ ਸਮਾਜ ਦੇ ਕਪਟੀ ਕਿਰਦਾਰਾਂ ਦੀਆਂ ਪਰਤਾਂ ਉਧੇੜਦੀ ਹੈ ਅਤੇ ਉਸ ਕਿਰਤੀ ਔਰਤ ਦੇ ਜ਼ਖਮਾਂ ਤੇ ਹਮਦਰਦੀ ਦਾ ਫੈਹਾ ਧਰਦੀ ਹੈ ਜਿਹੜੀ ਕਿਰਤ ਕਰਕੇ ਗੁਜ਼ਾਰਾ ਕਰਨ ਲਈ ਵਚਨਵੱਧ ਹੈ। ਉਹ ਚੜ੍ਹਦੀ ਉਮਰੇ ਕਿਸੇ ਗਲਤ ਰਾਹ ਤੇ ਚੱਲ ਕੇ ਗੁਜ਼ਾਰਾ ਕਰਨ ਤੋਂ ਮੁਨਕਰ ਹੈ। ਸਮਾਜ ਵਿਚ ਮਿਹਨਤ ਮੁਸ਼ੱਕਤ ਕਰਨ ਵਾਲੀ ਔਰਤ ਵੱਲ ਵੀ ਸਮਾਜ ਦੇ ਦਰਿੰਦੇ ਗੰਦੀ ਨਜ਼ਰ ਨਾਲ ਦੇਖਦੇ ਹਨ। ਨਵਤੇਜ ਦੀ ਕਵਿਤਾ ਦਾ ਨਾਇਕ ਇਸ ਔਰਤ ਨਾਲ ਭੈਣ ਵਰਗਾ ਰਿਸ਼ਤਾ ਸਥਾਪਿਤ ਕਰਕੇ ਉਸਦੇ ਦੇ ਦੁਖਾਂ ਨੂੰ ਹਨਨ ਦਾ ਯਤਨ ਕਰਨ ਲਈ ਤੱਤਪਰ ਹੈ:

ਅਦਬ ਨਾਲ ਮੈਂ ਕਿਹਾ ਓਸਨੂੰ
ਭੇਣੇ ਰੱਖ ਹੌਸਲਾ ਕੁਝ ਤੂੰ
ਠਿੱਬੀ ਜੁੱਤੀ ਲਾਹ ਕੇ ਧਰ ਲੈ
ਗੰਢਿਆ ਝੋਲ਼ਾ ਰੁਕ ਸਿਰ ਕਰ ਲੈ
ਛਿੱਜੇ ਹੋਏ ਨੇ ਕੱਪੜੇ ਤੇਰੇ
ਨੇਤਰ ਵੇਖ ਨਾ ਸਕਦੇ ਮੇਰੇ
ਓਡ ਲੈ ਮੇਰੀ ਚਿੱਟੀ ਲੋਈ
ਮੰਜੇ ਤੇ ਬਹਿ ਗੱਲ ਦੱਸ ਕੋਈ (11)

ਨਵਤੇਜ ਨੂੰ ਇਤਿਹਾਸ ਤੇ ਮਿਥਿਹਾਸ ਦਾ ਗਹਿਰਾ ਗਿਆਨ ਹੈ। ਨਾਲ ਹੀ ਉਹ ਸਾਇੰਸ ਦਾ ਵਿਦਿਆਰਥੀ ਵੀ ਹੈ।ਉਸਨੂੰ ਤਰਕ ਸਿਰਜਣ ਦੀ ਵੀ ਸਮਝ ਹੈ।ਉਸ ਕੋਲ ਸਮਾਜ ਦਾ ਹੱਡੀਂ ਹੰਢਾਇਆ ਦਰਦ ਪਿਆ ਹੈ ਜਿਹੜਾ ਸਦੀਆਂ ਤੱਕ ਸੋਸ਼ਤ ਹੁੰਦਾ ਰਿਹਾ ਹੈ ਅਤੇ ਅੱਜ ਵੀ ਹਾਸ਼ੀਏ ਤੇ ਪਿਆ ਹੈ। ਇਸੇ ਕਰਕੇ ਇਹ ਸਾਰਾ ਕੁਝ ਉਸਦੀ ਕਵਿਤਾ ਦੀ ਪਿੱਠ ਭੂਮੀ ਵਿਚ ਪਿਆ ਨਜ਼ਰ ਆਉਂਦਾ ਹੈ। ਉਸਦੀ ਸੋਚ ਮਾਨਵਵਾਦੀ ਹੈ ਅਤੇ ਕਾਵਿ ਭਾਸ਼ਾ ਊਰਜਾ ਨਾਲ ਭਰਪੂਰ ਹੈ। ਉਸਨੂੰ ਪਤਾ ਹੈ ਕਿ ਸੱਚ ਦੇ ਮਾਰਗ ਤੇ ਚੱਲਦਿਆਂ ਅਤੇ ਸੰਘਰਸ਼ ਦਾ ਰਾਹ ਫੜਦਿਆਂ ਮੁਸੀਬਤਾਂ ਨੇ ਆਉਣਾ ਹੀ ਆਉਣਾ ਹੈ। ਇਹਨਾਂ ਪ੍ਰਤੀ ਉਸਦੇ ਮਨ ਵਿਚ ਰਤਾ ਵੀ ਸਹਿਮ ਨਹੀਂ ਹੈ। ਉਸਦੀ ਕਵਿਤਾ ਦਾ ਨਾਇਕ ਇੱਕ ਲਲਕਾਰ ਬਣ ਕੇ ਇਸ ਦੰਭੀ ਮਾਹੌਲ ਅੱਗੇ ਹਿੱਕ ਡਾਹੁਣ ਲਈ ਤਿਆਰ ਹੈ। ਉਸਦਾ ਇਕੱਲਾ ਇਕੱਲਾ ਲਫ਼ਜ਼ ਲੋਕ ਲਹਿਰ ਬਣਨ ਲਈ ਕਾਹਲਾ ਹੈ:

ਹੁਸ਼ਿਆਰ ਰਹਿਣਾ
ਤੁਹਾਡਾ ਕਿਲਾ ਤੋੜਾਂਗੇ
ਪਿੰਡਾ ਨਿਚੋੜਾਂਗੇ
ਸਾਡਾ ਕਹਿਣਾ ਸੱਚ ਕਹਿਣਾ ਹੈ
ਆਪਣਾ ਲਹੂ ਵਾਪਸ ਲੈਣਾ ਹੈ (12)

ਜ਼ਿੰਦਗੀ ਦਾ ਇਹ ਵੀ ਇੱਕ ਸੱਚ ਹੈ ਕਿ ਕਦੀ ਵੀ ਕਿਸੇ ਗੁਲਾਮ ਕੌਮ ਨੂੰ ਆਜ਼ਾਦੀ ਕਿਸੇ ਨੇ ਥਾਲੀ 'ਚ ਪਰੋਸ ਕੇ ਨਹੀਂ ਦੇ ਦਿੱਤੀ। ਇਹ ਤਾਂ ਦੋ ਹੱਥ ਕਰਨ ਨਾਲ ਹੀ ਪ੍ਰਾਪਤ ਹੋਈ ਹੈ।ਸੰਘਰਸ਼ ਕਰਨ ਵਾਲੀ ਕੌਮ ਨੇ ਹੀ ਸਦਾ ਤਰੱਕੀਆਂ ਕੀਤੀਆਂ ਹਨ, ਮਜ਼ਬੂਤ ਹੋਈ ਹੈ ਅਤੇ ਪਹਾੜਾਂ ਨੂੰ ਵੀ ਰੌਂਦ ਕੇ ਆਪਣੇ ਪੈਰਾਂ ਵਿਚ ਵਿਛਾਇਆ ਹੈ। ਨਵਤੇਜ ਨੇ ਸਾਡੇ ਦੇਸ਼ ਦੇ ਉਸ ਢਾਂਚੇ ਵੱਲ ਧਿਆਨ ਦੁਆਉਣ ਦੀ ਕੋਸ਼ਿਸ਼ ਕੀਤੀ ਹੈ ਜਿੱਥੇ ਬੰਦਾ ਜਨਮ ਲੈਣ ਤੇ ਹੀ ਗੁਲਾਮਾਂ ਦੀ ਕਤਾਰ ਵਿਚ ਸ਼ਾਮਲ ਹੋ ਜਾਂਦਾ ਹੈ। ਉਹ ਇਸ ਢਾਂਚੇ ਨੂੰ ਤੋੜਨਾ ਚਾਹੁੰਦਾ ਹੈ ਅਤੇ ਇਸ ਦੀ ਥਾਂ ਤੇ ਉਸ ਢਾਂਚੇ ਦਾ ਨਿਰਮਾਣ ਕਰਨ ਲਈ ਉਤਾਵਲਾ ਹੈ ਜਿੱਥੇ ਸਾਰਿਆਂ ਨਾਲ ਸਮਾਨਤਾ ਵਾਲਾ ਵਿਵਹਾਰ ਹੋਵੇ। ਇਸ ਦੇ ਲਈ ਉਹ ਬੇੜੀਆਂ ਨੂੰ ਸਾਜ਼ ਬਣਾਉਣ ਦੀ ਗੱਲ ਕਰਦਾ ਹੈ:

ਮੈਂ ਬੇੜੀਆਂ ਨੂੰ ਸਾਜ਼ ਬਣਾਵਾਂਗਾ
ਧੁਰ ਅੰਦਰਲੀ ਹੇਕ ਲਾਵਾਂਗਾ
ਧੋਖੇਬਾਜ ਮਸਤੇ ਮਹੱਲਾਂ ਦੀ
ਇੱਟ ਨਾਲ ਇੱਟ ਖੜਕਾਵਾਂਗਾ
ਜੰਜ਼ਾਲ ਬਣ ਗਏ
ਤਾਣੇ ਬਾਣੇ ਦੀ ਛੱਤ ਉਡਾਵਾਂਗਾ
ਤੁਰਦਿਆਂ ਤੁਰਦਿਆਂ ਸੁੰਦਰ ਕਿਤਾਬ ਬਣਾਂਗਾ
ਤੁਹਾਡੇ ਹਰ ਪ੍ਰਸ਼ਨ ਦਾ ਜਵਾਬ ਦੇਵਾਂਗਾ (13)

ਇਸੇ ਤਰ੍ਹਾਂ ਇੱਕ ਕਵਿਤਾ ਵਿਚ ਸ਼ਾਇਰ ਸੁਰਜੀਤ ਪਾਤਰ ਵੀ ਦਰਦ ਨੂੰ ਆਪਣੇ ਹਿਸਾਬ ਨਾਲ ਗੀਤ ਬਣਾਉਣ ਦਾ ਯਤਨ ਕਰਦਾ ਹੈ:

ਸੰਤਾਪ ਨੂੰ ਗੀਤ ਬਣਾ ਲੈਣਾ
ਮੇਰੀ ਮੁਕਤੀ ਦਾ ਇੱਕ ਰਾਹ ਤਾਂ ਹੈ
ਜੇ ਹੋਰ ਨਹੀਂ ਇਹ ਦਰ ਕੋਈ
ਇੱਕ ਲਫ਼ਜ਼ਾਂ ਦੀ ਦਰਗਾਹ ਤਾਂ ਹੈ। (13)

ਸਮੁੱਚੇ ਤੌਰ ਤੇ ਜੇਕਰ ਨਵਤੇਜ ਦੀ ਸ਼ਾਇਰੀ ਦੀ ਗੱਲ ਕਰੀਏ ਤਾਂ ਇਹ ਉਹਨਾਂ ਲੋਕਾਂ ਦੇ ਅੰਗ ਸੰਗ ਖੜੀ ਹੈ ਜਿਹੜੇ ਆਪਣੀ ਹੋਂਦ ਤੇ ਹੋਣੀ ਦੀ ਜੰਗ ਲੜ ਰਹੇ ਹਨ। ਇਹ ਲੋਕ ਰਹਿਮ ਦੇ ਪਾਤਰ ਬਣ ਕੇ ਨਹੀਂ ਰਹਿਣਾ ਚਾਹੁੰਦੇ ਸਗੋਂ ਆਪਣੇ ਹਿੱਸੇ ਦਾ ਸੂਰਜ ਲੈਣ ਲਈ ਕਾਹਲੇ ਹਨ। ਇਸ ਦੇ ਲਈ ਭਾਵੇਂ ਇਹਨਾਂ ਨੂੰ ਔਖੇ ਪੈਂਡਿਆਂ ਤੇ ਹੀ ਕਿਉਂ ਨਾ ਤੁਰਨਾ ਪਵੇ। ਡਰਨਾ, ਰੁਕਣਾ, ਈਨ ਮੰਨਣੀ, ਗੋਡੇ ਟੇਕਣੇ ਹੁਣ ਇਹਨਾਂ ਦੇ ਸ਼ਬਦ ਕੋਸ਼ਾਂ ਦਾ ਹਿੱਸਾ ਨਹੀਂ ਰਹੇ। ਇਹ ਰੋਹ ਦਾ ਬਾਣ ਤੇਜ਼ ਕਰਕੇ ਸਮਾਜਿਕ ਸਰੋਕਾਰਾਂ ਦੀਆਂ ਨੀਹਾਂ ਪੱਕੀਆਂ ਕਰਨ ਲਈ ਇੱਕ ਲਲਕਾਰ ਬਣਨ ਤੋਂ ਝਿਜਕਦੇ ਵੀ ਕਿਧਰੇ ਨਜ਼ਰ ਨਹੀਂ ਆਉਂਦੇ। ਉਸ ਦੀਆਂ ਰਚਨਾਵਾਂ- ਅੱਜ ਦੇ ਨੌਜਵਾਨਾਂ ਦਾ

(ਬਾਕੀ ਸਫਾ 20 ਤੇ)

# ਪੰਜਾਬੀ ਦਲਿਤ ਕਵਿਤਾ ਵਿਚ ਦਲਿਤ ਮੁਕਤੀ ਦਾ ਸਵਾਲ




**ਪ੍ਰੋਫੈਸਰ (ਡਾ.) ਰੌਣਕੀ ਰਾਮ**
Dean, Faculty of Arts
Honorary Director, ICSSR,
North-Western Regional Centre
Shaheed Bhagat Singh Professor
of Political Science, Arts Block IV,
Panjab University, Chandigarh
0091-9779142308


*(ਛੇਵੀਂ ਕਿਸਤ)*

ਉਦਾਸੀ ਦੀਆਂ ਕ੍ਰਾਂਤੀਕਾਰੀ ਕਵਿਤਾਵਾਂ ਦੇ ਤਿੰਨ ਕਾਵਿ-ਸੰਗ੍ਰਹਿ: 'ਲਹੂ ਭਿੱਜੇ ਬੋਲ', 'ਸੈਨਤਾਂ', 'ਚਹੁ ਨੁਕਰੀਆਂ ਸੀਖਾਂ' ਬਹੁਤ ਚਰਚਿਤ ਹੋਏ। ਉਨ੍ਹਾਂ ਦੀਆਂ ਸਾਰੀਆਂ ਕਵਿਤਾਵਾਂ ਦਾ ਸੰਪੂਰਨ ਕਾਵਿ ਸੰਗ੍ਰਹਿ ਰਾਜਿੰਦਰ ਰਾਹੀ ਨੇ ਸੰਪਾਦਿਤ ਕਰਕੇ ਪ੍ਰਕਾਸ਼ਿਤ ਕਰਵਾਇਆ ਹੈ। ਸੰਤ ਰਾਮ ਉਦਾਸੀ ਦੀ ਕਵਿਤਾ ਭਾਵੇਂ ਨਕਸਲਬਾੜੀ ਲਹਿਰ ਤੋਂ ਹੀ ਪ੍ਰਭਾਵਿਤ ਸੀ ਪਰੰਤੂ ਉਸ ਵਿੱਚ ਜਾਤਪਾਤੀ ਸਮਾਜ ਦੀਆਂ ਜਾਤ ਅਤੇ ਜਮਾਤ ਦੀਆਂ ਵਿਰੋਧਤਾਵਾਂ ਨੂੰ ਵੀ ਗੰਭੀਰਤਾ ਨਾਲ ਦਰਸਾਇਆ ਗਿਆ ਹੈ। 'ਕੰਮੀਆਂ ਦਾ ਵਿਹੜਾ', 'ਭਗਤ ਰਵਿਦਾਸ ਨੂੰ', 'ਅਧੂਰੀ ਸਵੈ ਗਾਥਾ', 'ਸੀਰੀ ਅਤੇ ਜੱਟ ਦੀ ਸਾਂਝੀ ਵਿਥਿਆ ਦੇ ਨਾਂ' ਆਦਿ ਆਪ ਦੀਆਂ ਕੁਝ ਵਿਸ਼ੇਸ਼ ਕਵਿਤਾਵਾਂ ਹਨ ਜਿਨ੍ਹਾਂ ਨੇ ਜਾਤਪਾਤ ਦੀ ਸਮੱਸਿਆ ਵੱਲ ਸੰਕੇਤ ਕੀਤਾ ਹੈ। ਪੇਸ਼ ਹਨ ਉਸ ਦੀਆਂ ਕਵਿਤਾਵਾਂ ਦੀਆਂ ਸਤਰਾਂ:

ਗਲ ਲੱਗ ਸੀਰੀ ਦੇ ਜੱਟ ਰੋਵੇ,
ਬੁਹਲਾਂ ਵਿੱਚੋਂ ਨੀਰ ਵੱਗਿਆ।
ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,
ਤੂੜੀ ਵਿੱਚੋਂ ਪੁੱਤ 'ਜੱਗਿਆ'।
ਜਿੱਥੇ ਬੰਦਾ ਜੰਮਦਾ-ਸੀਰੀ ਹੈ।
ਟਕਿਆਂ ਦੀ ਮੀਰੀ ਪੀਰੀ ਹੈ।
ਜਿੱਥੇ ਕਰਜ਼ੇ ਹੇਠ ਪੰਜੀਰੀ ਹੈ।
ਪਿਉਆਂ ਦੇ ਕਰਜ਼ ਦਾ ਸੂਦ ਨੇ, ਪੁੱਤ ਜੰਮਦੇ ਜਿਹੜੇ।
ਤੂੰ ਮਘਦਾ ਰਹੀਂ ਵੇ ਸੂਰਜਾ। ਕੰਮੀਆਂ ਦੇ ਵਿਹੜੇ।

ਸੰਤ ਰਾਮ ਉਦਾਸੀ ਦੀ ਕਵਿਤਾ ਪ੍ਰਗਤੀਵਾਦੀ/ਜੁਝਾਰਵਾਦੀ ਵਿਚਾਰਧਾਰਾ ਤੋਂ ਪ੍ਰੇਰਤ ਜਿਸ ਤਰ੍ਹਾਂ ਦੀ ਦਲਿਤ ਪਛਾਣ ਦੀ ਤਸਵੀਰ ਘੜਦੀ ਹੈ ਉਸ ਵਿਚ ਇਕੱਲੇ ਦਲਿਤ ਵਰਗ ਦੀ ਗੱਲ ਨਾ ਹੋ ਕੇ ਪੂੰਜੀਵਾਦੀ/ਜਗੀਰੂ ਵਿਵਸਥਾ ਤੋਂ ਝੰਬੇ ਹੋਏ ਕਿਸਾਨ ਦੇ ਨਾਲ ਗੰਢ-ਤੁਪ ਕਰਕੇ ਸੀਰੀ ਦੀ ਦੁਰਦਸ਼ਾ ਦੀ ਗੱਲ ਵੀ ਹੁੰਦੀ ਹੈ।

ਸੰਤ ਰਾਮ ਉਦਾਸੀ ਅਤੇ ਲਾਲ ਸਿੰਘ ਦਿਲ ਭਾਵੇਂ ਜੁਝਾਰਵਾਦੀ ਕਵਿਤਾ ਦੀ ਰਚਨਾ ਇਕੋ ਹੀ ਤਰ੍ਹਾਂ ਦੀ ਵਿਚਾਰ ਧਾਰਕ ਸਮਝ ਤੋਂ ਕਰਦੇ ਮੰਨੇ ਜਾਂਦੇ ਹਨ ਪ੍ਰੰਤੂ ਇਨ੍ਹਾਂ ਦੋਨਾਂ ਨਕਸਲੀ ਕਵੀਆਂ ਦੀ ਕਾਵਿ-ਸੰਵੇਦਨਾ, ਸਮਾਜਿਕ-ਰਾਜਨੀਤਕ ਸੂਝ-ਬੂਝ ਅਤੇ ਦੂਰਦ੍ਰਿਸ਼ਟੀ ਵਿਚ ਕਾਫ਼ੀ ਫ਼ਰਕ ਪ੍ਰਤੀਤ ਹੁੰਦਾ ਹੈ। ਜਿਥੇ ਸੰਤ ਰਾਮ ਉਦਾਸੀ ਕਿਸਾਨ-ਸੀਰੀ ਦੇ ਸਾਂਝੇ ਸੰਘਰਸ਼ ਵੱਲ ਸੰਕੇਤ ਕਰਦੇ ਹੋਏ ਭਾਰਤੀ ਸਮਾਜ ਦੀ ਆਰਥਿਕਤਾ ਦੇ ਆਧਾਰ ਤੇ ਲੁੱਟ ਦੀ ਧਾਰਨਾ ਨੂੰ ਕੇਂਦਰ ਵਿੱਚ ਰੱਖਕੇ ਜਾਤੀ ਸਵਾਲ ਵੱਲ ਬਹੁਤੀ ਤਵੱਜੋਂ ਨਹੀਂ ਦਿੰਦੇ ਉਥੇ ਇਸ ਦੇ ਉਲਟ ਲਾਲ ਸਿੰਘ ਦਿਲ ਜਮਾਤੀ ਸ਼ੋਸ਼ਣ ਅਤੇ ਦਮਨ ਦੇ ਅੰਤਰਗਤ ਵਿਚਰਦੀ ਹੋਈ ਜਾਤੀ ਵਿਵਸਥਾ ਅਤੇ ਪਛਾਣ ਨੂੰ ਬਹੁਤ ਹੀ ਭਾਵਪੂਰਕ ਅਤੇ ਕਟਾਸ਼ਮਈ ਢੰਗ ਨਾਲ ਬਿਆਨ ਕਰਦੇ ਹਨ। ਉਹ ਨਕਸਲਵਾਦੀ ਲਹਿਰ ਦੇ ਬਿਲਕੁਲ ਅੰਦਰ ਤੱਕ ਘੁਸ ਕੇ ਉਸ ਦੀਆਂ ਤਮਾਮ ਪਰਤਾਂ ਨੂੰ ਫਰੋਲਦੇ ਹੋਏ ਇਹ ਜਾਣ ਜਾਂਦੇ ਹਨ ਕਿ ਭਾਰਤ ਸਮਾਜ ਦੀ ਬੋਅ ਮਾਰਦੀ ਜਾਤੀ ਗੰਧ ਨੂੰ ਜਮਾਤੀ ਸੰਘਰਸ਼ ਦੀ ਕਸਤੂਰੀ ਵੀ ਛੁਪਾ ਨਹੀਂ ਸਕਦੀ। ਦਿਲ ਦੀ ਕਵਿਤਾ ਵਿਚਲੇ ਟੱਪਰੀਵਾਸਾਂ, ਬੱਧੂਆਂ, ਸਾਂਹਸੀਆਂ ਆਦਿ ਦੇ ਗੌਰਵਮਈ ਇਤਿਹਾਸ ਦੀ ਤਲਾਸ਼ ਨੂੰ 'ਜਾਤੀ ਗੌਰਵ' ਦੇ ਉਲਟ 'ਇਤਿਹਾਸ ਦਾ ਗੌਰਵ' ਦੱਸ ਕੇ ਉਸ ਵੱਲੋਂ ਜਾਤਪਾਤੀ ਵਿਵਸਥਾ ਅਤੇ ਉਸ ਤੇ ਆਧਾਰਤ ਦਲਿਤ ਮਨੁੱਖ ਦੇ ਸ਼ੋਸ਼ਣ ਹੋਣ ਵੱਲ ਕੀਤੇ ਇਸ਼ਾਰੇ ਨੂੰ ਭੰਬਲਭੂਸੇ 'ਚ ਨਹੀਂ ਪਾਉਣਾ ਤਾਂ ਹੋਰ ਕੀ ਹੈ?

ਆਰੀਆਂ ਨਾਲ ਮੂਲ ਬਸ਼ਿੰਦਿਆਂ ਦੇ ਟਕਰਾਅ ਦਾ ਇਤਿਹਾਸ ਹੀ ਅਸਲ ਵਿਚ ਜਾਤੀ ਸਮਾਜ ਦੀ ਉਤਪਤੀ ਦਾ ਪਿੜ ਬਣਦਾ ਹੈ। ਇਹ ਇਤਿਹਾਸ ਆਪਣੀ ਪਛਾਣ ਅਤੇ ਉਸ ਦੀ ਵੈਧਤਾ ਨੂੰ ਜਾਤਪਾਤੀ ਪ੍ਰਣਾਲੀ ਰਾਹੀਂ ਹੀ ਕਾਇਮ ਰੱਖਦਾ ਹੈ। ਇਸ ਦੇ ਵਿਰੁੱਧ ਕੋਈ ਵੀ ਸੰਘਰਸ਼ ਇਸ ਦੀਆਂ ਕੂਟਨੀਤਕ ਜਾਤ-ਪਾਤੀ ਚਾਲਾਂ ਤੋਂ ਅਣਗੌਲਿਆ ਆਖ਼ਰ ਇਸ ਵਿਚ ਹੀ ਆਤਮਸਾਤ ਹੋ ਜਾਂਦਾ ਹੈ। ਬ੍ਰਾਹਮਣਵਾਦੀ ਦਰਜਾਬੰਦੀ ਤੇ ਆਧਾਰਤ ਸਮਾਜ ਵਿੱਚ ਜਾਤੀ ਗੌਰਵ ਸਿਰਫ ਅਤੇ ਸਿਰਫ ਜਾਤੀ ਦਰਜਾਬੰਦੀ ਦੀ ਪੌੜੀ ਦੇ ਉਪਰਲੇ ਡੰਡਿਆਂ ਤੇ ਬੈਠੇ ਮਨੁੱਖਾਂ ਦੇ ਹੀ ਵਰਤੋਂ ਵਿੱਚ ਲਿਆਉਣ ਵਾਲੀ ਵਸਤੂ ਬਣਿਆ ਰਹਿੰਦਾ ਹੈ। ਲਾਲ ਸਿੰਘ ਦਿਲ ਆਪਣੀ ਕਵਿਤਾ ਵਿਚ ਪਹਿਲੀ ਵਾਰ ਇਸ ਜਾਤੀ ਗੌਰਵ ਬਾਰੇ ਆਰੀਆਂ ਵੱਲੋਂ ਆਪਣੇ ਹੀ ਘਰ ਵਿੱਚ ਖਾਨਾਬਦੋਸ਼ ਬਣਾ ਦਿੰਦੇ ਗਏ 'ਭੀਲ ਬਹਾਦਰ ਦਰਾਵੜਾਂ' ਨੂੰ ਗੱਲ ਕਰਦੇ ਹੋਏ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਦੀ ਜਾਤੀ ਗੌਰਵ ਦੀ ਗੱਲ, ਆਦਿ ਧਰਮ ਲਹਿਰ ਦੇ 11-12 ਜੂਨ 1926 ਵਾਲੇ ਮਸ਼ਹੂਰ ਜਲਸੇ ਦੇ ਵਿਗਿਆਪਨ ਲਈ ਲਗਾਏ ਪੋਸਟਰ ਵਿਚ ਲਿਖੀਆਂ ਸਤਰਾਂ ਵਿਚ ਵੀ ਹੁੰਦੀ ਹੈ। ਪੇਸ਼ ਹਨ ਕੁਝ ਸਤਰਾਂ-

ਸਦੀਆਂ ਗੁਜ਼ਰ ਗਈਆਂ ਸਾਨੂੰ ਸੁੱਤਿਆਂ ਨੂੰ,
ਸਾਡੀ ਸੁਣੀ ਨਾ ਕਿਨੇ ਫਰਯਾਦ ਵੀਰੋ।
ਫਤਵੇ ਮਨੂੰ ਦੇ ਪੜ੍ਹ ਕੇ ਵੇਖ ਲੈਣਾ,
ਆਦੀ ਨਸਲ ਦਾ ਬਣਿਆ ਜਲਾਦ ਵੀਰੋ।
ਕੋਈ ਵਕਤ ਸੀ ਹਿੰਦ ਮੇਂ ਰਾਜ ਸਾਡਾ,
ਅਸੀਂ ਰਾਜਿਆਂ ਦੀ ਔਲਾਦ ਵੀਰੋ।
ਬਸ਼ਿੰਦੇ ਅਸਲੀ ਹਿੰਦ ਦੇ ਅਸੀਂ ਭਾਈਓ,
ਸਾਡਾ ਬਜਦਾ ਸੀ ਐਥੇ ਨਾਦ ਵੀਰੋ।
ਹਿੰਦੂ ਚੱਲ ਈਰਾਨ ਤੋਂ ਹਿੰਦ ਆਏ,
ਸਾਡੀ ਕੌਮ ਕੀਤੀ ਬਰਬਾਦ ਵੀਰੋ।
ਅੱਜ ਬਣੇ ਮਾਲਕ ਸਾਨੂੰ ਗ਼ੈਰ ਆਖਣ,
ਸੱਤ ਕਰੋੜ ਬੇਦਖਲ ਤਾਦਾਦ ਵੀਰੋ।
ਸਾਨੂੰ ਖਾਨਾ ਬਦੋਸ਼ ਬਣਾ ਦਿੱਤਾ,
ਸਾਡੀ ਖੋਹ ਕੇ ਕੁੱਲ ਜਾਇਦਾਦ ਵੀਰੋ।

ਉਪਰੋਕਤ ਸਤਰਾਂ ਵਿਚ ਆਦਿ ਧਰਮ ਦੇ ਬਾਨੀ ਆਪਣੀ ਕੌਮ ਦੇ ਮਾਣ-ਮੱਤੇ ਵਾਲੇ ਅਤੀਤ ਦੀ ਗੱਲ ਕਰਦੇ ਹੋਏ ਉਸ ਦੀ ਆਰੀਆਂ ਧਾੜਵੀਆਂ ਵੱਲੋਂ ਕੀਤੀ ਦੁਰਦਸ਼ਾ ਨੂੰ ਕਾਵਿ ਦੇ ਮਾਧਿਅਮ ਰਾਹੀਂ ਦਰਸਾਉਂਦੇ ਹਨ। ਲਾਲ ਸਿੰਘ ਦਿਲ ਵੀ ਕੁਝ ਇਸੇ ਤਰ੍ਹਾਂ ਹੀ ਆਦਿ ਕੌਮ ਨਾਲ ਸੰਬੰਧਤ ਅੱਜ ਦੇ ਯੁੱਗ ਵਿਚ ਖੱਜਲ-ਖੁਆਰ ਹੁੰਦੇ ਛੱਜਾਂ ਵਾਲੇ, ਸੱਪਾਂ ਵਾਲੇ, ਬੱਧੂਆਂ ਅਤੇ ਸਾਂਹਸੀਆਂ ਦੇ ਇਤਿਹਾਸ ਦੇ ਗੌਰਵ ਦੀ ਗੱਲ ਆਪਣੀਆਂ ਕਵਿਤਾਵਾਂ ਵਿਚ ਕਰਦੇ ਪ੍ਰਤੀਤ ਹੁੰਦੇ ਹਨ। ਜੇਕਰ ਆਦਿ ਧਰਮ ਨਾਲ ਸੰਬੰਧਤ ਅਜਿਹੀ ਕਵਿਤਾ ਦੀ ਸੁਰ ਜਾਤਮਈ ਕਹਿ ਕੇ ਸਮਕਾਲੀ ਪੰਜਾਬੀ ਕਵਿਤਾ ਵਿਚ ਅਣਗੌਲੀ ਕੀਤੀ ਜਾਂਦੀ ਹੈ ਤਾਂ ਲਾਲ ਸਿੰਘ ਦਿਲ ਦੀ ਕਵਿਤਾ ਵਿਚਲੀ ਅਜਿਹੀ ਸੁਰ ਨੂੰ ਜੁਝਾਰਵਾਦੀ ਸੁਰ ਵਾਲੀ ਕਹਿ ਕੇ ਟਾਵੀਂ-ਟਾਵੀਂ ਜਗ੍ਹਾ ਤੇ ਸਲਾਹਿਆ ਜਾਂਦਾ ਹੈ। ਦਰਅਸਲ ਸਚਾਈ ਤਾਂ ਇਹ ਹੈ ਕਿ ਆਦਿ ਲਹਿਰ ਦੇ ਕਵੀ ਅਤੇ ਲਾਲ ਸਿੰਘ ਦਿਲ ਜਿਸ ਇਤਿਹਾਸ ਦੇ ਗੌਰਵ ਦੀ ਗੱਲ ਕਰਦੇ ਹਨ ਉਸ ਦੀ ਟੇਕ ਆਰੀਆਂ ਵੱਲੋਂ ਚੌਹਾਂ ਵਰਣਾਂ ਤੋਂ ਬਾਹਰ ਕੱਢੇ ਹੋਏ ਅਵਰਨ ਜਾਤੀਆਂ ਦੇ ਸੰਤਾਪ ਭੋਗ ਰਹੇ ਲੋਕਾਂ 'ਤੇ ਟਿਕੀ ਹੋਈ ਹੈ। ਇਸ ਟੇਕ ਨੂੰ ਜਾਤਪਾਤੀ ਨੁਕਤਾ-ਨਿਗਾਹ ਤੋਂ ਅਣਗੌਲਿਆ ਕਰਕੇ ਇਸ ਦੀ ਜ਼ਮੀਨੀ ਹਕੀਕਤ ਤੋਂ ਅੱਖਾਂ ਫੇਰਨਾ ਹੈ। ਲਾਲ ਸਿੰਘ ਦਿਲ ਆਪਣੀ ਕਵਿਤਾ 'ਨਦੀਣ' ਅਤੇ ਆਲਮ ਆਪਣੇ ਗੀਤ 'ਲੰਬੜਾਂ ਦੀ ਕੰਧ ਟੱਪ ਕੇ' ਵਿਚ ਵੀ ਜਿਸ ਗੌਰਵ ਦੀ ਗੱਲ ਕਰ ਰਹੇ ਹਨ ਉਹ ਸਮਾਨਾਂਤਰ ਪ੍ਰਤੀਤ ਹੁੰਦੇ ਹਨ:

ਇਹ ਗਰਮ ਤੇ ਬੇਹੀ ਜਿਹੀ ਖ਼ੁਸ਼ਬੂ
ਜੋ ਉੱਠੀ ਹੈ ਇਨ੍ਹਾਂ ਸੁੱਕਦੇ ਨਦੀਣਾਂ 'ਚ
ਇਨ੍ਹਾਂ ਕੁਮਲਾਉਂਦੇ ਰੰਗਾਂ ਤੋਂ
ਸੁੰਘ ਕੇ ਗਾਵਣ ਨੂੰ ਦਿਲ ਕਰਦੈ

ਇਨ੍ਹਾਂ ਸਤਰਾਂ ਵਿਚ ਦਿਲ 'ਨਦੀਣ', ਜੋ ਕਿ ਫਾਲਤੂ ਅਤੇ ਬੇਅਰਥ ਮੰਨਿਆ ਜਾਂਦਾ ਹੈ ਅਤੇ ਜਿਸ ਦਾ ਕੋਈ ਮੁੱਲ ਅਤੇ ਮਤਲਬ ਨਹੀਂ ਹੁੰਦਾ (ਅਤੇ ਜਿਸ ਨੂੰ ਉਹ ਆਰੀਆ ਦੇ ਉਲਟ ਅਨਾਰੀਆ ਦੇ ਤੌਰ ਤੇ ਵਰਤਦਾ ਹੈ) ਨੂੰ ਨਵੀਂ ਜ਼ਿੰਦਗੀ ਦੀ ਤਸਵੀਰ ਦੇ ਰਚਨਹਾਰ ਨੂੰ ਉਤਸ਼ਾਹਿਤ ਕਰਨ ਵਿਚ ਮੱਦਦਗਾਰ ਦੇ ਤੌਰ ਤੇ ਇਕ ਬਹੁ-ਮੁੱਲੇ ਸਰੋਤ ਵਜੋਂ ਪੇਸ਼ ਕਰਦਾ ਹੈ। ਗੁਰਦਾਸ ਰਾਮ ਆਲਮ ਵੀ ਸਥਾਪਿਤ ਧਾਰਨਾ ਦੇ ਉਲਟ ਲੰਬੜਾਂ ਦੀ ਬਜਾਏ ਉਨ੍ਹਾਂ ਦੇ ਘਰੋਂ ਹੀ ਕਿਸੇ ਹਾਸ਼ੀਆਕ੍ਰਿਤ, ਬੇ-ਪਛਾਣ ਮੁੰਡੇ ਕੋਲੋਂ ਆਪਣੀ 'ਤਲੀ ਤੇ ਜਾਨ ਰੱਖ ਕੇ' ਗੌਰਵ ਹਾਸਲ ਕਰਨ ਦੀ ਗੱਲ ਕਰਦਾ ਹੈ। ਇਥੇ ਦਿਲ ਦਾ 'ਨਦੀਣ' ਅਤੇ ਆਲਮ ਦਾ ਬੇ-ਪਛਾਣ, ਹਾਸ਼ੀਆਕ੍ਰਿਤ 'ਮੁੰਡਾ' ਕੋਈ ਦੋ ਅਲੱਗ-ਅਲੱਗ ਲਘੂ -ਬਿਰਤਾਂਤ ਜਾਂ ਚਿਨ੍ਹ ਨਹੀਂ ਹਨ ਸਗੋਂ ਇਹ ਦੋਨੋਂ ਇਕੋ ਹੀ ਤਰ੍ਹਾਂ ਦੀ ਦਲਿਤ ਦਾਸਤਾਂ ਨੂੰ ਵੱਖ-ਵੱਖ ਅਲੰਕਾਰਾਂ ਵਿਚ ਪੇਸ਼ ਕਰਦੇ ਹੋਏ ਦਲਿਤ ਗੌਰਵ ਦੇ ਸਿਰਜਣ ਦੀ ਗੱਲ ਕਰਦੇ ਹਨ।

ਉਪਰੋਕਤ ਨਜ਼ਰੀਏ ਤੋਂ ਦੇਖਦੇ ਹੋਏ ਲਾਲ ਸਿੰਘ ਦਿਲ ਦੀ ਕਵਿਤਾ ਦੀ ਨੁਹਾਰ ਆਦਿ ਲਹਿਰ/ਅੰਬੇਡਕਰੀ ਅੰਦੋਲਨ ਤੋਂ ਪ੍ਰਭਾਵਿਤਾ ਦਲਿਤ ਕਵਿਤਾ ਦੇ ਨਾਲ ਸਿਰਫ਼ ਮੇਲ ਹੀ ਖਾਦੀ ਪ੍ਰਤੀਤ ਨਹੀਂ ਹੁੰਦੀ ਸਗੋਂ ਕਿਸੇ ਹੱਦ ਤੱਕ ਵਿਚਾਰਧਾਰਾ ਦੇ ਤੌਰ ਤੇ ਵੀ ਸਮਾਨਾਂਤਰ ਲਗਦੀ ਹੈ। ਇਸ ਤਰ੍ਹਾਂ ਦੀਆਂ ਹੋਰ ਵੀ ਕਈ ਉਦਾਹਰਣਾਂ ਲਈਆਂ ਜਾ ਸਕਦੀਆਂ ਹਨ ਜੋ ਨਕਸਲੀ ਕਵਿਤਾ ਅਤੇ ਆਦਿ ਲਹਿਰ/ਅੰਬੇਡਕਰੀ ਅੰਦੋਲਨ ਤੋਂ ਪ੍ਰਭਾਵਿਤਾ ਦਲਿਤ ਕਵਿਤਾ ਦੇ ਸਾਂਝੇ ਸਰੋਕਾਰਾਂ ਵੱਲ ਇਸ਼ਾਰਾ ਕਰਦੀਆਂ ਹਨ। ਇਸ ਲਈ ਇਹ ਕਹਿਣਾ ਕਿ "ਦਲਿਤ ਪਛਾਣ ਦਾ ਮੁੱਖ ਸਰੋਕਾਰ ਨਕਸਲੀ ਕਵਿਤਾ ਦੇ ਦਰਮਿਆਨ ਬਣਨਾ ਸ਼ੁਰੂ ਹੁੰਦਾ ਹੈ" ਅਸਲੀਅਤ ਤੇ ਪੂਰਾ-ਪੂਰਾ ਉਤਰਦਾ ਨਹੀਂ ਕਿਉਂਕਿ ਜਿਸ ਤਰ੍ਹਾਂ ਨਾਲ ਨਕਸਲੀ ਕਵਿਤਾ ਵਿਚ ਦਲਿਤ ਪਛਾਣ ਦੀ ਦਿੱਖ ਬਣਨੀ ਸ਼ੁਰੂ ਹੁੰਦੀ ਹੈ ਉਸ ਦੀ ਝਲਕ ਤਾਂ ਆਦਿ ਲਹਿਰਾਂ ਵਿਚਲੀ ਕਵਿਤਾ ਵਿਚ ਤਾਂ ਤਕਰੀਬਨ-ਤਕਰੀਬਨ ਚਾਰ ਦਹਾਕੇ ਪਹਿਲਾਂ ਦੀ ਸਾਹਮਣੇ ਆਉਣੀ ਸ਼ੁਰੂ ਹੋ ਗਈ ਸੀ ਜਿਸ ਦੀ ਗੱਲ ਡਾ. ਸਰਬਜੀਤ ਸਿੰਘ ਖੁਦ ਵੀ ਕਰਦੇ ਹਨ। ਇਹ ਗੱਲ ਵੱਖਰੀ ਹੈ ਕਿ ਆਦਿ ਲਹਿਰ/ਅੰਬੇਡਕਰੀ ਦਲਿਤ ਕਵਿਤਾ ਨੂੰ ਮੁੱਖ ਧਾਰਾ ਪੰਜਾਬੀ ਕਵਿਤਾ ਵਿਚ ਕੋਈ ਸਥਾਨ ਪ੍ਰਾਪਤ ਨਹੀਂ ਹੋ ਸਕਿਆ ਅਤੇ ਨਾ ਹੀ ਇਸ ਬਾਰੇ ਆਲੋਚਨਾਤਮਕ ਨਜ਼ਰੀਏ ਤੋਂ ਕੋਈ ਪੁਣ-ਛਾਣ ਕੀਤੀ ਗਈ ਹੈ ਜਿਸ ਦੀ ਦਲਿਤ ਕਵਿਤਾ ਦੇ ਦਲਿਤ ਪਛਾਣ ਸੰਬੰਧੀ ਰੋਲ ਨੂੰ ਸਮਝਣ ਵਾਸਤੇ ਬਹੁਤ ਜ਼ਰੂਰਤ ਹੈ।

ਸਮਕਾਲੀ ਪੰਜਾਬੀ ਦਲਿਤ ਕਵਿਤਾ ਵਿਚ ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ ਨਾਲ ਸੰਬੰਧਤ ਕਵਿਤਾ ਖੂਬ ਲਿਖੀ ਜਾ ਰਹੀ ਹੈ। ਬਹੁਤ ਸਾਰੇ ਦਲਿਤ ਕਵੀ ਦਲਿਤ ਚੇਤਨਾ ਤਹਿਤ ਪ੍ਰਤਿਬੱਧ ਹੋ ਕੇ ਕਾਵਿ-ਰਚਨਾ ਕਰ ਰਹੇ ਹਨ। ਇਨ੍ਹਾਂ ਵਿਚ ਪ੍ਰਮੁੱਖ ਹਨ- ਗੁਰਮੀਤ ਕੱਲਰਮਾਜਰੀ, ਮਦਨਵੀਰਾ, ਬਲਵੀਰ ਮਾਧੋਪੁਰੀ, ਮੋਹਨ ਤਿਆਗੀ, ਸੰਤੋਖ ਸੁੱਖੀ ਅਤੇ ਜੈ ਪਾਲ। ਇਨ੍ਹਾਂ ਤੋਂ ਇਲਾਵਾ ਬੂਟਾ ਸਿੰਘ ਅਸ਼ਾਂਤ, ਸਿਰੀ ਰਾਮ ਅਰਸ਼, ਹਾਕਮ ਸਿੰਘ ਨੂਰ, ਗੁਰਨਾਮ ਸਿੰਘ ਮੁਕਤਸਰ, ਅਵਤਾਰਜੀਤ, ਬੀ. ਐੱਸ. ਰਤਨ, ਮੋਹਨ ਮਤਿਆਵਲੀ, ਬਲਵਿੰਦਰ ਸੰਧੂ, ਅਵਤਾਰ ਕਮਾਲ, ਗਗਨ ਥਾਪਾ, ਰਾਮਪਾਲ ਸ਼ਾਹਪੁਰੀ, ਸੰਧੂ ਵਰਿਆਣਵੀ, ਮੀਤ ਖੱਟੜਾ, ਮਲਕੀਤ ਜੌੜਾ, ਨਵਤੇਜ ਗੜ੍ਹਦੀਵਾਲਾ, ਹਰਵਿੰਦਰ ਕੌਰ, ਗੁਰਿੰਦਰ ਆਜ਼ਾਦ, ਆਜ਼ਾਦ ਜਲੰਧਰੀ ਸੋਹਣ ਸਹਿਜਲ, ਸਤਪਾਲ ਸਾਹਲੋਂ, ਅਜੀਤ ਚੰਦ 'ਨਿਮਤਾ', ਮਨਜੀਤ ਕਾਦਰ, ਜਗਰੂਪ ਸਿੰਘ ਰੂਪ, ਅੰਮ੍ਰਿਤ ਦੀਵਾਨਾ, ਹਰਨੇਕ ਕਲੇਰ, ਸੁਲੱਖਣ ਮੀਤ, ਨਵਤੇਜ ਭਾਰਤੀ, ਡਾ. ਮਨਮੋਹਨ, ਦਵਾਰਕਾ ਭਾਰਤੀ, ਹਰਿੰਦਰਪਾਲ ਸਿੰਘ, ਕੇਵਲ ਸਿੰਘ ਪਰਵਾਨਾ, ਹਰਬੰਸ ਲਾਲ ਬੱਧਣ, ਕਮਲ ਦੇਵ ਪਾਲ, ਸਾਧੂ ਸਿੰਘ ਸ਼ੁਦਰਕ, ਸ਼ਿਵਨਾਤ, ਜਰਨੈਲ ਪ੍ਰਭਾਕਰ, ਜਸਵਿੰਦਰ ਜਇਨੌਰ ਆਦਿ ਬਹੁਤ ਅਜਿਹੇ ਕਵੀ ਹਨ ਜਿਨ੍ਹਾਂ ਦੀਆਂ ਕੁਝ ਕਵਿਤਾਵਾਂ ਵਿਚੋਂ ਵੀ ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ ਦੀ ਕਨਸੋਅ ਪੈਂਦੀ ਹੈ।

ਸਮਕਾਲੀ ਪੰਜਾਬੀ ਕਵਿਤਾ ਪ੍ਰਗਤੀਵਾਦੀ ਮਾਨਵਵਾਦੀ ਆਦਰਸ਼ਵਾਦੀ ਕਾਵਿਕ ਪਰੰਪਰਾ ਦੇ ਉਲਟ ਜਾਤ ਆਧਾਰਤ ਰਵੱਈਏ ਨੂੰ ਅਪਣਾ ਕੇ ਬ੍ਰਾਹਮਣਵਾਦੀ ਜਾਤੀਗਤ ਦਰਜਾਬੰਦੀ ਦੇ ਵਿਧਾਨ ਤੋਂ ਸਤਾਏ ਦਲਿਤ ਵਰਗ ਦੀ ਵੱਖਰੀ ਪਛਾਣ ਅਤੇ ਮੁਕਤੀ ਦੀ ਗੱਲ ਕਰਦੀ ਹੈ। ਸਮਕਾਲੀ ਦਲਿਤ ਚਿੰਤਕਾਂ ਦਾ ਇਹ ਮੰਨਣਾ ਹੈ ਕਿ ਭਾਵੇਂ ਪ੍ਰਗਤੀਵਾਦੀ-ਮਾਨਵਵਾਦੀ ਭਾਰਤੀ ਪਰੰਪਰਾ ਵਿਚ ਦਲਿਤ ਮੁਕਤੀ ਦੇ ਹਾਅ ਦਾ ਨਾਅਰਾ ਤਾਂ ਮਾਰਿਆ ਮਿਲਦਾ ਹੈ ਪਰ ਇਸ ਦੇ ਅੰਤਰਗਤ ਕਿਸੇ ਵੀ ਤਰ੍ਹਾਂ ਦੀ ਠੋਸ ਇਨਕਲਾਬੀ ਮੁਕਤੀ ਦੇ ਸੰਘਰਸ਼ ਦੀ ਅਣਹੋਂਦ ਰਹੀ ਹੈ। ਇਹ ਪਰੰਪਰਾ ਉਨ੍ਹਾਂ ਜ਼ਿਆਦਾਤਰ ਦਲਿਤ ਮਨੁੱਖ ਦੀ ਦਸ਼ਾ ਦੇ ਚਿਤਰਨ ਤਕ ਹੀ ਸੀਮਤ ਹੋ ਕੇ ਰਹਿ ਜਾਂਦੀ ਹੈ। ਕੁਝ ਕੁ ਚਿੰਤਕਾਂ ਦਾ ਇਹ ਵੀ ਮੰਨਣਾ ਹੈ ਕਿ ਮਾਨਵਵਾਦੀ-ਪ੍ਰਗਤੀਵਾਦੀ-ਆਦਰਸ਼ਵਾਦੀ "ਵਿਚਲੀ ਦਲਿਤ ਮੁਕਤੀ ਜਾਂ ਇਨਕਲਾਬ ਦੀ ਗੱਲ ਬ੍ਰਾਹਮਵਾਦੀ ਧਾਰਮਿਕ ਕੂਟਨੀਤਕ ਫ਼ਲਸਫ਼ਿਆਂ ਦੀ ਭੇਟ ਚੜ੍ਹ ਕੇ ਅੰਦੋਲਨ ਨਹੀਂ ਬਣ ਸਕੀ"। ਅਜਿਹੇ ਚਿੰਤਕ ਆਪਣੀ ਗੱਲ ਅਗਾਂਹ ਤੋਰਦੇ ਹੋਏ ਇਹ ਤਰਕ ਦਿੰਦੇ ਹਨ ਕਿ ਦਲਿਤ ਮੁਕਤੀ ਦੀ ਗੱਲ ਕਰਨ ਵਾਲੀ ਪਰੰਪਰਾ ਬ੍ਰਾਹਮਣਵਾਦੀ ਛੜਯੰਤਰਾਂ ਦਾ ਸ਼ਿਕਾਰ ਹੋਣ ਕਰਕੇ ਦਲਿਤ ਕਵਿਤਾ ਦੇ ਰੋਸ ਅਤੇ ਵਿਰੋਧ ਦਾ ਕਾਰਨ ਵੀ ਬਣਦੀ ਹੈ।

ਦਲਿਤ ਪਛਾਣ, ਮੁਕਤੀ ਅਤੇ ਸ਼ਕਤੀਕਰਨ ਦਾ ਸਵਾਲ ਰੋਸ ਅਤੇ ਵਿਰੋਧ ਤੋਂ ਉਪਰ ਉੱਠ ਕੇ ਪ੍ਰਗਤੀਵਾਦੀ ਪਰੰ-ਪਰਾ ਦੇ ਨਾਲ-ਨਾਲ ਉਨ੍ਹਾਂ ਸਭ ਯਤਨਾਂ ਦੀ ਆਲੋਚਨਾਤਮਕ ਵਿਸ਼ਲੇਸ਼ਣ ਦੀ ਮੰਗ ਕਰਦਾ ਹੈ ਜਿਸ ਤੋਂ ਇਹ ਪਤਾ ਲਗਾਇਆ ਜਾ ਸਕੇ ਕਿ ਉਹ ਕਿਹੜੇ-ਕਿਹੜੇ ਕਾਰਨ ਹਨ ਜਿਨ੍ਹਾਂ ਕਰਕੇ ਭਾਰਤ ਵਿਚ ਵੱਖ-ਵੱਖ ਸਮਿਆਂ ਦੌਰਾਨ ਜਾਤਪਾਤੀ ਕੋਹੜ ਦੇ ਵਿਰੁੱਧ ਉੱਠੀਆਂ ਆਵਾਜ਼ਾਂ, ਲਹਿਰਾਂ, ਦਰਸ਼ਨ/ਫ਼ਲਸਫ਼ੇ ਅਤੇ ਜੱਥੇਬੰਦੀਆਂ ਦਲਿਤ ਮੁਕਤੀ ਦੇ ਆਦਰਸ਼ ਨੂੰ ਅਮਲੀ ਜਾਮਾ ਪਹਿਨਾਉਣ 'ਚ ਅਸਫਲ ਰਹੀਆਂ। ਉਹ ਕਿਹੜੇ-ਕਿਹੜੇ ਕਾਰਨ ਸਨ/ਹਨ ਜਿਨ੍ਹਾਂ ਕਰਕੇ ਤਥਾਗਤ ਬੁੱਧ ਤੋਂ ਲੈ ਕੇ ਸਮਕਾਲੀ ਦਲਿਤ ਮੁਕਤੀ ਨੂੰ ਸਮਰਪਿਤ ਵਿਚਾਰਧਾਰਾਵਾਂ ਅਤੇ ਜੱਥੇਬੰਦਕ ਗਤੀਵਿਧੀਆਂ (ਸਮੇਤ ਰਾਜਨੀਤਕ ਯਤਨਾਂ) ਦੇ ਬਾਵਜੂਦ ਭਾਰਤ ਵਿਚ ਜਾਤਪਾਤੀ ਵਿਵਸਥਾ ਆਪਣੀ ਹੋਂਦ ਜਮਾਈ ਬੈਠੀ ਹੈ। ਕੀ ਬ੍ਰਾਹਮਣਵਾਦੀ ਵਿਚਾਰਧਾਰਾ ਵਾਕਿਆ ਹੀ ਇੰਨੀ ਸ਼ਕਤੀਸ਼ਾਲੀ ਹੈ ਕਿ ਜਿਹੜੀ ਦਲਿਤ ਮੁਕਤੀ ਨਾਲ ਸੰਬੰਧਤ ਫ਼ਲਸਫ਼ਿਆਂ ਨੂੰ ਸੁੱਤੇਸਿਧ ਆਪਣੇ ਵਿਚ ਆਤਮਸਾਤ ਕਰਦੀ ਚਲੀ ਆ ਰਹੀ ਹੈ? ਅਗਰ ਅਜਿਹਾ ਵਿਚਾਰ ਦਰੁੱਸਤ ਹੈ ਤਾਂ ਕੀ ਇਹ ਕਿਹਾ ਜਾ ਸਕਦਾ ਹੈ ਕਿ ਤਮਾਮ ਦਲਿਤ ਮੁਕਤੀ ਦੀ ਅਗਵਾਈ ਕਰਨ ਵਾਲੇ ਦਰਸ਼ਨ ਅਜਿਹੇ ਸਾਧਨ ਅਪਣਾਉਣ ਤੋਂ ਅਸਮਰੱਥ ਰਹੇ ਜਿਨ੍ਹਾਂ ਨੇ ਬ੍ਰਾਹਮਣਵਾਦੀ ਵਿਧਾਨ ਦੇ ਨਾਲ ਸਿੱਧੀ ਟੱਕਰ ਲੈਂਦੇ ਹੋਏ ਸਮਾਨਤਾ, ਸੁਤੰਤਰਤਾ ਅਤੇ ਭਰਾਤਰੀ ਭਾਵਨਾ ਵਾਲਾ ਸਮਾਜ ਸਿਰਜਣਾ ਸੀ? ਦੂਸਰੇ ਸ਼ਬਦਾਂ ਵਿਚ, ਕੀ ਦਲਿਤ ਮੁਕਤੀ/ਇਨਕਲਾਬ ਵਿਚਾਰ ਦੇ ਪੱਧਰ ਤੇ ਹੀ ਆਵਾਜ਼ ਬੁਲੰਦ ਕਰਦਾ ਰਿਹਾ ਜਾਂ ਫਿਰ ਇਸ ਨੇ ਕੋਈ ਵਿਧੀਬੱਧ ਜੱਥੇਬੰਦਕ ਸਾਕਾਰਤਮਕ ਯਤਨ ਵੀ ਕੀਤੇ? ਤਥਾਗਤ ਬੁੱਧ ਅਤੇ ਮੱਧਕਾਲੀ ਉੱਤਰੀ ਭਾਰਤੀ ਭਗਤੀ ਲਹਿਰ ਦੇ ਸੰਤ ਕਵੀਆਂ ਦੀ ਦਲਿਤ ਮੁਕਤੀ ਪ੍ਰਤੀ ਪਹੁੰਚ, ਜਿਸ ਤਰ੍ਹਾਂ ਕਿ ਆਮ ਧਾਰਨਾ ਹੈ, ਵਿਚਾਰ ਅਤੇ ਸ਼ਬਦ ਤੱਕ ਹੀ ਸੀਮਤ ਸੀ। ਭਾਵੇਂ ਟਾਵੇਂ-ਟਾਵੇਂ ਸੰਤ ਕਵੀਆਂ ਨੇ ਆਪਣੇ ਪੱਧਰ ਤੇ ਬ੍ਰਾਹਮਣਵਾਦੀ ਵਿਧਾਨ ਦੇ ਵਿਰੁੱਧ ਸਮਾਜਿਕ ਵਿਦਰੋਹ ਦਾ ਵੀ ਪ੍ਰਗਟਾਵਾ ਕੀਤਾ ਪਰੰਤੂ ਅਜਿਹਾ ਸਮਾਜਿਕ ਵਿਦਰੋਹ ਵਿਅਕਤੀਗਤ ਤੌਰ ਤੇ ਹੀ ਪ੍ਰਗਟਾਵਾ ਕਰਦਾ ਰਿਹਾ। ਇਸ ਦੀ ਇਕ ਸੰਜੀਦਾ ਉਦਾਹਰਣ ਗੁਰੂ ਰਵਿਦਾਸ ਵੱਲੋਂ ਬ੍ਰਾਹਮਣੀ ਭੇਸ ਅਤੇ ਰੂਪ ਨੂੰ ਧਾਰਨ ਕਰਕੇ ਆਪਣੇ ਜੱਦੀ ਪੁਰਖੇ ਜੁੱਤੀਆਂ ਗੰਢਣ ਦੇ ਕੰਮ ਨੂੰ ਅਪਣਾਈ ਰੱਖਣਾ ਹੈ। ਉਨ੍ਹਾਂ ਨੇ ਅਜਿਹਾ ਇਸ ਲਈ ਕੀਤਾ ਕਿ ਤਿਲਕ, ਜਨੇਊ ਅਤੇ ਧੋਤੀ ਦੇ ਉਤੇ ਸਿਰਫ਼ ਬ੍ਰਾਹਮਣ ਦਾ ਹੀ ਅਧਿਕਾਰ ਨਹੀਂ। ਉਹ ਇਨ੍ਹਾਂ ਭੇਖੀ ਚਿੰਨ੍ਹਾਂ ਨੂੰ ਇਸ ਕਰਕੇ ਨਹੀਂ ਅਪਣਾ ਰਹੇ ਸਨ ਕਿ ਬ੍ਰਾਹਮਣ ਉਨ੍ਹਾਂ ਨੂੰ ਇਨ੍ਹਾਂ ਚਿੰਨ੍ਹਾਂ ਕਰਕੇ ਮਾਣ/ਗੌਰਵ ਬਖ਼ਸ਼ਣਗੇ। ਉਨ੍ਹਾਂ ਦਾ ਇਨ੍ਹਾਂ ਚਿੰਨ੍ਹਾਂ ਨੂੰ ਅਪਣਾਉਣ ਦਾ ਮਤਲਬ ਇਹ ਸੀ ਕਿ ਜਿਸ ਅਖੌਤੀ ਨੀਵੀਂ ਜਾਤ ਨੂੰ ਬ੍ਰਾਹਮਣਵਾਦੀ ਵਿਚਾਰਧਾਰਾ ਤਹਿਤ ਅਛੂਤ ਬਣਾ ਕੇ ਛੇਕਿਆ ਹੋਇਆ ਹੈ ਅਤੇ ਜਿਸ ਨੂੰ ਉਸ ਦੇ ਅਖੌਤੀ ਗੰਦੇ ਕੰਮਕਾਰਾ ਕਰਕੇ ਦੂਰ ਰੱਖਿਆ ਜਾਂਦਾ ਹੈ ਉਸ ਸਭ ਕਾਸੇ ਦੇ ਵਿਰੁੱਧ ਉਹ ਆਪਣੇ ਕੰਮ ਨੂੰ ਇਕ ਸੱਚੀ ਅਤੇ ਸੁੱਚੀ ਕਿਰਤ ਮੰਨ ਕੇ ਤਾਂ ਕਰਦੇ ਹੀ ਰਹਿਣਗੇ ਪਰ ਇਸ ਦੇ ਨਾਲ ਉਹ ਪਹਿਰਾਵਾ ਬ੍ਰਾਹਮਣਾਂ ਵਾਲਾ ਪਹਿਨ ਕੇ ਉਨ੍ਹਾਂ ਨੂੰ ਵੰਗਾਰਨਗੇ ਵੀ ਕਿ ਤੁਸੀਂ ਇਕੱਲੇ ਹੀ ਇਸ ਪਹਿਰਾਵੇ ਕਰਕੇ ਮਹਾਨ ਨਹੀਂ ਹੋ। ਮਹਾਨ ਤਾਂ ਅਖੌਤੀ ਅਛੂਤ ਹੈ ਜੋ ਕਿਰਤ ਕਰਦਾ ਹੈ। ਹੁਣ ਇਹ ਅਖੌਤੀ ਅਛੂਤ ਤੁਹਾਨੂੰ ਵਿਪਰਾਂ ਨੂੰ ਵੰਗਾਰਦਾ ਹੈ ਤੁਹਾਡਾ ਹੀ ਪਹਿਰਾਵਾ ਪਹਿਨ ਕੇ।

ਦਲਿਤ ਮੁਕਤੀ/ਇਨਕਲਾਬ ਦੀ ਗੱਲ ਮੱਧਕਾਲੀ ਉਤਰੀ ਭਾਰਤੀ ਭਗਤੀ ਲਹਿਰ ਦੇ ਵਿਅਕਤੀਗਤ ਪੱਧਰ ਤੋਂ ਪਸਰ ਕੇ ਪੰਜਾਬ ਦੀ ਆਦਿ ਧਰਮ ਲਹਿਰ ਦੌਰਾਨ ਜਨ-ਸਮੂਹਿਕ ਤੌਰ ਤੇ ਪਹਿਲੀ ਵਾਰ ਵਿਧੀਪੂਰਵਕ ਜੱਥੇਬੰਦਕ ਰੂਪ ਵਿੱਚ ਆਪਣੀ ਵੱਖਰੀ ਹੋਂਦ ਹੋਣ ਦੀ ਗਵਾਹੀ ਭਰਦੀ ਹੈ। ਆਦਿ ਧਰਮ ਲਹਿਰ ਦਾ ਸਮਾਂ 1925 ਤੋਂ ਸ਼ੁਰੂ ਹੋ ਕੇ ਭਾਰਤ ਨੂੰ ਆਜ਼ਾਦੀ ਮਿਲਣ ਤੱਕ (1947) ਆਪਣੇ ਪੂਰਨ ਜੋਬਨ 'ਚ ਵਿਚਰਦਾ ਹੈ। ਆਲੋਚਨਾਤਮਕ ਦ੍ਰਿਸ਼ਟੀ ਤੋਂ ਦੇਖਦਿਆਂ ਇਹ ਸਾਫ਼-ਸਾਫ਼ ਨਜ਼ਰ ਪੈਂਦਾ ਹੈ ਕਿ ਜਿਸ ਦਲਿਤ ਮੁਕਤੀ ਦੇ ਸਵਾਲ ਦੀ ਗੱਲ ਆਦਿ ਧਰਮ ਲਹਿਰ ਦੌਰਾਨ ਹੁੰਦੀ ਹੈ ਉਹ ਇਕ ਤਰ੍ਹਾਂ ਨਾਲ ਭਾਰਤੀ ਸਮਾਜ ਦੇ ਧਾਰਮਿਕ ਪੈਰਾਡਾਇਮ ਦੀ ਜੂਹ ਵਿੱਚ ਹੀ ਵਲੀਨ (ਜਕੜੀ) ਰਹਿੰਦੀ ਹੈ। ਇਸ ਲਹਿਰ ਦਾ ਪਰਚੰਡ ਰੂਪ ਧਾਰਮਿਕ ਵਿਦਰੋਹ ਦੇ ਸਵੱਰ ਵਿਚ ਸਾਹਮਣੇ ਆਉਂਦਾ ਹੈ ਅਤੇ ਜਿਹੜਾ ਪੈਂਤੜਾ ਇਹ ਲਹਿਰ ਧਾਰਮਿਕ ਵਿਦਰੋਹ ਨੂੰ ਉਠਾਉਣ ਲਈ ਵਰਤੋਂ ਵਿਚ ਲਿਆਉਂਦੀ ਹੈ ਉਸ ਦਾ ਸੰਬੰਧ ਆਰੀਆਂ ਦੇ ਆਉਣ ਤੋਂ ਪਹਿਲਾਂ ਦੇ ਭਾਰਤ ਵਰਸ਼ ਨਾਲ ਜਾ ਜੁੜਦਾ ਹੈ।

ਆਰੀਆ ਤੋਂ ਪਹਿਲਾਂ ਦੇ ਭਾਰਤ ਦੇ ਰਾਜੇ-ਰਾਣੀਆਂ, ਲੋਕ, ਸਭਿਆਚਾਰ ਆਦਿ ਅੱਜ ਦੇ ਦਲਿਤ ਸਮਾਜ ਦੇ ਪੁਰਖੇ ਅਤੇ ਸਭਿਆਚਾਰ ਹੋ ਨਿਬੜਦੇ ਹਨ। ਭਾਵੇਂ ਦਲਿਤ ਮੁਕਤੀ ਦੇ ਸਵਾਲ ਦੀ ਸੰਪੂਰਨ ਪ੍ਰਾਪਤੀ ਦਾ ਹੱਲ ਆਦਿ ਧਰਮ ਲਹਿਰ ਦੇ ਸਮੇਂ ਦੌਰਾਨ ਪ੍ਰਾਪਤ ਨਹੀਂ ਹੋ ਸਕਿਆ ਪਰੰਤੂ ਜੋ ਦਲਿਤ ਚੇਤਨਾ ਪੱਧਰ ਤੇ ਅਹਿਮ ਪ੍ਰਾਪਤੀ ਇਸ ਲਹਿਰ ਸਦਕਾ ਮੰਨੀ ਜਾ ਸਕਦੀ ਹੈ ਉਹ ਹੈ 'ਦਲਿਤ ਪੁਰਖਿਆ' ਦੇ ਸੰਕਲਪ ਦਾ ਆਗਮਨ।

ਸਮਕਾਲੀ ਪੰਜਾਬੀ ਦਲਿਤ ਕਵਿਤਾ ਵਿਚ ਦਲਿਤ ਪੁਰਖਿਆਂ ਦੀ ਜੋ ਚਰਚਾ ਹੋ ਰਹੀ ਹੈ ਉਹ ਚੇਤਨ ਤੇ ਅਵਚੇਤਨ ਦੇ ਪੱਧਰ ਤੇ ਕਿਸੇ ਨਾ ਕਿਸੇ ਪੱਖ ਤੋਂ ਆਦਿ ਧਰਮ ਲਹਿਰ ਦੀ ਪੁਰਖਿਆਂ ਸੰਬੰਧੀ ਧਾਰਨਾ ਨਾਲ ਮੇਲ ਖਾਂਦੀ ਹੈ। ਇਥੇ ਭਾਵੇਂ ਇਹ ਦਰਸਾਉਣਾ ਪ੍ਰਸੰਗਕ ਨਹੀਂ ਹੋਵੇਗਾ ਪਰੰਤੂ ਹੱਥਲੇ ਨੁਕਤੇ ਨੂੰ ਉਭਾਰਨ ਤਹਿਤ ਇਹ ਦੱਸਣਾ ਜ਼ਰੂਰੀ ਬਣਦਾ ਹੈ ਕਿ ਆਦਿ ਧਰਮ ਲਹਿਰ ਦੇ ਪੁਰਖਿਆਂ ਵਾਲੇ ਬਿਰਤਾਂਤ ਦੀ ਚਰਚਾ ਪੰਜਾਬੀ ਦਲਿਤ ਕਹਾਣੀ ਵਿਚ ਵੀ ਭਗਵੰਤ ਰਸੂਲਪੁਰੀ ਦੀ ਬਹੁਚਰਚਿਤ ਕਹਾਣੀਆਂ 'ਜੜ੍ਹਾਂ' ਵਿਚ ਹੋਈ ਮਿਲਦੀ ਹੈ। ਸਮਕਾਲੀ ਪੰਜਾਬੀ ਦਲਿਤ ਕਵਿਤਾ ਵਿਚ 'ਪੁਰਖਿਆਂ' ਨਾਲ ਸੰਬੰਧਤ ਵੱਖ-ਵੱਖ ਕਵਿਤਾਵਾਂ ਵਿੱਚੋਂ ਪੇਸ਼ ਹਨ ਕੁਝ ਸਤਰਾਂ-

ਕਿਸੇ ਤਰ੍ਹਾਂ ਵੀ ਨਹੀਂ
ਭੁੱਲ ਸਕਾਂਗਾ ਮੈਂ
ਕਬਾਇਲੀ ਜਸ਼ਨ ਦੀ ਉਹ ਖੂੰਖਾਰ ਰਾਤ
ਆਪਣੇ ਹੀ ਆਲ੍ਹਣਿਆਂ 'ਚੋਂ
ਮੇਰੇ ਪੁਰਖਿਆਂ ਨੂੰ, ਜਲਾਵਤਨ ਹੋਣ ਦਾ
ਕਰ ਦਿੱਤਾ ਗਿਆ ਸੀ ਫਰਮਾਨ
ਹਰ ਰਾਤ ਨੇ
ਕੀਤਾ ਹੈ
ਮੇਰੇ ਪੁਰਖਿਆਂ ਨੂੰ ਨਿਰਵਸਤਰ।
ਗਿਰਝਾਂ ਜਿਵੇਂ ਚੂੰਢਦੀਆਂ ਹਨ
ਮੋਏ ਡੰਗਰਾਂ ਨੂੰ
ਹਰ ਦਿਨ ਨੇ ਨੋਚਿਆ ਹੈ
ਮੇਰੇ ਪੁਰਖਿਆਂ ਦਾ ਮਾਸ।
ਤੁਸੀਂ ਹੈਰਾਨ ਨਾ ਹੋਵੋ
ਦਰਅਸਲ ਮੈਂ
ਮੇਰੇ ਪੁਰਖਿਆਂ ਦੀਆਂ ਕਬਰਾਂ
ਫਰੋਲ ਰਿਹਾ ਹਾਂ।

ਤਾਂ ਕਿ ਵੇਖ ਸਕਾਂ
ਉਨ੍ਹਾਂ ਦਾ ਸਦੀਆਂ ਦੀ ਗ਼ੁਲਾਮੀ 'ਚ
ਜਰਜਰ ਹੋਇਆ ਅਛੂਤ
ਮਿੱਟੀ 'ਚ ਲੱਥਪਥ ਚਿਹਰਾ
ਕੁਝ ਨਾ ਕੁਝ ਤਾਂ ਜ਼ਰੂਰ ਛੱਡ ਕੇ
ਗਏ ਹੋਣਗੇ, ਮੇਰੇ ਲਈ।
ਮੇਰੇ ਪੁਰਖੇ
ਖੋਜ ਕਰ ਰਿਹਾ ਹਾਂ
ਅੱਜ ਕੱਲ੍ਹ ਮੈਂ।

ਉਪਰੋਕਤ ਕਾਵਿ ਸਤਰਾਂ ਵਿੱਚ ਕੱਲਰਮਾਜਰੀ ਆਪਣੇ ਪੁਰਖਿਆਂ ਨਾਲ ਹੋਏ ਜ਼ਾਲਮਾਨਾ ਅਤਿਆਚਾਰਾਂ ਦੀ ਗੱਲ ਕਰਦਿਆਂ ਉਨ੍ਹਾਂ ਵੱਲੋਂ ਵਿਰਸੇ 'ਚ ਛੱਡੀ ਗਈ ਆਦਿਵਾਸੀ/ਮੂਲਨਿਵਾਸੀ ਪਛਾਣ ਦੀ ਭਾਲ ਕਰਦਾ ਹੈ। ਪੁਰਖਿਆਂ ਦੇ ਰਾਹ ਚਲਦਿਆਂ, ਰਸਤਿਆਂ ਵਿਚ ਬੜਾ ਕੁਝ ਆਵੇਗਾ

**(ਲੜੀਵਾਰ ਚਲਦਾ ਲੇਖ)**

# ਸਾਹਿਤਕ ਪੈੜਾਂ

## ਸਾਰੇ ਵਿਸ਼ਵ ਨੂੰ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦੇ ਮੁਕੱਦਸ ਜਨਮ ਦਿਨ ਦੀਆਂ ਬਹੁਤ ਬਹੁਤ ਮੁਬਾਰਕਾਂ ਹੋਣ।

– ਆਜ਼ਾਦ ਜਾਲੰਧਰੀ

1883 Orlando Drive
San Jose, CA 95122



### ਦਲਿਤਾਂ ਦਾ ਮਸੀਹਾ

ਦਲਿਤਾਂ ਦੇ ਐ ਮਸੀਹਾ ਮੇਰਾ ਸਲਾਮ ਤੈਨੂੰ
ਕਰਦੇ ਨੇ ਯਾਦ ਲੋਕੀ ਸੁਬਹਾ ਤੇ ਸ਼ਾਮ ਤੈਨੂੰ।

ਖੁਸ਼ੀਆਂ ਦਾ ਹੈ ਦਿਹਾੜਾ ਮੌਸਮ ਦਾ ਹੈ ਤਕਾਜ਼ਾ
ਕਰਦੇ ਨੇ ਪੇਸ਼ ਖ਼ਾਦਿਮ ਸ਼ਰਧਾ ਦੇ ਜਾਮ ਤੈਨੂੰ।

ਸੰਸਾਰ ਵਿਚ ਕਿਸੇ ਨੂੰ ਸ਼ਾਇਦ ਨਸੀਬ ਹੋਵੇ
ਮਿਲਿਆ ਮੁਦੱਬਰਾਂ ਵਿਚ ਜਿਹੜਾ ਮੁਕਾਮ ਤੈਨੂੰ।

ਤਕਰੀਰ ਦਾ ਧਨੀ ਤੂੰ ਤਹਿਰੀਰ ਦਾ ਸ਼ਹਿਨਸ਼ਾਹ
ਦੱਸ ਕੀ ਸੁਣਾਏ ਸ਼ਾਇਰ ਅਪਣਾ ਕਲਾਮ ਤੈਨੂੰ।

ਦਲਿਤਾਂ ਦੇ ਹੱਕ ਦੀ ਖ਼ਾਤਿਰ ਲੜਦਾ ਰਿਹਾ ਹਮੇਸ਼ਾ
ਮਿਲਿਆ ਨਾ ਜ਼ਿੰਦਗੀ ਵਿਚ ਪਲ ਭਰ ਆਰਾਮ ਤੈਨੂੰ।

ਸਭ ਕੌਮ ਜਾਗ ਉਠੀ ਸੁਣਕੇ ਆਵਾਜ਼ ਤੇਰੀ
ਦਿੰਦੇ ਨੇ ਅੱਜ ਵਧਾਈਆਂ ਤੇਰੇ ਗੁਲਾਮ ਤੈਨੂੰ।

'ਆਜ਼ਾਦ' ਅੱਜ ਸਮੇਂ ਦੇ ਆਸਾਰ ਕਹਿ ਰਹੇ ਨੇ
ਪੂਜਣਗੇ ਰੱਬ ਸਮਝਕੇ ਲੋਕੀ ਤਮਾਮ ਤੈਨੂੰ।।

### ਕਵਿਤਾ

14 ਅਪ੍ਰੈਲ ਸੰਨ ਅਠਾਰਾਂ ਸੌ ਅਕੱਨਵੇ ਨੂੰ
ਭੀਮ ਰਾਓ ਆਇਆ ਹੈਸੀ ਰਿਸ਼ਮਾਂ ਖਿਲਾਰਦਾ।

ਭੀਮਾ ਬਾਈ ਮਾਈ ਜੀ ਦੇ ਵਿਹੜੇ ਵਿਚ ਰੌਣਕਾਂ ਨੇ
ਉੱਚਾ ਕੀਤਾ ਨਾਮ ਪਿਤਾ ਰਾਮਜੀ ਮਹਾਰ ਦਾ।

ਸੋਹਣਾ ਜਿਹਾ ਮੁੱਖ ਦੁੱਖ ਦੂਰ ਹੋ ਗਏ ਵਿਹੰਦਿਆਂ ਹੀ
ਦਲਤਾਂ ਦੇ ਘਰ ਆਇਆ ਰੂਪ ਕਰਤਾਰ ਦਾ।

ਮਹੂ ਦੀਆਂ ਗਲੀਆਂ ਦੇ ਕੱਖ ਵੀ ਸੀ ਨੱਚ ਉਠੇ
ਚੌਹੀਂ ਪਾਸੀਂ ਹੜ੍ਹ ਆਇਆ ਪ੍ਰੇਮ ਤੇ ਪਿਆਰ ਦਾ।

ਕਿਸੇ ਨੂੰ ਕੀ ਪਤਾ ਸੀ ਇਹ ਲਾਲ ਭੀਮਾ ਬਾਈ ਮਾਂ ਦਾ
ਸਦੀਆਂ ਦੀ ਸੁੱਤੀ ਹੋਈ ਕੌਮ ਨੂੰ ਜਗਾਊਗਾ।

ਦਊਗਾ ਦਿਲਾਸੇ ਹਾਸੇ ਵੰਡੂਗਾ ਇਹ ਦਲਤਾਂ ਨੂੰ
ਦੇਸ਼ ਦਾ ਕਾਨੂੰਨ ਹੱਥੀਂ ਅਪਣੀ ਬਣਾਊਗਾ।।

### ਗ਼ਜ਼ਲ

ਤੈਂ ਖੂਹ ਐਸੇ ਬਾਵਾ ਜੀ ਹਿੰਮਤਾਂ ਦੇ ਗੇੜੇ
ਫਸਲ ਆਸ ਦੀ ਜੰਮ ਪਈ ਦਲਿਤਾਂ ਦੇ ਵਿਹੜੇ।

ਰਗਾਂ ਵਿਚ ਲਹੂ ਸਰਦ ਗਰਮਾ ਗਏ ਸੰਨ
ਤੈਂ ਮਰਦਾਨਗੀ ਦੇ ਜਦੋਂ ਸਾਜ਼ ਛੇੜੇ।

ਤੇਰੇ ਕਦਮ ਥਿੜਕੇ ਨਾ ਰਾਹ ਵਿਚ ਕਿਤੇ ਵੀ
ਤੈਂ ਵਰਣਾਂ ਤੇ ਜ਼ਾਤਾਂ ਦੇ ਵਖ਼ੀਏ ਉਧੇੜੇ।

ਲਗਾਤਾਰ ਚੱਲਦਾ ਰਿਹਾ ਉਮਰ ਸਾਰੀ
ਤੂੰ ਲੈ ਆਇਆ ਬੇੜੀ ਨੂੰ ਸਾਹਿਲ ਦੇ ਨੇੜੇ।

ਤੈਂ ਦੁੱਖ ਦਰਦ ਦਲਤਾਂ ਦੇ ਝੋਲੀ ਪਵਾ ਲਏ
ਗਰੀਬਾਂ 'ਚ ਵੰਡੇ ਤੈਂ ਖੁਸ਼ੀਆਂ ਤੇ ਖੇੜੇ।

ਆਓ ਆਪਾਂ ਰਲਕੇ ਸਿਰੇ ਕੰਮ ਚੜ੍ਹਾਈਏ
ਸ਼ੁਰੂ ਕੀਤੇ ਅੰਬੇਦਕਰ ਨੇ ਸੀ ਜਿਹੜੇ।

ਜੇ ਆਜ਼ਾਦ ਆਪਸ 'ਚ ਲੜਦੇ ਰਹਵਾਂਗੇ
ਤਾਂ ਖਾਂਦੇ ਰਹਵਾਂਗੇ ਹਮੇਸ਼ਾ ਥਪੇੜੇ।।

## ਜਿਹੜੇ ਖਾ ਪੀ ਕੇ ਨਸ਼ੇ ਹੱਸਦਾ ਏਂ



ਜਿਹੜੇ ਖਾ ਪੀ ਕੇ ਨਸ਼ੇ ਹੱਸਦਾ ਏਂ
ਇਕ ਦਿਨ ਤੈਨੂੰ ਹੀ ਇਹਨੀਂ ਰੂਆ ਦੇਣਾ
ਨਸ਼ੇ ਆਪਣੇ ਗੁਲਾਮ ਬਣਾਉਂਦੇ ਨੇ
ਦੇਖੀਂ ਤੈਨੂੰ ਵੀ ਇਹਨੀਂ ਬਣਾ ਦੇਣਾ
ਇਹ ਸਕੇ ਕਿਸੇ ਦੇ ਨਹੀਂ ਬਣਦੇ
ਤੇਰੇ ਨਾਲ ਵੀ ਦਗਾ ਕਮਾ ਦੇਣਾ
ਜਿਹੜੇ ਖਾ ਪੀ ਕੇ ਨਸ਼ੇ ਹੱਸਦਾ ਏਂ

ਜ਼ਰਾ ਆਸੇ ਪਾਸੇ ਤਾਂ ਮਾਰ ਨਜ਼ਰਾਂ
ਪੁੱਤ ਮਾਪਿਆਂ ਦੇ ਨਸ਼ਿਆਂ ਨੇ ਰੋਲ ਦਿੱਤੇ
ਕਿੱਦਾਂ ਹੱਸਦਿਆਂ-ਖੇਡਦਿਆਂ ਟੱਬਰਾਂ ਦੇ
ਜ਼ਹਿਰ ਨਸ਼ਿਆਂ ਨੇ ਗ਼ਮਾਂ ਦੇ ਘੋਲ ਦਿੱਤੇ
ਤੇਰਾ ਰੱਤ ਪੀ ਕੇ, ਤੇਰੀ ਮੱਤ ਖਾ ਕੇ
ਤੈਨੂੰ ਕਮਲਾ ਜਿਹਾ ਇਹਨੀਂ ਬਣਾ ਦੇਣਾ
ਜਿਹੜੇ ਖਾ ਪੀ ਕੇ ਨਸ਼ੇ ਹੱਸਦਾ ਏਂ
ਇਕ ਦਿਨ ਤੈਨੂੰ ਹੀ ਇਹਨੀਂ ਰੂਆ ਦੇਣਾ।

ਤੇਰੀ ਚੜ੍ਹਦੀ ਮਿੱਤਰਾ ਜਵਾਨੀ ਏ
ਤੇ ਇਹ ਵਾਰ ਵਾਰ ਤਾਂ ਆਉਂਦੀ ਨਹੀਂ
ਜੇ ਇਹਨੂੰ ਸਾਂਭ ਸਾਂਭ ਕੇ ਨਾ ਰੱਖੀਏ
ਹੱਥੋਂ ਖੁੰਝਣ ਨੂੰ ਟਾਈਮ ਇਹ ਲਾਉ ਨਹੀਂ
ਤੇਰੀ ਬੜੀ ਹੀ ਅਨਮੋਲ ਜਵਾਨੀ ਏ
ਭਾਅ ਕੌਡੀਆਂ ਦੇ ਤੂੰ ਇਹਨੂੰ ਗੁਆ ਦੇਣਾ
ਜਿਹੜੇ ਖਾ ਪੀ ਕੇ ਨਸ਼ੇ ਹੱਸਦਾ ਏਂ
ਇਕ ਦਿਨ ਤੈਨੂੰ ਹੀ ਇਹਨਾਂ ਰੂਆ ਦੇਣਾ।

ਨਸ਼ਾ ਜ਼ਹਿਰ ਤੇ ਰੋਲਦਾ ਜ਼ਿੰਦਗੀਆਂ ਨੂੰ
ਗੱਲ ਮਨ ਵਿਚ ਪੱਕੀ ਵਸਾ ਲੈ ਤੂੰ
ਮਾਰ ਠੋਕਰ ਤੇ ਨਸ਼ਿਆਂ ਨੂੰ ਪਰੇ ਸੁੱਟ ਦੇ
ਤੇ ਦੁੱਧ ਦਹੀਂ ਨਾਲ ਯਾਰੀ ਲਾ ਲੈ ਤੂੰ
ਲੈ ਕੇ ਨਾਂ ਰੱਬ ਦਾ ਮਿਹਨਤਾਂ ਕਰ ਸੱਜਣਾ
ਤੇ ਤੈਨੂੰ ਸਿਖਰਾਂ ਤੇ ਉਹਨੇ ਪਹੁੰਚਾ ਦੇਣਾ
ਜਿਹੜੇ ਖਾ ਪੀ ਕੇ ਨਸ਼ੇ ਹੱਸਦਾ ਏਂ
ਇਕ ਦਿਨ ਤੈਨੂੰ ਹੀ ਇਹਨੀਂ ਰੂਆ ਦੇਣਾ।

ਤੂੰ ਬੜਾ ਨੇਕ ਜਿਹਾ ਤੇ ਚੰਗਾ ਬੰਦਾ
ਦੇਖੋ ਦੇਖੀ ਕੁਰਾਹੇ ਪੈ ਗਿਆ ਏਂ
ਤੂੰ ਤਾਂ ਚਾਨਣ ਪੂਰੇ ਚੰਨ ਵਰਗਾ
ਫੇਰ ਕਾਹਤੇ ਰਾਹ ਹਨੇਰੇ ਦੇ ਪੈ ਗਿਆ ਏਂ
ਅਜੇ ਵੀ ਮੌਕਾ ਪਿੱਤੇ ਮੁੜ ਆ ਜਾ
ਨਹੀਂ ਤਾਂ ਹਨੇਰੀਆਂ ਨੇ ਰਸਤਾ ਭੁਲਾ ਦੇਣਾ
ਜਿਹੜੇ ਖਾ ਪੀ ਕੇ ਨਸ਼ੇ ਹੱਸਦਾ ਏਂ
ਇਕ ਦਿਨ ਤੈਨੂੰ ਹੀ ਇਹਨੀਂ ਰੂਆ ਦੇਣਾ।

'ਧਾਮੀ' ਕੱਲਾ ਨਹੀਂ ਤੇਰੀਆਂ ਮਿੰਨਤਾਂ ਕਰਦਾ
ਬਾਕੀ ਹੋਰ ਵੀ ਲੋਕੀ ਕਰਦੇ ਨੇ
ਨਸ਼ੇ ਰੋੜ੍ਹ ਨਾ ਦੇਣ ਜਵਾਨੀਆਂ ਨੂੰ
ਇਸ ਗੱਲ ਤੋਂ ਸਾਰੇ ਹੀ ਡਰਦੇ ਨੇ
'ਪਿੱਪਲਾਂਵਾਲੀਆ' ਦਿਲੋਂ ਅਰਦਾਸ ਕਰਦਾ
ਰੱਬਾ ਨਸ਼ਿਆਂ ਤੋਂ ਜਵਾਨੀਆਂ ਬਚਾ ਦੇਣਾ
ਜਿਹੜੇ ਖਾ ਪੀ ਕੇ ਨਸ਼ੇ ਹੱਸਦਾ ਏਂ
ਇਕ ਦਿਨ ਤੈਨੂੰ ਹੀ ਇਹਨੀਂ ਰੂਆ ਦੇਣਾ।
ਨਸ਼ੇ ਆਪਣੇ ਗੁਲਾਮ ਬਣਾਉਂਦੇ ਨੇ
ਇਹ ਸਕੇ ਕਿਸੇ ਦੇ ਨਹੀਂ ਬਣਦੇ
ਤੇਰੇ ਨਾਲ ਵੀ ਦਗਾ ਕਮਾ ਦੇਣਾ
ਜਿਹੜੇ ਖਾ ਪੀ ਕੇ ਨਸ਼ੇ ਹੱਸਦਾ ਏਂ
ਇਕ ਦਿਨ ਤੈਨੂੰ ਹੀ ਇਹਨੀਂ ਰੂਆ ਦੇਣਾ।

ਸੁਰਿੰਦਰ 'ਧਾਮੀ' (530-844-0987)

## ਸੰਪਾਦਕ ਦੀ ਡਾਕ

**ਪਿਆਰੇ ਪ੍ਰੇਮ ਕੁਮਾਰ ਚੁੰਬਰ ਜੀਓ !**

ਆਪਣੇ ਅਖਬਾਰ 'ਦੇਸ਼ ਦੁਆਬਾ' ਵਿਚ ਤੁਸੀਂ ਸਟਾਕਟਨ ਵਿਖੇ ਸੰਪੰਨ ਹੋਏ ਕਾਵਿ-ਸੰਮੇਲਨ ਦੀ ਸ਼ਾਨਦਾਰ ਕਵਰਿਜ ਕੀਤੀ ਹੈ, ਉਹਦੇ ਲਈ ਅਸੀਂ ਸਾਰੇ ਤੁਹਾਡਾ ਤਹਿ-ਦਿਲੋਂ ਧੰਨਵਾਦ ਕਰਦੇ ਹਾਂ। ਇਹ ਸੰਮੇਲਨ ਦੋ ਕਰਾਂਤੀਕਾਰੀ ਕਵੀਆਂ ਸੰਤ ਰਾਮ ਉਦਾਸੀ ਅਤੇ ਜੈਮਲ ਸਿੰਘ ਪੱਡਾ ਨੂੰ ਸਮਰਪਤ ਹੋਣ ਕਰਕੇ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਹਦੇ ਲਈ ਕੈਲੀਫੋਰਨੀਆ ਦੀਆਂ ਚਾਰ ਸਾਹਿਤਕ ਜਥੇਬੰਦੀਆਂ ਦੁਆਰਾ ਮਿਲ ਕੇ ਕੀਤੇ ਗਏ ਸਾਂਝੇ ਉਦਮਾਂ ਅਤੇ ਯਤਨਾਂ ਸਦਕਾ ਇਹ ਕਾਵਿ-ਸੰਮੇਲਨ ਸ਼ਾਨਦਾਰ ਸਫਲਤਾ ਸਹਿਤ ਸੰਪੰਨ ਹੋਇਆ ਹੈ। ਇਸ ਵਿਚ ਡਾ. ਮੋਹਨ ਤਿਆਗੀ, ਡਾ. ਸੁਹਿੰਦਰਬੀਰ, ਅਜਮੇਰ ਰੋਡੇ, ਅਮਰਜੀਤ ਚਾਹਲ ਵਰਗੇ ਵਿਦਵਾਨ ਮਹਿਮਾਨਾਂ ਅਤੇ ਕੈਲੀਫੋਰਨੀਆ ਦੇ ਤਮਾਮ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੇ ਸਰਗਰਮ ਹਿੱਸਾ ਪਾ ਕੇ ਇਸ ਨੂੰ ਇਕ ਯਾਦਗਾਰੀ 'ਈਵਿੰਟ' ਬਣਾ ਦਿੱਤਾ। ਤੁਸੀਂ ਇਸ ਸੰਮੇਲਨ ਦੀਆਂ ਤਸਵੀਰਾਂ ਸਹਿਤ ਵਿਸਥਾਰਪੂਰਵਕ ਖਬਰਾਂ ਛਾਪ ਕੇ ਜੋ ਸਾਡੀਆਂ ਸਾਹਿਤਕ ਸਰਗਰਮੀਆਂ ਪ੍ਰਤੀ ਉਤਸ਼ਾਹ ਅਤੇ ਵਚਣਬੱਧਤਾ ਦਾ ਪ੍ਰਗਟਾਵਾ ਕੀਤਾ ਹੈ, ਉਹ ਸ਼ਲਾਘਾਯੋਗ ਹੈ। ਤੁਸੀਂ ਮਹੱਤਵਪੂਰਨ ਵਿਦਵਾਨਾਂ ਅਤੇ ਲੇਖਕਾਂ ਵੱਲੋਂ ਸਾਨੂੰ ਮਿਲੇ ਵਧਾਈ ਸੰਦੇਸ਼ ਹੂਬਹੂ ਛਾਪ ਕੇ ਸੋਨੇ ਉੱਤੇ ਸੁਹਾਗੇ ਵਾਲਾ ਕੰਮ ਕੀਤਾ ਹੈ। ਇਹ ਸੰਦੇਸ਼ ਸੰਖੇਪ ਵਿਚ ਏਨਾ ਕੁਝ ਕਹਿ ਗਏ ਹਨ ਕਿ ਸਫਲਤਾ ਨੂੰ ਚਾਰ ਚੰਨ ਲਾ ਗਏ ਹਨ।

**ਤੁਹਾਡਾ ਇਕ ਵਾਰ ਫਿਰ ਧੰਨਵਾਦ।**
**ਵੱਲੋਂ: ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਸਟਾਕਟਨ ਯੂਨਿਟ।**
**ਜੁਲਾਈ 12, 2015.**

# ਡਾ. ਮੋਹਣ ਸਿੰਘ ਤਿਆਗੀ ਦੀ ਪੰਜਾਬ ਵਾਪਸੀ





ਸੈਨਹੋਜ਼ੇ (ਬਿਊਰੋ)- ਡਾ. ਮੋਹਣ ਸਿੰਘ ਤਿਆਗੀ ਜੋ ਪੰਜਾਬੀ ਸਾਹਿੱਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪ੍ਰਾਅਧਿਆਪਕ ਹਨ, ਕੈਲੀਫੋਰਨੀਆ ਦੇ ਸਾਹਿੱਤਿਕ ਹਲਕਿਆਂ ਵਿਚ ਗੇੜੀ ਮਾਰ ਕੇ ਵਾਪਿਸ ਪਟਿਆਲਾ ਪਹੁੰਚ ਗਏ ਹਨ। ਉਹ ਵਿਸ਼ਵ ਪੰਜਾਬੀ ਸਾਹਿਤ ਕਾਨਫ੍ਰੰਸ ਯੂਨੀਵਰਸਿਟੀ ਪਟਿਆਲਾ ਦੇ ਪਿਛਲੇ ਕਈ ਸਾਲਾਂ ਤੋਂ ਕੋ-ਕੋਆਰਡੀਨੇਟਰ ਦੇ ਵੱਕਾਰੀ ਅਹੁਦੇ ਤੇ ਆਪਣੀ ਸੇਵਾ ਨਿਭਾ ਰਹੇ ਹਨ। ਪੰਜਾਬੀ ਯੂਨੀਵਰਸਿਟੀ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਤੇ ਕਾਨਫ੍ਰੰਸਾਂ ਦਾ ਆਯੋਜਿਤ ਕਰਦੀ ਰਹਿੰਦੀ ਹੈ ਜਿਸ ਵਾਸਤੇ ਉਨ੍ਹਾਂ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਵਿਭਾਗ ਦੇ ਵੱਖ ਵੱਖ ਪ੍ਰੋਜੈਕਟਾਂ ਜਿਵੇਂ ਡਾ. ਜਗਤਾਰ ਜੀਵਨ ਤੇ ਰਚਨਾ, ਦੀਪਕ ਜੈਤੋਈ ਜੀਵਨ ਤੇ ਰਚਨਾ, ਬੰਗਾਲਾ ਹਿੰਦੀ ਸਾਹਿਤ ਦਾ ਸੱਭਿਆਚਾਰ ਤੇ ਉਹ ਕਾਰਜਸ਼ੀਲ ਹਨ। ਉਨ੍ਹਾਂ ਦੀ ਰਹਿਨੁਮਾਈ ਅਧੀਨ ਮਾਤਭਾਸ਼ਾ ਵਿਭਾਗ ਦੀ ਖੋਜ ਪਤਰਿਕਾ ਦੀਆਂ ਦੋ ਸੈਂਚੀਆਂ ਸੰਪਾਦਿਤ ਕਰ ਕੇ ਛਪਾਈ ਅਧੀਨ ਹਨ। ਯੂਨੀਵਰਸਿਟੀ ਦਾ ਮਾਤ ਭਾਸ਼ਾ ਵਿਭਾਗ ਸਾਡੇ ਸਾਹਿਤ ਤੇ ਸਮਾਜ ਸੱਭਿਆਚਾਰ ਦੀ ਨਰੋਈ ਉਸਾਰੀ ਵਾਸਤੇ ਬੜੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ ਜਿਸ ਵਾਸਤੇ ਯੋਗ ਵਿਦਵਾਨਾਂ ਦੀ ਸੇਧ ਜਰੂਰੀ ਹੈ ਤੇ ਉਨ੍ਹਾਂ ਵਿਚੋਂ ਡਾ. ਮੋਹਣ ਤਿਆਗੀ ਇੱਕ ਹਨ। ਕੈਲੀਫੋਰਨੀਆ ਦੇ ਦੌਰੇ ਸਮੇਂ ਉਹ ਰੇਡੀਓ, ਟੀ. ਵੀ. ਅਤੇ ਅਖਬਾਰਾਂ ਦੀ ਸੁਰਖੀ ਬਣੇ ਰਹੇ। ਉਨ੍ਹਾਂ ਨੇ ਪੰਜਾਬੀ ਸਾਹਿਤ ਸਭਾ ਸਟਾਕਟਨ ਵਿਖੇ 25 ਜੂਨ 2015 ਨੂੰ ਅਮਰੀਕੀ ਕਵਿਤਾ ਬਾਰੇ ਖੋਜ ਪੱਤਰ ਪੜਹ ਕੇ ਆਪਣੀ ਵਿਦਵਤਾ ਦਾ ਸਬੂਤ ਦਿੱਤਾ।

ਉਨ੍ਹਾਂ ਨੂੰ ਪ੍ਰਸੰਸਾਂ ਪੱਤਰ ਤੇ ਹੋਰ ਮਾਣ ਸਨਮਾਨ ਨਾਲ ਮਨਮਾਨਿਆ ਗਿਆ। ਵਿਪਸਾ ਦੀ ਇਕੱਤਰਤਾ ਵਿਚ ਉਨ੍ਹਾ ਨੇ ਸੰਤ ਰਾਮ ਉਦਾਸੀ ਬਾਰੇ ਲਿਖੀ ਪੁਰਾਣੀ ਪੁਸਤਕ ਦੀ ਘੁੰਡ-ਚੁਕਾਈ ਕੀਤੀ ਅਤੇ ਚਰਨਜੀਤ ਸਿੰਘ ਪੰਨੂ ਦੀ ਲਿਖੀ 'ਮੇਰੀ ਵਾਈਟ ਹਾਊਸ ਫੇਰੀ' ਬਾਰੇ ਲਿਖੇ ਆਪਣੇ ਪੇਪਰ ਵਿਚੋਂ ਬੋਲਦਿਆਂ ਕਿਹਾ ਕਿ ਪੰਜਾਬੀ ਵਿਚ ਲਿਖੀ ਅਮਰੀਕੀ ਇਤਿਹਾਸਕ ਤੱਥਾਂ ਸਮੇਤ ਖੋਜ ਭਰਪੂਰ ਇਹ ਪੁਸਤਕ ਪੰਜਾਬੀ ਸਫਰਨਾਮਾ ਸਾਹਿਤ ਦੀ ਇਕ ਵੱਡੀ ਪ੍ਰਾਪਤੀ ਹੈ ਤੇ ਇਸ ਨੂੰ ਹਰੇਕ ਪੰਜਾਬੀ ਪਿਆਰੇ ਨੂੰ ਪੜ੍ਹਨਾ ਚਾਹੀਦਾ ਹੈ। ਓਮ ਪ੍ਰਕਾਸ਼ ਕਮਲ ਦੇ ਯਤਨਾਂ ਸਦਕਾ ਬਾਜੀਗਰ ਵਣਜਾਰਾ ਸਭਾ ਵੱਲੋਂ ਸੁਨੇਹਾ ਰੈਸਟੋਰੈਂਟ ਮਿਲਪੀਟਸ ਵਿਖੇ ਨਾਇਕ ਭੀ ਰਾਓ ਅੰਬੇਦਕਰ ਦੀ ਬਰਸੀ ਤੇ ਵਿਚ ਇਕ ਸ਼ਰਧਾਂਜਲੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਡਾ. ਤਿਆਗੀ ਨੇ ਉਨ੍ਹਾਂ ਬਾਰੇ ਇਕ ਖੋਜ ਭਰਪੂਰ ਪਰਚਾ ਪੜ੍ਹਿਆ ਜਿਸ ਨੂੰ ਸਾਰੇ ਹਾਜ਼ਰੀਨ ਨੇ ਬਹੁਤ ਪਸੰਦ ਕੀਤਾ ਤੇ ਸਲਾਹਿਆ। ਬਾਜੀਗਰ ਬਣਜਾਰਾ ਸਭਾ ਵੱਲੋਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਇਜਲਾਸ ਵਿਚ ਉਨ੍ਹਾਂ ਦੇ ਰੂਬਰੂ ਕਰਵਾਇਆ ਗਿਆ।

ਸਭਾ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਮਰਹੂਮ ਸ਼ਾਇਰ ਗੁਰਚਰਨ ਸਿੰਘ ਜਖਮੀ ਦੀ ਕਿਤਾਬ ਕਾਲੇ ਪਾਣੀਆਂ ਤੋਂ ਕਲਮ ਤੱਕ ਅਤੇ ਕਮਲ ਬੰਗਾ ਦੀਆਂ ਦੋ ਕਿਤਾਬਾਂ ਚੰਦ ਦੇ ਟੁਕੜੇ ਅਤੇ ਮੁਸਾਫਿਰ ਸੱਚ ਦਾ ਲੋਕ ਅਰਪਿਤ ਕਰਨ ਕੀਤੀਆਂ। ਬਹੁਤ ਹੀ ਮਿਲਾਪੜੇ ਤੇ ਤੀਖਣ ਬੁੱਧੀ ਦੇ ਮਾਲਕ ਮੋਹਣ ਤਿਆਗੀ ਨੇ ਗੁਰਦੁਆਰਿਆਂ ਦੇ ਵੀ ਦਰਸ਼ਨ ਕੀਤੇ ਜਿੱਥੇ ਉਨ੍ਹਾਂ ਨੂੰ ਸਿਰੋਪੇ ਦਿੱਤੇ ਗਈ। ਉਨ੍ਹਾ ਨੇ ਕੈਲੀਫੋਨੀਆ ਦੇ ਲੇਖਕਾਂ ਤੇ ਸਭਾਵਾਂ ਦੇ ਪ੍ਰਬੰਧਕਾਂ ਦਾ ਧੰਨਵਾਦ ਕਰਦੇ ਮੁੜ ਫੇਰਾ ਪਾਉਣ ਦਾ ਵਾਅਦਾ ਕੀਤਾ।

## ਗ਼ਜ਼ਲ

### ਪ੍ਰੇਮ ਕੁਮਾਰ ਚੁੰਬਰ

ਵਿਛੜ ਗਏ ਦਿਲਬਰ ਦਾ ਗ਼ਮ ਕਰਿਆ ਨਾ ਕਰ।
ਰੰਜ 'ਚ ਉਲਫ਼ਤ ਦੀ ਸਾਹਦੀ ਭਰਿਆ ਨਾ ਕਰ।

ਗੈਰ ਬਣੇ ਅਪਣੇ ਹੀ ਅਪਣੀ ਧਰਤੀ 'ਤੇ
ਪ੍ਰਦੇਸੀ 'ਤੇ ਪ੍ਰਦੇਸੀਂ ਮਰਿਆ ਨਾ ਕਰ।

ਏਥੇ ਰੱਬ ਦੇ ਬੰਦੇ ਕਹਿਰ ਮਚਾਉਂਦੇ ਹਨ,
ਅੰਮਾ ਜਾਇਆਂ ਨਾਲ ਗਿਲਾ ਕਰਿਆ ਨਾ ਕਰ।

ਚੂਚਕ ਹੀ ਕਾਤਿਲ ਨੇ ਜਿੱਥੇ ਹੀਰਾਂ ਦੇ,
ਹੁਣ ਭਾਵੇਂ ਕੈਦੋਂ ਤੋਂ ਵੀ ਡਰਿਆ ਨਾ ਕਰ।

'ਚੁੰਬਰ' ਜੇਕਰ ਡਰਨਾ ਹੈ ਤੇ ਡੁੱਬਣੇ ਤੋਂ,
ਰਾਤ ਦੇ ਵੇਲੇ 'ਪ੍ਰੇਮ' ਝਨਾਂ ਤਰਿਆ ਨਾ ਕਰ।



# ਲੋਕ ਵਿਰਸਾ

## ਬਾਰ੍ਹੀਂ ਵਰ੍ਹੀਏਂ ਸ਼ਾਮ ਆਇਆ



ਡਾ.ਕਰਮਜੀਤ ਸਿੰਘ
91-98763-23862

ਪਿੰਡ ਸੱਜਣਾ ਦੀ ਛਿਨੋਂ। ਸਿਰ ਖਿਲਿ-ਰਆ। ਘਰ ਵਾਲੇ ਕੱਪੜੇ ਪਾਏ ਹੋਏ। ਸਲਵਾਰ ਦਾ ਇਕ ਪਹੁੰਚਾ ਉਤਾਂਹ ਚੁੱਕਿਆ ਹੋਇਆ। ਸਾਰੇ ਚਿਹਰੇ ਤੇ ਸਿਪਾਹੀਆਂ। ਬੋਲਣ ਦੀ ਕੌੜੀ। ਘਰੋਂ ਖੜ੍ਹੀ ਹੋ ਕੇ ਬਾਹਰ ਖੋਲ੍ਹਣ ਗਏ ਨਿਆਣਿਆਂ ਨੂੰ ਆਵਾਜ਼ ਮਾਰਦੀ ਤਾਂ ਸਾਰੇ ਪਿੰਡ ਵਿਚ ਉਸਦੀ ਫਟੀ ਆਵਾਜ਼ ਗੂੰਜਦੀ। ਲੜਾਕੀ ਪੂਰੀ। ਹਰ ਕੋਈ ਉਸ ਤੋਂ ਡਰਦਾ।

ਪਰ ਉਸ ਦੇ ਇਕ ਪੱਖ ਦਾ ਮੈਨੂੰ ਪਤਾ ਸੀ। ਉਹ ਇਕ ਕਿ ਉਸਨੂੰ ਕੁਝ ਕੁ ਗੀਤ ਅਜਿਹੇ ਯਾਦ ਸਨ ਜੋ ਕਿਸੇ ਹੋਰ ਨੂੰ ਯਾਦ ਨਹੀਂ ਸਨ ਪਰ ਉਸ ਤੋਂ ਇਹ ਗੀਤ ਗੁਆਉਣੇ ਸੌਖਾ ਕੰਮ ਨਹੀਂ ਸੀ। ਖਾਸ ਤੌਰ ਤੇ ਇਕੱਲਿਆਂ। ਕਿਸੇ ਵਿਆਹ ਤੇ ਸਮੂਹ ਵਿਚ ਉਹ ਗਿੱਧੇ ਦਾ ਪਿੜ ਮੱਲ ਲੈਂਦੀ ਪਰ ਮੇਰਾ ਤਜਰਬਾ ਇਹ ਸੀ ਕਿ ਅਜਿਹੇ ਸਮੂਹਿਕ ਮੌਕਿਆਂ ਤੇ ਆਮ ਪ੍ਰਚੱਲਿਤ ਗੀਤ ਹੀ ਗਾਏ ਜਾਂਦੇ ਸਨ। ਫਿਰ ਰੌਲੇ ਗੌਲੇ ਵਿਚ ਰਿਕਾਰਡ ਕੀਤੇ ਗੀਤਾਂ ਨੂੰ ਉਤਾਰਨ ਸਮੇਂ ਬਹੁਤ ਦਿੱਕਤ ਆਉਂਦੀ। ਇਸ ਲਈ ਨਿਵੇਕਲੇ ਬੈਠ ਕੇ ਹੀ ਇਹਨਾਂ ਦੀ ਰਿਕਾਰਡਿੰਗ ਵਧੀਆ ਹੁੰਦੀ ਹੈ।

ਇਕ ਵਾਰੀ ਪਿੰਡ ਵਿਚ ਵਿਆਹ ਸੀ। ਛਿਨੋਂ ਸਮੂਹ ਵਿਚ ਵੜਕੇ ਸਾਂਗ ਉਤਾਰ ਰਹੀ ਸੀ ਤੇ ਸਾਰਿਆਂ ਦੇ ਢਿੱਡੀਂ ਪੀੜਾਂ ਪਾ ਰਹੀ ਸੀ। ਮੈਂ ਉਸਦੇ ਇਕ ਗੀਤ ਨੂੰ ਟੇਪ ਕਰ ਲਿਆ। ਜਦੋਂ ਉਹ ਫੁਰਸਤ ਵਿਚ ਇਕ ਲਾਂਭੇ ਹੋ ਕੇ ਬੈਠੀ ਤਾਂ ਮੈਂ ਜਾ ਫੜਿਆ। ਮੈਂ ਕਿਹਾ, "ਭਾਬੀ ਤੈਨੂੰ ਏਨੇ ਗੀਤ ਆਉਂਦੇ ਐ। ਮੈਨੂੰ ਵੀ ਸੁਣਾ ਛੱਡ।" ਕਹਿਣ ਲੱਗੀ "ਕਰਮ ਸਿਆਂ ਕਿਉਂ ਮਸ਼ਕਰੀਆਂ ਕਰਦੈਂ। ਮੇਰੀ ਬਾਂਸ ਵਰਗੀ ਪਾਟੀ ਆਵਾਜ਼ ਗਾਉਣ ਵਾਲੀ ਹੈ ਸਹੀ।" ਮੈਂ ਅਗਾਉਂ ਬੋਲਿਆ, "ਨਾ ਹੁਣੇ ਤਾਂ ਤੂੰ ਧਮਚੱੜਾ ਪਾਉਣ ਡਈ ਸੀ।" "ਓ ਛੱਡ ਤੂੰ ਇਹੋ ਜਿਹੀ ਖੱਪ ਦਾ ਕੀਆ ਗਾਉਣ ਮੇਰੇ ਵੱਸ ਦਾ ਨਹੀਂ।" ਮੈਂ ਟੇਪ ਲਾਉਂਦਿਆਂ ਕਿਹਾ, "ਦੇਖ ਖਾਂ ਕਿੰਨਾ ਵਧੀਆ ਗਿੱਧੇ ਦਾ ਗੀਤ ਤੂੰ ਗਾਇਆ। ਹੁਣ ਮੁਕਰਦੀ ਆ।" ਉਹ ਆਪਣੇ ਹੀ ਗਾਏ ਗੀਤ ਨੂੰ ਸੁਣਨ ਲੱਗੀ ਤੇ ਹੱਸ ਹੱਸ ਦੂਹਰੇ ਹੋਈ ਜਾਵੇ। ਇਹ ਵੀ ਉਸ ਦਾ ਤਰੀਕਾ ਸੀ। ਉਸਨੇ ਆਪਣਾ ਗੀਤ ਤਿੰਨ ਚਾਰ ਵਾਰ ਸੁਣਿਆ ਜਿਸ ਤੋਂ ਮੈਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਅਗਲੇ ਗੀਤ ਮੇਰੇ ਤੱਕ ਪਹੁੰਚਣ ਹੀ ਵਾਲੇ ਹਨ। ਮੈਂ ਥੋੜ੍ਹਾ ਜਿਹਾ ਹੋਰ ਮੱਖਣ ਲਾਇਆ ਤਾਂ ਉਹ ਤਿਆਰ ਹੋ ਗਈ ਗਾਉਣ ਲਈ? ਹਰ ਗੀਤ ਪਿੱਛੋਂ ਮੈਂ ਉਸਨੂੰ ਸੁਣਾ ਵੀ ਦਿੰਦਾ। ਹੁਣ ਉਹ ਆਪਣੀ ਹੀ ਆਵਾਜ਼ ਤੋਂ ਮੋਹਿਤ ਹੋਈ ਗੀਤ ਸੁਣਾ ਰਹੀ ਸੀ। ਸਭ ਤੋਂ ਵਧੀਆ ਦੋ ਗੀਤ ਸਨ। ਇਕ ਸ਼ਿਵ ਪਾਰਬਤੀ ਬਾਰੇ। ਇਹ ਮੇਰੇ ਲਈ ਵਿਸ਼ੇਸ਼ ਲੱਭਤ ਸੀ। ਦੂਸਰਾ ਸੀ 'ਬਾਰੀਂ ਵਰੀਏਂ ਘਰ ਸ਼ਾਮ ਆਇਆ' ਗੁਦੜੀ 'ਚੋਂ ਲੱਭਾ ਇਹ ਲਾਲ ਹੀ ਮੈਂ ਇੱਥੇ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ।

ਇਹ ਗੀਤ ਇਕ ਛੋਟੀ ਜਿਹੀ ਕਹਾਣੀ ਪਾਉਂਦਾ ਹੈ। ਬਿਰਤਾਂਤ ਕਾਵਿ ਦਾ ਨਮੂਨਾ। ਇਸਦੀਆਂ ਪਹਿਲੀਆਂ ਪੰਗਤੀਆਂ ਵੱਡੇ ਤੋਂ ਵੱਡੇ ਸ਼ਾਇਰ ਨੂੰ ਵੀ ਕੀਲਣ ਦੀ ਸਮਰੱਥਾ ਰੱਖਦੀਆਂ ਹਨ।

ਚੁਣ ਚੁਣ ਮੋਤੀ ਦਾਲ ਰਿੰਨ੍ਹਾਂ ਨੀਂ ਮੈਂ
ਲੌਂਗਾਂ ਦਾ ਤੁੜਕਾ ਮੈਂ ਲਾਵਾਂ
ਬਾਰੀਂ ਵਰ੍ਹੀਏਂ ਘਰ ਸ਼ਾਮ ਆਇਆ
ਕੱਢ ਕਲੇਜਾ ਆਟਾ ਗੁੰਨ੍ਹਾਂ ਨੀ ਮੈਂ
ਦਿਲ ਦਾ ਤੰਦੂਰ ਤਪਾਵਾਂ
ਬਾਰੀਂ ਵਰ੍ਹੀਏਂ ਘਰ ਸ਼ਾਮ ਆਇਆ।

ਬਾਰਾਂ ਸਾਲਾਂ ਬਾਅਦ ਪਤੀ ਘਰ ਆਇਆ ਹੈ। ਪਤਨੀ ਦੀ ਖੁਸ਼ੀ ਦਾ ਪਾਰਾ ਵਾਰ ਨਹੀਂ। ਉਸਦੀ ਖੁਸ਼ੀ ਦੀ ਡੂੰਘਾਈ ਇਨ੍ਹਾਂ ਪੰਗਤੀਆਂ ਤੋਂ ਮਾਪੀ ਜਾ ਸਕਦੀ ਹੈ। ਕਾਲਜੇ ਦਾ ਆਟਾ ਗੁੰਨ੍ਹ ਕੇ ਦਿਲ ਦੇ ਤੰਦੂਰ ਤੇ ਲਾਉਣ ਲਈ ਤਿਆਰ ਇਸਤ੍ਰੀ ਦੀ ਖੁਸ਼ੀ ਦੀ ਕੋਈ ਨਾਪ ਨਹੀਂ ਹੈ। ਆਮ ਲੋਕਾਂ ਨੂੰ ਜੋ ਉਪਲਬਧ ਨਹੀਂ ਉਹਨਾਂ ਮੋਤੀਆਂ ਦੀ ਦਾਲ ਤੇ ਲੌਂਗਾਂ ਦਾ ਤੜਕਾ। ਕਲਪਨਾ ਦੀਆਂ ਸਿਖਰਾਂ ਕੀ ਹੋ ਸਕਦੀਆਂ ਹਨ! ਇਸਤਰੀ ਦੀਆਂ ਰੀਝਾਂ ਅਜੇ ਲੱਥੀਆਂ ਨਹੀਂ। ਉਹ ਤਾਂ ਹਰ ਕਾਰਜ ਵਿਚੋਂ ਉਭਰ ਉਭਰ ਪੈਂਦੀਆਂ ਹਨ। ਇਹ ਰੀਝ ਹੀ ਤਾਂ ਛੋਟੇ ਛੋਟੇ ਪੇੜੇ ਕਰਵਾਉਂਦੀ ਹੈ ਤੇ ਪਿੱਪਲ ਦੇ ਪੱਤਿਆਂ ਵਰਗੇ ਬਰੀਕ ਫੁਲਕੇ ਲੁਹਾਉ ਹੈ। ਛਿਨੋਂ ਆਪਣੇ ਰੌਂਅ ਵਿਚ ਗਾ ਰਹੀ ਹੈ।

ਆਤੂਆਂ ਜਿਨੇ ਜਿਨੇ ਪੇੜੇ ਕਰਾਂ ਨੀ ਮੈਂ,
ਪਿੱਪਲ ਪੱਤ ਪਕਾਵਾਂ ਬਾਰੀਂ ਵਰ੍ਹੀਏਂ ਘਰ ਸ਼ਾਮ ਆਇਆ
ਚੋਪੜ ਚੋਪੜ ਥਹੀਆਂ 'ਲਾਂਵਾਂ, ਮੇਰੇ ਸ਼ਾਮ ਨੇ ਖਾਵਣ ਆਉਣਾ
ਬਾਰੀਂ ਵਰ੍ਹੀਏਂ ਘਰ ਸ਼ਾਮ ਆਇਆ।

ਰੀਝਾਂ ਨਾਲ ਪਕਾਈ ਰੋਟੀ। ਦੋਨੋਂ ਖਾਣ ਬੈਠੇ। ਪਰ ਪਤਨੀ ਕਹਿ ਬੈਠਦੀ ਹੈ ਕਿ;

ਇਕ ਖਾਵੀਂ ਵੇ ਤੂੰ ਦੂਜੀ ਖਾਵੀਂ,
ਮੇਰੀ ਤੀਜੀ ਨੂੰ ਹੱਥ ਨਾ ਲਾਵੀਂ
ਬਾਰੀਂ ਵਰ੍ਹੀਏਂ ਘਰ ਸ਼ਾਮ ਆਇਆ

ਨਿੱਕੀ ਜਿਹੀ ਗੱਲ ਪਰ ਵੱਡੀ ਬਣ ਗਈ। ਰੀਝਾਂ ਬਿਖਰ ਗਈਆਂ। ਨੌਕਰ ਰੁੱਸ ਗਿਆ। ਡਾ: ਤ੍ਰਿਲੋਕ ਸਿੰਘ ਕੰਵਰ ਨੇ ਜਦੋਂ ਇਹ ਗੀਤ ਸੁਣਿਆ ਤਾਂ ਉਸਨੇ ਘਟਨਾ ਨੂੰ ਜਿਨਸੀ ਅਸੰਤੁਸ਼ਟੀ ਨਾਲ ਜੋੜ ਦਿੱਤਾ। ਇਸੇ ਲਈ ਉਸਨੇ ਇਹ ਯਾਦ ਕਰਕੇ ਦਿੱਲੀ ਦੀਆਂ ਮਹਿਫਲਾਂ ਵਿਚ ਸੁਆਦ ਲੈ ਲੈ ਕੇ ਸੁਦਾਇਆ। ਵਿਦਵਾਨ ਅਜਿਹੇ ਅਰਥ ਕੱਢਣ ਲਈ ਸੁਤੰਤਰ ਹਨ। ਪਰ ਲੋਕ ਅਜਿਹੇ ਅਰਥ ਨਹੀਂ ਕੱਢਦੇ ਇਸੇ ਲਈ ਛਿੱਨੋਂ ਉਹ ਬਿਨਾਂ ਰੋਕ ਟੋਕ ਗਾਈ ਜਾ ਰਹੀ ਸੀ।

ਖਾਂਦਾ ਤੇ ਖਾਂਦਾ ਰੁਸ ਗਿਆਂ ਨੀਂ ਉਹ
ਚੱਕ ਮੰਜੀ ਅੰਬੇ ਹੇਠ
ਬਾਰੀਂ ਵਰ੍ਹੀਏਂ ਸ਼ਾਮ ਘਰ ਆਇਆ

ਰੀਝਾਂ ਦਾ ਖ਼ੂਨ ਹੋ ਗਿਆ। ਹੁਣ ਪਤਨੀ ਕਰੇ ਤਾ ਕੀ ਕਰੇ। ਉਸਦੀ ਆਪਣੀ ਹਉਂ ਵੀ ਸੱਟ ਖਾ ਗਈ ਹੈ। ਉਹ ਆਪ ਮਨਾਉਣ ਨਹੀਂ ਜਾਣਾ ਚਾਹੁੰਦੀ ਪਰ ਇੱਛਾ ਉਹਦੀ ਇਹ ਹੈ ਕਿ ਪਤੀ ਉਸਦੇ ਕੋਲ ਹੋਵੇ। ਉਸਦਾ ਸਹਾਰਾ ਕੁਦਰਤ ਹੀ ਹੋ ਸਕਦੀ ਹੈ। ਇਸੇ ਲਈ ਉਹ ਉਸਦੀ ਸ਼ਰਨ ਵਿਚ ਜਾਂਦੀ ਹੈ। ਮਨ ਦੀਆਂ ਭਾਵਨਾਵਾਂ ਏਨੀਆਂ ਕੋਮਲ ਹਨ ਕਿ ਉਹ ਪਤੀ ਨੂੰ ਜਾਅ ਤੱਕ ਲੱਗਣ ਨਹੀਂ ਦੇਣਾ ਚਾਹੁੰਦੀ।

ਇਕ ਅਰਜ਼ ਕਰਾਂ ਕਾਲੀ ਬਦਲੀ ਨੂੰ
ਨੀ ਤੂੰ ਜਾਏ ਬਰਸੀਂ ਅੰਬੇ ਹੇਠ
ਬਾਰੀਂ ਵਰ੍ਹੀਏਂ ਘਰ ਸ਼ਾਮ ਆਇਆ
ਪੌਂਦੀ ਭਿੱਜੇ ਵੇ ਸਰ੍ਹਾਣਾ ਭਿੱਜੇ
ਡੱਬੇ ਖੇਸ ਨੂੰ ਐਂਚ ਨਾ ਲਾਈਂ
ਬਾਰੀਂ ਵਰ੍ਹੀਏਂ ਘਰ ਸ਼ਾਮ ਆਇਆ

ਇਹ ਪੰਗਤੀਆਂ ਗਾਉ ਛਿੱਨੋਂ ਮੁਸਕਾ ਵੀ ਪੈਂਦੀ ਹੈ ਔਰਤ ਦੀ ਮਾਨਸਿਕ ਦਸ਼ਾ ਤੇ ਪਰ ਉਹ ਖੜਦੀ ਨਹੀਂ ਸਗੋਂ ਔਰਤ ਨਾਲ ਇਕ ਸੁਰ ਹੋਈ ਉਸਦੀ ਇੱਛਾ ਦੀ ਪੂਰਤੀ ਦੇਖਣਾ ਚਾਹੁੰਦੀ ਹੈ। ਇਸੇ ਲਈ ਤਾਂ ਬਦਲੀ ਨੇ ਉਸਦੀ ਅਰਜ਼ ਮੰਨ ਲਈ ਹੈ।

ਇਕ ਅਰਜ਼ ਮੰਨੀ ਕਾਲੀ ਬਦਲੀ ਨੇ
ਨੀ ਓ ਜਾਇ ਬਰਸੀ ਅੰਬੇ ਹੇਠ
ਬਾਰੀਂ ਵਰੀਏਂ ਘਰ ਸ਼ਾਮ ਆਇਆ

ਪਰ ਨਾਇਕ ਦਾ ਵਲ ਅਜੇ ਵੀ ਨਹੀਂ ਗਿਆ। ਉਸਦੇ ਸੰਬੋਧਨ 'ਕਪੱਤੀਏ ਨਾਰੇ' ਤੋਂ ਉਸਦੀ ਮਰਦ ਹੋਣ ਦੀ ਹੈਂਕੜ ਸਪਸ਼ਟ ਹੈ ਖੈਰ ਔਰਤ ਧੰਨਵਾਦ ਕਰਦੀ ਹੈ ਉਸ ਬਦਲੀ ਦਾ ਜਿਸਨੇ ਉਸਦਾ ਰੁੱਸਿਆ ਸ਼ਾਮ ਮਨਾ ਦਿੱਤਾ ਹੈ।

ਇਕ ਅਰਜ ਮੰਨੀ ਕਾਲੀ ਬਦਲੀ ਨੇ
ਮੇਰਾ ਰੁਸੜਾ ਸ਼ਾਮ ਮਨਾਇਆ
ਬਾਰੀਂ ਵਰ੍ਹੀਏਂ ਘਰ ਸ਼ਾਮ ਆਇਆ।

ਛਿਨੋਂ ਥੋੜ੍ਹਾ ਜਿਹਾ ਖਿੜਖਿੜਾ ਕੇ ਗਾਉਣਾ ਬੰਦ ਕਰਦੀ ਹੈ ਤੇ ਆਖਰੀ ਸ਼ਬਦ ਕਹਿੰਦੀ ਹੈ, ਲੈ ਬੱਸ। ਕਰ ਲੈ ਇਹਦਾ ਕੀ ਕਰਨਾ।

ਇਹ ਗੀਤ ਮੇਰੇ ਸਭ ਤੋਂ ਮਨਚਾਹੇ ਗੀਤਾਂ 'ਚੋਂ ਇਕ ਹੈ। ਇਸ ਲਈ ਮੈਨੂੰ ਇਹ ਪੂਰੀ ਲੈਅ ਅਨੁਸਾਰ ਯਾਦ ਹੈ। ਲੋਕ ਗੀਤਾਂ ਵਿਚ ਇੰਨੀ ਜਾਨ ਹੈ ਕਿ ਸਰੋਤਿਆਂ ਨੂੰ ਨਾਲ ਲੈ ਤੁਰਦਾ ਹੈ।

ਜਿੰਨੀ ਵਾਰੀ ਮਰਜ਼ੀ ਕੋਈ ਸੁਣੇ, ਇਸਤੋਂ ਅੱਕਦਾ ਨਹੀਂ। ਅਸਲੀ ਲੋਕ ਗੀਤ ਦੀ ਨਿਸ਼ਾਨੀ ਵੀ ਤਾਂ ਇਹੋ ਹੈ। ਜਦੋਂ ਮੈਂ ਇਕ ਵਾਰ ਹਰਿਆਣੇ ਦੀ ਬਜ਼ੁਰਗ ਔਰਤ ਨੂੰ ਇਹ ਗੀਤ ਸੁਣਾਇਆ ਤਾਂ ਉਸ ਇੱਕਦਮ ਕਿਹਾ 'ਇਹ ਤਾਂ ਸਾਮਣ ਦਾ ਗੀਤ ਹੈ' ਸੱਚਮੁਚ ਧੂੜ 'ਚ ਰੁਲਦੇ ਹੀਰੇ ਅਜੇ ਵੀ ਸੰਭਾਲ ਲਈਏ ਤਾਂ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ।

## 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"




### ਗੁਜਰੀ

ਇਕ ਰਾਜੇ ਦੇ ਮਹਿਲਾਂ ਵਿਚ ਗੁਜਰੀ ਆਈ। ਗੁਜਰੀ ਆ ਕੇ ਕਹਿਣ ਲੱਗੀ - ਰਾਣੀ, ਇਹ ਜ਼ਨਾਨੀ ਨੀ ਮਰਦ ਆ।

ਰਾਣੀ ਸੋਚਾਂ 'ਚ ਪੈ ਗਈ। ਕਹਿੰਦੀ ਇਹ ਗੱਲ ਕੀ ਆ। ਰਾਣੀ ਦੇ ਕੋਈ ਗੱਲ ਖਾਨੇ ਨਾ ਪਈ। ਹਾਰ ਕੇ ਰਾਜੇ ਨੂੰ ਕਹਿਣ ਲੱਗੀ - ਰਾਜਾ ..., ਅੱਜ ਮਹਿਲਾਂ 'ਚ ਇਕ ਗੁਜਰੀ ਆਈ ਸੀ। ਉਹ ਕਹਿੰਦੀ ਇਹ ਜ਼ਨਾਨੀ ਨੀ ਮਰਦ ਆ, ਇਹਦਾ ਕੀ ਭਾਵ ਹੋਊਗਾ। ਰਾਜੇ ਨੇ ਦੂਜੇ ਦਿਨ ਕਚਹਿਰੀ 'ਚ ਸਾਰੇ ਵਜ਼ੀਰ, ਅਹਿਲਕਾਰ ਸੱਦ ਲਏ। ਕਹਿੰਦਾ ਬਈ ਤੁਸੀਂ ਇਸ ਗੱਲ ਦਾ ਭੇਤ ਕੱਢੋ। ਵਜ਼ੀਰਾਂ ਨੇ ਬਥੇਰਾ ਦਮਾਗ ਦੜ੍ਹਾਇਆ ਪਰ ਗੱਲ ਦਾ ਭੇਤ ਨਾ ਪਤਾ ਲੱਗੇ।

ਰਾਜੇ ਨੇ ਪੂਰੀ ਕਚਹਿਰੀ 'ਚ ਕਹਿਤਾ ਪਈ ਜਿਹੜਾ ਇਸ ਗੱਲ ਦਾ ਭੇਤ ਦੱਸੇਗਾ ਉਸਨੂੰ ਭਾਰੀ ਇਨਾਮ ਦਊਂਗਾ।

ਇਕ ਵਜ਼ੀਰ ਦਾ ਲੜਕਾ ਬੜਾ ਸਿਆਣਾ ਸੀ। ਉਹ ਰਾਜੇ ਕੋਲੋਂ ਛੇ ਮਹੀਨੇ ਦੀ ਮੋਹਲਤ ਲੈ ਕੇ ਇਸ ਗੱਲ ਦਾ ਭੇਤ ਲੱਭਣ ਲਈ ਘਰੋਂ ਨਿੱਕਲ ਤੁਰਿਆ।

ਤੁਰਿਆ ਜਾਂਦਾ ਤਾਂ ਰਸਤੇ ਵਿਚ ਉਹ ਨੂੰ ਇਕ ਹੋਰ ਮੁਸਾਫ਼ਰ ਟੱਕਰ ਪਿਆ। ਲੜਕਾ ਮੁਸਾਫਿਰ ਨੂੰ ਕਹਿਣ ਲੱਗਾ- ਵਾਟ ਲੰਮੀ ਆ, ਇੱਦਾਂ ਕਰ ਅੱਧੀ ਵਾਟ ਤੂੰ ਮੈਨੂੰ ਚੱਕ, ਅੱਧੀ ਵਾਟ ਮੈਂ ਤੈਨੂੰ ਚੱਕੂੰਗਾ। ਸਾਡਾ ਸਫ਼ਰ ਮੁੱਕ ਜਾਣਾ।

ਮੁਸਾਫਿਰ ਨੇ ਕੋਈ ਗੱਲ ਨਾ ਗੌਲ਼ੀ। ਕਹਿੰਦਾ ਨਹੀਂ ਤੂੰ ਇੱਦਾਂ ਈ ਚਲਿਆ ਚੱਲ।

ਥੋੜ੍ਹੀ ਕੁ ਵਾਟ ਅੱਗੇ ਗਏ। ਅੱਗੇ ਸੀ ਉਤਰਾਈ ਚੜ੍ਹਾਈ। ਲੜਕਾ ਮੁਸਾਫਿਰ ਨੂੰ ਕਹਿਣ ਲੱਗਾ - ਇੱਦਾਂ ਕਰ ਤੂੰ ਜੰਗਲ 'ਚੋਂ ਦੋ ਘੋੜੇ ਲੈ ਆ। ਅਸੀਂ ਤਰਾਈ ਚੜ੍ਹਾਈ ਛੇਤੀ ਤੇ ਸੌਖੀ ਚੜ੍ਹ ਜਾਵਾਂਗੇ।

ਮੁਸਾਫਿਰ ਕਹਿਣ ਲੱਗਾ - ਹੈਂ ਮੂਰਖ ...। ਮੈਂ ਇਹਨੂੰ ਜੰਗਲ ਵਿਚੋਂ ਦੋ ਘੋੜੇ ਕਿੱਥੋਂ ਲਿਆ ਦੇਵਾਂ।

ਕਹਿੰਦਾ ਨਹੀਂ ਤੂੰ ਇੱਦਾਂ ਚਲਿਆ ਚੱਲ ਪਹੁੰਚ ਈ ਜਾਣਾ। ਅੱਗੇ ਜਾਂਦੇ ਤਾਂ ਰਾਹ ਵਿਚ ਪਾਣੀ ਆ ਗਿਆ। ਵਜ਼ੀਰ ਦਾ ਲੜਕਾ ਸਣੇ ਬੂਟ ਜੁਰਾਬਾਂ ਪਾਣੀ ਵਿਚੋਂ ਲੰਘ ਗਿਆ। ਮੁਸਾਫਿਰ ਆਪਣੇ ਕੱਪੜੇ ਸੁਆਰੀ ਜਾਂਦਾ ਆ।

ਮੁਸਾਫਿਰ ਕਹਿੰਦਾ ਇਹ ਲੜਕਾ ਮੂਰਖ ਈ ਆ। ਏਦਾਂ ਈ ਲੰਘ ਗਿਆ ਪਾਣੀ ਚੀਂ। ਕੋਈ ਪਰਵਾਹ ਨੀ ਇਹਨੂੰ ਆਪਣੇ ਕੱਪੜਿਆਂ ਦੀ। ਅੱਗੇ ਗਏ ਤਾਂ ਕਣਕ ਦਾ ਖੇਤ ਆ। ਲੜਕਾ ਮੁਸਾਫਿਰ ਨੂੰ ਪੁੱਛਣ ਲੱਗਾ - ਆਹ ਖਾਧੀਓ ਹੋਊ ਕਿ ਖਾਣੇ ਵਾਲੀ ਆ। ਮੁਸਾਫਿਰ ਕਹਿੰਦਾ - ਹੈਂ ਮੂਰਖ ...! ਖੜ੍ਹੀ ਦੀਹਦੀ ਆ। ਖਾਧੀਓ ਖਾਣੇ ਵਾਲੀ ਕਿੱਦਾਂ ਹੋਊਗੀ।

ਜਦੋਂ ਗਹਾਂ ਗਏ ਤਾਂ ਮੁਸਾਫਿਰ ਦਾ ਪਿੰਡ ਆ ਗਿਆ। ਰਾਤ ਪੈ ਗਈਓ ਸੀ। ਮੁਸਾਫਿਰ ਲੜਕੇ ਨੂੰ ਕਹਿੰਦਾ - ਬਈ ਨ੍ਹੇਰਾ ਹੋ ਗਿਆ। ਤੂੰ ਅੱਜ ਮੇਰੇ ਘਰ ਰਹਿ ਲਾ। ਸਵੇਰੇ ਚਲਾ ਜਾਵੀਂ। ਲੜਕਾ ਕਹਿੰਦਾ - ਠੀਕ ਆ।

ਓਧਰ ਮੁਸਾਫਿਰ ਦੀ ਵੀ ਇਕ ਲੜਕੀ ਸੀ। ਉਹ ਵੀ ਕਹਿੰਦੀ ਸੀ ਮੈਂ ਉਹਦੇ ਨਾਲ ਵਿਆਹ ਕਰਾਉਣਾ ਜਿਹੜਾ ਮੇਰੀ ਗੱਲ ਦਾ ਉੱਤਰ ਦਊਗਾ। ਮੁਸਾਫਿਰ ਨੇ ਲੜਕੇ ਨੂੰ ਬੜਾ ਜੋਰ ਲਾਇਆ ਘਰ ਜਾਣ ਲਈ। ਪਰ ਉਹ ਹਵੇਲੀ ਅਟਕ ਗਿਆ। ਮੁਸਾਫਿਰ ਆਪਣੇ ਘਰ ਗਿਆ। ਜਾ ਕੇ ਲੜਕੀ ਨੂੰ ਕਹਿੰਦਾ ਬਈ ਰੋਟੀ ਤਿਆਰ ਕਰਦੇ। ਮੇਰੇ ਨਾਲ ਇਕ ਬੰਦਾ ਆਇਆ, ਮੂਰਖ ਜਿਹਾ। ਮੈਂ ਉਹਨੂੰ ਹਵੇਲੀ ਬਠਾ ਕੇ ਆਇਆਂ। ਲੜਕੀ ਪੁੱਛਣ ਲੱਗੀ-ਪਿਤਾ ਜੀ ਤੁਹਾਨੂੰ ਕਿੱਦਾਂ ਪਤਾ ਉਹ ਮੂਰਖ ਆ।'ਅਸੀਂ ਕੱਠੇ ਤੁਰੇ ਆਉਂਦੇ ਸੀ। ਉਹ ਮੈਨੂੰ ਆਖਣ ਲੱਗਾ - ਅੱਧੀ ਵਾਟ ਤੂੰ ਮੈਨੂੰ ਚੱਕ ਅੱਧੀ ਮੈਂ ਤੈਨੂੰ ਚੱਕੂੰਗਾ। ਮੂਰਖ ਨੀ ਤਾਂ ਉਹ ਹੋਰ ਕੀ ਆ।

ਪਿਤਾ ਜੀ ਮੂਰਖ ਉਹ ਨੀ। ਇਹਦੇ ਵਿਚ ਮੂਰਖਤਾ ਤੁਹਾਡੀ ਆ। ਅਖੇ ਕਿਉਂ ....?

ਉਹਨੇ ਕਿਹਾ ਸੀ ਅੱਧੀ ਵਾਟ ਤੂੰ ਮੈਨੂੰ ਗੱਲਬਾਤ ਸੁਣਾ। ਅੱਧੀ ਵਾਟ ਮੈਂ ਤੈਨੂੰ ਗੱਲਬਾਤ ਸੁਣਾਊਂਗਾ। ਸਾਡਾ ਸਫ਼ਰ ਛੇਤੀ ਮੁੱਕ ਜਾਊਗਾ।'

ਕਹਿੰਦਾ - 'ਅੱਛਾ...। ਗੱਲ ਤਾਂ ਤੇਰੀ ਠੀਕ ਆ।

ਲੈ ਹੋਰ ਸੁਣ। ਜਦੋਂ ਥੋੜ੍ਹੀ ਵਾਟ ਅਸੀਂ ਹੋਰ ਆਏ ਤਾਂ ਧਰਤੀ ਉੱਚੀ ਨੀਵੀਂ ਸੀ। ਮੈਨੂੰ ਕਹਿੰਦਾ ਦੋ ਘੋੜੇ ਲੈ ਆ। ਅਸੀਂ ਸੌਖੇ ਚਲੇ ਜਾਵਾਂਗੇ। ਮੂਰਖ ਨੀ ਹੋਇਆ।

'ਪਿਤਾ ਜੀ ਉਹਦਾ ਮਤਲਬ ਇਹ ਨਹੀਂ ਸੀ। ਉਹ ਤਾਂ ਕਹਿੰਦਾ ਸੀ ਹਿਥੋਂ ਦੋ ਡੰਡੇ ਵੱਢ ਲਿਆ। ਤਰਾਈ ਚੜ੍ਹਾਈ ਆ। ਸੌਖੇ ਚਲੇ ਜਾਵਾਂਗੇ।'

ਕਹਿੰਦਾ - ਅੱਛਾ ...। ਤੂੰ ਠੀਕ ਕਹਿੰਦੀ ਆਂ।

ਲੈ ਅੱਗੇ ਸੁਣ ਲੈ। ਰਾਹ ਵਿਚ ਪਾਣੀ ਸੀ। ਉਹ ਸਣੇ ਬੂਟ ਜਰਾਬਾਂ ਪਾਣੀ ਵਿਚੀਂ ਲੰਘ ਗਿਆ। ਮੂਰਖ ਨੀ ਤਾਂ ਉਹ ਹੋਰ ਕੀ ਆ। ਪਿਤਾ ਜੀ ਉਹਦਾ ਕਿਹੜਾ ਘਰ[illegible]ਸੀ ਲਾਗੇ। ਉਹਨੇ ਸੋਚਿਆ ਕਿ ਜੇ ਮੈਂ ਨੰਗੇ ਪੈਰੀਂ ਲੰਘਿਆ ਤਾਂ ਮੇਰੇ ਕੋਈ ਕੀੜਾ ਮਕੌੜਾ ਲੜ ਸਕਦਾ। ਇਸ ਕਰਕੇ ਉਹ ਜੋੜੇ ਜਾਮੇ ਥਣੀਂ ਲੰਘ ਗਿਆ।'ਅੱਗੇ ਬੇਟਾ ਕਣਕ ਦਾ ਖੇਤ ਸੀ। ਉਹ ਮੈਨੂੰ ਪੁੱਛਣ ਲੱਗਾ ਕਿ ਇਹ ਖਾਧੀਓ ਆ ਜਾਂ ਖਾਣੇ ਵਾਲੀ ਆ। ਇਦੇ ਵਿਚ ਦੱਸਦੇ ਉਹਦੀ ਕੀ ਸਮਝਦਾਰੀ ਆ।'ਪਿਤਾ ਜੀ ਉਹਦੀ ਗੱਲ ਠੀਕ ਸੀ। ਪਿਤਾ ਜੀ ਕਈ ਵਾਰੀ ਕਿਸੇ ਟੱਬਰ ਨੇ ਪਹਿਲਾਂ ਹੀ 8, 10 ਮਣ ਕਣਕ ਉਧਾਰੀ ਲੈ ਕੇ ਖਾਧੀ ਹੁੰਦੀ ਆ। ਉਹ ਸਮਝ ਲਓ ਖਾਧੀਓ ਆ। ਜੇ ਨਹੀਂ ਉਧਾਰੀ ਲਈਓ ਤਾਂ ਸਮਝ ਲਓ ਖੜ੍ਹੀ ਆ।' 'ਫੇਰ ਪੁੱਤ ਮੈਂ ਉਹਨੂੰ ਕਿਹਾ ਸਾਡੇ ਘਰ ਆ ਜਾ। ਉਹ ਹਵੇਲੀ ਅਟਕ ਗਿਆ। ਕਹਿੰਦਾ ਪਹਿਲਾਂ ਦੇਖ ਆ ਕੋਈ ਸ਼ਤੀਰੀ ਬਾਲਾ ਤਨੀ ਟੁੱਟਿਆ।'

ਪਿਤਾ ਜੀ ਇਹਦੇ ਵਿਚ ਵੀ ਉਹਨੇ ਅਕਲਮੰਦੀ ਵਰਤੀ। ਕਈ ਵਾਰੀ ਘਰਾਂ ਵਿਚ ਵਹੁਟੀਆਂ, ਕੁੜੀਆਂ ਸਹਿਜ ਸੁਭਾਅ ਬੈਠੀਆਂ ਹੁੰਨੀਆਂ। ਲੀੜਾ ਈ ਨੀ ਹੁੰਦਾ ਸਿਰ ਤੇ। ਤਾਂ ਨੀ ਉਹ ਘਰ ਨੂੰ ਆਇਆ।

ਤਾਂ ਤੇ ਪੁੱਤ ਉਹ ਦਮਾਗੀ ਬੰਦਾ। ਹੁਣ ਤੂੰ ਉਹਦੇ ਲਈ ਰੋਟੀ ਬਣਾ ਲੈ ਛੇਤੀ। ਪਤਾ ਨੀ ਕਦ ਦਾ ਭੁੱਖਾ ਹੋਣਾ।'

ਲੜਕੀ ਝਬ ਦੇਣੀ ਉੱਠੀ। ਰੋਟੀ ਤਿਆਰ ਕਰਨ ਲੱਪਈ। ਉਹਨੇ ਚੌਲ਼ ਬਣਾਏ, ਤਰੀ ਬਣਾਈ ਤੇ ਨਾਲ ਰੋਟੀ ਪਕਾ ਕੇ ਝੀਰੀ ਨੂੰ ਸੱਦਾ ਭੇਜ ਦਿੱਤਾ। ਝੀਰੀ ਆਗਈ। ਲੜਕੀ ਝੀਰੀ ਨੂੰ ਕਹਿੰਦੀ- ਆਹ ਸਾਡੀ ਹਵੇਲੀ ਰੋਟੀ ਫੜਾ ਆ। ਉੱਥੇ ਇਕ ਮੁਸਾਫਿਰ ਬੈਠਾ ਹੋਣਾ। ਉਹਨੂੰ ਜਾ ਕੇ ਮੇਰਾ ਇਕ ਸੁਨੇਹਾ ਵੀ ਦੇ ਦੇਵੀਂ। ਕਿਹੜਾ ਸੁਨੇਹਾ ....?'ਤੂੰ ਕਹੀਂ - ਚੌਦਵੀਂ ਦੀ ਰਾਤ ਭਾਗਾਂ ਨਾਲ ਆਈ ਏ ਚੰਨ ਕਰੇ ਰੁਸ਼ਨਾਈ, ਤਾਰਿਆਂ ਸ਼ੈਬਰ ਲਾਈ ਏ। ਝੀਰੀ ਨੇ ਗੱਲ ਸੁਣ ਲਈ । ਕਹਿੰਦੀ ਅੱਛਾ - ਮੈਂ ਦੇ ਦਊਂਗੀ ਸੁਨੇਹਾ। ਤੁਰ ਪਈ ਰੋਟੀ ਲੈ ਕੇ।

ਰਸਤੇ ਵਿਚ ਝੀਰੀ ਦਾ ਮੁੰਡਾ ਉਹਦੇ ਮਗਰ ਲੱਗ ਤੁਰਿਆ। ਮੁੰਡਾ ਕਹਿੰਦਾ ਤੂੰ ਮੈਨੂੰ ਦੇ ਦੇ ਤੇਰੇ ਕੋਲ ਕੀ ਆ।

ਝੀਰੀ ਨੇ ਅੱਧਾ ਅੱਧਾ ਸਮਾਨ ਕੱਢ ਕੇ ਮੁੰਡੇ ਆਪਣੇ ਨੂੰ ਦੇਤਾ। ਬਾਕੀ ਰੋਟੀ ਲੈ ਕੇ ਹਵੇਲੀ ਪਹੁੰਚ ਗਈ। ਮੁਸਾਫ਼ਿਰ ਨੂੰ ਰੋਟੀ ਪਾ ਕੇ ਦੇਤੀ।

ਮੁਸਾਫ਼ਿਰ ਕਹਿੰਦਾ - ਕੁਝ ਕਿਹਾ ਵੀ ਆ ਉਨ੍ਹੀ।
ਕਹਿੰਦੀ - ਹਾਂ
ਕਹਿੰਦਾ - ਕੀ
ਕਹਿੰਦੀ - ਲੜਕੀ ਨੇ ਕਿਹਾ ਸੀ ਕਿ-
ਚੌਦਵੀਂ ਦੀ ਰਾਤ ਭਾਗਾਂ ਨਾਲ ਆਈ ਏ
ਚੰਨ ਕਰੇ ਰੁਸ਼ਨਾਈ,
ਤਾਰਿਆਂ ਸ਼ੈਬਰ ਲਾਈ ਏ।
ਤੁਸੀਂ ਤਨੀ ਕੁਛ ਕਹਿਣਾ।
ਹਾਂ ਕਹਿਣਾ !'
ਕੀ - ?'
ਤੂੰ ਕਹੀਂ - ਚੌਦਵੀਂ ਦੀ ਰਾਤ ਸਾਡੇ, ਚੌਥ ਆਈ ਆ।
ਚੰਨ ਗਿਆ ਛੁੱਪ,
ਤਾਰਾ ਕੋਈ ਕੋਈ ਆ।

ਝੀਰੀ ਕਹਿੰਦੀ ਅੱਛਾ - ਰੋਟੀ ਫੜਾ ਕੇ ਵਾਪਸ ਉਸ ਲੜਕੀ ਕੋਲ ਆ ਗਈ। ਉਹ ਪੁਛਦੀ ਆ ਕਿ ਸੁਨੇਹਾ ਮੇਰਾ ਦਿੱਤਾ ਸੀ ...? ਕਹਿੰਦੀ ਹਾਂ ਦਿੱਤਾ ਸੀ। ਫੇਰ ਉਨ੍ਹੇ ਕੀ ਕਿਹਾ। ਝੀਰੀ ਨੇ ਸਾਰੀ ਗੱਲ ਸੁਣਾ ਦਿੱਤੀ ਜੋ ਲੜਕੇ ਨੇ ਕਹੀ ਸੀ। ਲੜਕੀ ਨੇ ਉਸੇ ਵੇਲੇ ਝੀਰੀ ਗੁੱਤੋਂ ਫੜ ਲਈ। ਕਹਿੰਦੀ ਦੱਸ ਅੱਧਾ ਸਮਾਨ ਕਿੱਥੇ ਰੱਖ ਕੇ ਗਈ ਸੀ। ਝੀਰੀ ਕਰੇ ਮਿੰਨਤਾਂ। ਕਹਿੰਦੀ ਮੈਨੂੰ ਕੀ ਪਤਾ ਸੀ ਕਿ ਸਾਰਾ ਭੇਤ ਤੁਹਾਡੀਆਂ ਗੱਲਾਂ ਵਿਚ ਈ ਛੁਪਿਆ ਪਿਆ। ਲੜਕੀ ਆਪਣੇ ਪਿਤਾ ਨੂੰ ਕਹਿੰਦੀ - ਪਿਤਾ ਜੀ ਮੈਂ ਤਾਂ ਇਸੇ ਲੜਕੇ ਨਾਲ ਵਿਆਹ ਕਰਾਉਣੇ। ਇਹਨੇ ਮੇਰੀਆਂ ਸਾਰੀਆਂ ਗੱਲਾਂ ਦਾ ਜਵਾਬ ਦੇਤਾ।

ਲੜਕੇ ਨੂੰ ਘਰ ਸੱਦ ਲਿਆ। ਸਾਰੀ ਗੱਲਬਾਤ ਕੀਤੀ। ਲੜਕਾ ਕਹਿੰਦਾ ਬਈ ਵਿਆਹ ਤਾਂ ਮੈਂ ਕਰਾ ਲਊਂ। ਪਹਿਲਾਂ ਤੈਨੂੰ ਉਸ ਪ੍ਰਸ਼ਨ ਦਾ ਉੱਤਰ ਦੇਣਾ ਪੈਣਾ ਜਿਹੜਾ ਉਤਰ ਲੱਭਣ ਲਈ ਮੈਂ ਘਰੋਂ ਨਿਕਲਿਆ ਆਂ।

ਕਿਹੜਾ ਪ੍ਰਸ਼ਨ ...?'ਰਾਜੇ ਦੇ ਮਹਿਲਾਂ ਵਿਚ ਇਕ ਗੁਜਰੀ ਆਈ ਸੀ। ਉਹ ਰਾਣੀ ਨੂੰ ਕਹਿੰਦੀ ਕਿ ਰਾਣੀ ਇਹ ਜ਼ਨਾਨੀ ਨੀ ਮਰਦ ਆ। ਲੜਕੀ ਕਹਿੰਦੀ - ਹਾਂ। ਮੈਨੂੰ ਲੈ ਜਾਓ। ਮੈਂ ਗੱਲ ਦਾ ਜਵਾਬ ਦੇ ਦਊਂ। ਲੜਕੀ ਲੜਕੇ ਨਾਲ ਰਾਜੇ ਦੇ ਮਹਿਲੀਂ ਚਲੀ ਗਈ। ਉਹ ਕਹਿੰਦੀ ਇੱਕ ਤਲਾਅ ਪੁੱਟੋ ਤੇ ਇਸ ਨੂੰ ਪਾਣੀ ਨਾਲ ਭਰੋ। ਰਾਜੇ ਦੇ ਨੌਕਰਾਂ ਨੇ ਇਸੇ ਤਰ੍ਹਾਂ ਕੀਤਾ। ਰਾਣੀ ਦੇ ਮਹਿਲਾਂ ਲਾਗੇ ਤਲਾਅ ਪੁੱਟ ਕੇ ਇਹਨੂੰ ਪਾਣੀ ਨਾਲ ਭਰ ਦਿੱਤਾ।

ਰਾਣੀ ਦੇ ਮਹਿਲਾਂ ਵਿਚ ਜਿੰਨੀਆਂ ਗੋਲੀਆਂ ਸੀ, ਸਾਰੀਆਂ ਸੱਦ ਲਈਆਂ। ਕਹਿੰਦੀ ਇੱਥੇ ਮੇਰੇ ਸਾਹਮਣੇ ਨਹਾਵੋ ਸਾਰੀਆਂ ਜਣੀਆਂ। ਸਾਰੀਆਂ ਗੋਲੀਆਂ ਨੂੰ ਨਹਾਉਣ ਲਾਤਾ। ਇਕ ਨਾ ਨਾਵ੍ਹੇ। ਜਦੋਂ ਦੇਖਿਆ ਤਾਂ ਉਹ ਮਰਦ। ਲੜਕੀ ਕਹਿੰਦੀ - ਗੁਜਰੀ ਸੱਚੀ ਸੀ। ਉਹ ਇਨ੍ਹੂੰ ਕਹਿ ਰਹੀ ਸੀ ਕਿ ਇਹ ਜ਼ਨਾਨੀ ਨੀ ਮਰਦ ਆ। ਫਿਰ ਰਾਜੇ ਨੇ ਗੋਲੀ ਦੇ ਰੂਪ ਵਿਚ ਬਣੇ ਮਰਦ ਨੂੰ ਸਜਾ ਦਿੱਤੀ ਅਤੇ ਉਸ ਲੜਕੀ ਦਾ ਵਜ਼ੀਰ ਦੇ ਲੜਕੇ ਨਾਲ ਵਿਆਹ ਕਰ ਦਿੱਤਾ ਅਤੇ ਉਹਨਾਂ ਨੂੰ ਢੇਰ ਸਾਰੇ ਇਨਾਮ ਦਿੱਤੇ।

## ਗੁਜਰਾਤੀ ਕਹਾਣੀ / ਨੀਰਵ ਪਟੇਲ

# ਕਰੀਮੀ ਲੇਅਰ

ਸਾਰੇ ਨਾਤੇ-ਰਿਸਤੇਦਾਰਾਂ ਤੋਂ ਦੂਰ ਇਥੇ ਮੁੰਬਈ ਵਰਗੇ ਸਰਵਦੇਸੀ ਮਹਾਂਨਗਰ ਵਿਚ ਰਹਿਕੇ ਇੱਕਲੇ ਹੀ ਵਿਆਹ ਸੰਪੂਰਨ ਕਰਨਾ ਸੋਖਾ ਨਹੀਂ ਹੈ। ਅਤੇ ਫੇਰ ਵੀ ਕੱਪੜੇ, ਗਹਿਣੇ, ਵਿਆਹ ਸਥਾਨ, ਕੇਟਰਿੰਗ, ਸੰਗੀਤ ਅਰਾਧਨਾ, ਬਿਊਟੀਸ਼ੀਅਨ, ਤੇ ਬਰਾਤ ਦੇ ਠਹਿਰਨ ਦਾ ਸਾਰਾ ਪ੍ਰਬੰਧ ਤਾਂ ਚੈਕ-ਬੁੱਕ ਦਾ ਇਕ-ਇਕ ਪੇਜ਼ ਪਾੜ ਕੇ ਕਰ ਦਿੱਤਾ ਸੀ, ਪ੍ਰੰਤੂ ਕੁਕੰਮ ਪਤ੍ਰਿਕਾ 'ਤੇ ਦੰਪਤੀ ਦੀ ਬਹਿਸ ਖ਼ਤਮ ਨਹੀ ਹੋ ਰਹੀ ਸੀ। ਬਹੁਤ ਜਿਆਦਾ ਵਿਚਾਰਮੰਥਨ ਦੇ ਬਾਅਦ ਇਕ ਨਹੀਂ ਦੋ ਕੁਕੰਮ ਪਤ੍ਰਿਕਾ ਦਾ ਨਕਸ਼ਾ, ਡਿਜਾਇਨ ਅਤੇ ਰੰਗਰੂਪ ਆਦਿ ਪੱਕੇ ਕੀਤੇ ਗਏ, ਇਕ ਅੰਗਰੇਜ਼ੀ ਅਤੇ ਇਕ ਗੁਜਰਾਤੀ ਵਿਚ। ਇਕ ਬਿਰਾਦਰੀ ਵਾਲਿਆ ਦੇ ਲਈ ਅਤੇ ਦੂਸਰੀ ਹੋਰ ਲੋਕਾਂ ਦੇ ਲਈ ਫੇਰ ਜਾ ਕੇ ਕੀਤੇ ਸੁੱਖ ਦਾ ਸਾਂਹ ਮਿਲਿਆ।

ਏਅਰ ਹੋਸਟਸ ਦੇ ਪਹਿਰਾਵੇ ਵਿਚ ਸਜੀ ਸ਼ਾਲਿਨੀ ਬਹੁਤ ਹੀ ਚੁਸਤ ਅਤੇ ਪਿਆਰੀ ਲਗ ਰਹੀ ਸੀ। ਉਹ ਜਿਸ ਨੂੰ ਵੀ ਬੁਲਾਵਾ ਪੱਤਰ ਦਿੰਦੀ, ਉਹ ਸਾਰੇ ਉਸਦੀ ਪ੍ਰਸੰਸਾ ਕਰਨ ਲਗਦੇ। ਕੈਪਟਨ ਨੇ ਕਿਹਾ ਸੀ, ਉ ਓਹ ! ਕਿੰਨੀ ਸੁੰਦਰ ਭਾਸ਼ਾ ਹੈ। ਗੰਭੀਰ ਸੁਭਾਅ ਦੇ ਪਾਇਲਟ ਦੇਸਪਾਂਡੇ ਨੇ ਕਿਹਾ ਸੀ, ਉ ਵਾਹ! ਗਣੇਸ਼ ਜੀ ਲਈ ਕਿੰਨੀ ਸੋਹਣੀ ਅਮੂਰਤ ਕਲਾ ਦੀ ਚੋਣ ਕੀਤੀ ਹੈ ਤੂੰ ?" ਟੇਡੇ ਢੰਗ ਵਿਚ ਛਪੇ ਹੋਏ ਸਤਪਦੀ ਦੇ ਸ਼ਲੋਕ ਵਾਲਾ ਬੁਲਾਵਾ ਪੱਤਰ ਪ੍ਰਾਪਤ ਕਰਕੇ ਸਾਰੇ ਵਿਅਕਤੀ ਬਹੁਤ ਖੁਸ਼ ਹੋ ਰਹੇ ਸੀ ਅਤੇ ਸ਼ਾਲਿਨੀ ਆਪਣੇ ਮਾਤਾ-ਪਿਤਾ ਦੀ ਸੰਸਕ੍ਰਿਤੀ ਦੇ ਬਿਆਨ ਸੁਣ ਕੇ ਮਾਣ ਮਹਿਸੂਸ ਕਰ ਰਹੀ ਸੀ। ਜਦੋਂ ਸਹਾਇਕ ਪਾਇਲਟ ਕੁਲੀਨ ਜੋਸ਼ੀ ਨੇ ਉਸ ਨੂੰ ਚੂੰਬਨਾਂ ਨਾਲ ਨਹਾ ਦਿਤਾ, ਫਿਰ ਤਾਂ ਜਿਵੇਂ ਉਸ ਦਾ ਸੁੱਖ ਸੱਤਵੇਂ ਆਸਮਾਨ ਨੂੰ ਛੋਹਣ ਲੱਗਿਆ।

ਉਮਿਸ ਸ਼ਾਲਿਨੀ ਬਘੇਲਾ ਹੁਣ ਸ਼੍ਰੀਮਤੀ ਸ਼ਾਲਿਨੀ ਜੋਸ਼ੀ ਦੇ ਰੂਪ ਵਿਚ ਪਹਿਚਾਣੀ ਜਾਵੇਗੀ"। ਇਕ ਕਰਮਚਾਰੀ ਕਾਠੀਆਵਾੜੀ ਲਹਿਜੇ 'ਚ ਬੋਲਿਆ, ਉਬਾਪੂ ਦੇ ਘਰ 'ਚ ਵਿਆਹ ਹੈ ਫਿਰ ਕਮੀ ਕਿਸ ਗੱਲ ਦੀ?"

ਪ੍ਰੰਤੂ ਸ਼ਾਲਿਨੀ ਤਾਂ ਆਪਣਿਆਂ ਸੁਪਨਿਆਂ ਵਿਚ ਹੀ ਖੋਈ ਹੋਈ ਸੀ। ਉਹ ਤਾਂ ਸੱਚਮੁਚ ਹੀ ਅਕਾਸ਼ ਵਿਚ ਉੱਡ ਰਹੀ ਸੀ .... ਮਹਿਮਾਨਾਂ ਦੀ ਲੰਮੀ-ਚੋੜੀ ਸੁੱਚੀ ਲੈ ਕੇ ਖੁਦ ਪਤ੍ਰਿਕਾ ਦੇਣ ਗਏ ਬਘੇਲਾ ਦੰਪਤੀ ਦੀ ਹਾਲਤ ਗੰਭੀਰ ਸੀ। ਅਹਿਮਦਾਬਾਦ ਹਵਾਈ ਅੱਡੇ ਤੋਂ ਟੈਕਸੀ ਲੈ ਕੇ ਸਿੱਧੇ ਹੀ ਆਪਣੇ ਦੇਸ਼ ਦੇ ਪਿੰਡ ਵਿਚ ਪੁਹਚੇ ਹੋਏ ਇਸ ਬਦੇਸ਼ੀ ਵਰਗੇ ਲਗਣ ਵਾਲੇ ਜੋੜੇ ਨੂੰ ਸਾਰੇ ਪਰਿਵਾਰ ਦੇ ਮੈਂਬਰਾਂ ਨੇ ਘੇਰ ਲਿਆ ਅਤੇ ਲੱਗੇ ਤਾਨੇ ਮਾਰਨ ਤੇ ਵਿਅੰਗ ਕਸਣ 'ਓ...ਹੋ.. ਭਾਈ ਸਾਹਿਬ, ਇੰਨੇ ਸਾਲਾਂ ਬਾਅਦ ਬਾਪ-ਦਾਦੇ ਦੀ ਧਰਤੀ ਕਿਵੇਂ ਯਾਦ ਆ ਗਈ? ਤੁਹਾਡੇ ਪਿਤਾ ਜੀ ਤਾਂ ਨਵੇਂ ਸਾਲ ਦੀਆ ਮੁਬਾਰਕਾਂ ਦੇਣ ਹਰ ਸਾਲ ਆਉਦੇਂ ਸੀ। ਨਰਾਤੇ ਦੇ ਦਿਨਾਂ ਵਿਚ ਮਾਤਾ ਜੀ ਨੂੰ ਭੋਗ ਚੜ੍ਹਾਉਂਦੇ ਸੀ। ਰਾਮਾਪੀਰ ਵਿਚ ਨਵਗਜ ਦਾ ਨੇਜਾ ਤਾਂ ਉਹਨਾਂ ਦਾ ਹੀ ਹੁੰਦਾ ਸੀ। ਪਰ ਭਾਈ ਸਾਹਿਬ ਤੁਸੀ ਤਾਂ ਪੜ੍ਹ-ਲਿਖ ਕੇ ਸ੍ਹਾਬ ਹੀ ਬਣ ਗਏ ਅਤੇ ਬਹੁਟੀ ਲੈ ਕੇ ਮੁੰਬਈ ਵਿਚ ਬਸ ਗਏ। ਪਰਿਵਾਰ ਵਾਲਿਆਂ ਨੂੰ ਵੀ ਭੁੱਲ ਗਏ ਹੋ ਤੁਸੀਂ ਤਾਂ! ਤੁਹਾਡੇ ਲਈ ਕੀ ਭਾਈਚਾਰਾ ਤੇ ਕੀ ਰਿਸਤੇਦਾਰੀ? ਤੁਹਾਡਾ ਕਿਹੜਾ ਪਰਿਵਾਰ ਤੇ ਕਬੀਲਾ?'

ਮਧੁਰ ਸਵਾਗਤ ਦੇ ਬਦਲੇ ਤਿਖੇ ਸ਼ਬਦ ਸੁਣ ਕੇ ਬਘੇਲਾ ਦੰਪਤੀ ਸ਼ਰਮਿੰਦਾ ਹੋ ਗਿਆ। ਜਦੋਂ ਕਿ ਉਹ ਸਮਝਦੇ ਸੀ ਕਿ ਪਰਿਵਾਰ ਵਾਲਿਆਂ ਦੀ ਗੱਲਬਾਤ ਵਿਚ ਵੀ ਦਮ ਸੀ। ਭਾਈ-ਭਾਬੀ, ਭੈਣ-ਜੀਜਾ, ਚਾਚਾ-ਚਾਚੀ, ਮਾਮਾ, ਮਾਸੀ, ਭੂਆ-ਫੁੱਫੜ ਵਰਗੇ ਸੰਬੰਧ ਆਉਣ ਜਾਣ ਨਾਲ ਹੀ ਤਾਂ ਬਣੇ ਰਹਿੰਦੇ ਹਨ। ਜੇਕਰ ਉਹ ਪਿੰਡ ਛੱਡ ਕੇ ਸ਼ਹਿਰ ਨਹੀਂ ਗਏ ਹੁੰਦੇ ਤੇ ਪਿਤਾ ਪੁਰਖੀ ਧੰਦਾ ਛੱਡਕੇ ਇਸ ਵਾਇਟ ਕਲਰ ਵਿਚ ਨੌਕਰੀ ਨਹੀਂ ਲਗੇ ਹੁੰਦੇ, ਸਿੱਖਿਅਤ ਹੋਣ ਦੇ ਬਦਲੇ ਇਹਨਾਂ ਸਭ ਦੇ ਸਮਾਨ ਅੰਗੂਠਾ ਛਾਪ ਹੀ ਰਹਿੰਦੇ ਅਤੇ ਇਸ ਢੋਰਵਾੜੇ ਦੇ ਬਦਲੇ ਅਪਾਰਟਮੈਂਟ ਵਿਚ ਨਹੀਂ ਗਏ ਹੁੰਦੇ, ਤਾਂ ਸ਼ਾਇਦ ਇਹ ਸੰਬੰਧ ਬਣੇ ਰਹਿੰਦੇ....... ਸ਼ਾਇਦ।

ਚਾਚੇ ਦੇ ਪੁੱਤਰ ਬਹੁਤ ਹੀ ਜਿਆਦਾ ਮਿਜਾਜੀ ਸੀ। ਉਹ ਖੁਦ ਤਾਂ ਪੜ੍ਹ ਨਹੀ ਸਕੇ ਸੀ ਪ੍ਰੰਤੂ ਦੁਪਹਿਰ ਦੇ ਖਾਣੇ ਦੇ ਲਾਲਚ ਵਿਚ ਸਕੂਲ ਵਿਚ ਜਰੂਰ ਭੇਜਿਆ ਜਾਂਦਾ। ਉਹਨਾਂ ਦਾ ਛੋਟੂ ਟੁੱਟੇ-ਫੁੱਟੇ ਅੱਖਰਾਂ ਨੂੰ ਜਰੂਰ ਸਮਝਣ ਲੱਗ ਗਿਆ ਸੀ। ਉਸ ਨੇ ਬਹੁਤ ਮੁਸ਼ਕਲ ਨਾਲ ਪੂਰੀ ਪਤ੍ਰਿਕਾ ਪੜ੍ਹ ਕੇ ਸੁਣਾ ਦਿਤੀ। ਬੁਲਾਵਾ ਪੱਤਰ ਦੇਣ ਵਾਲੇ ਦੋ ਦਰਜਣ ਨਾਵਾਂ ਵਿਚ ਆਪਣਾ ਨਾਮ ਵੀ ਸੁਣ ਕੇ ਉਹ ਮਨ ਹੀ ਮਨ ਖੁਸ਼ ਹੋ ਉੱਠੇ- 'ਧੂਲਾਭਾਈ ਪੰਜਾਭਾਈ ਬਘੇਲਾ, ਕਾਲੀਦਾਸ ਪੂੰਜਾਭਾਈ ਬਘੇਲਾ'.... ਪਤ੍ਰਿਕਾ ਨੂੰ ਅੱਗੇ-ਪਿਛੇ, ਉੱਪਰ-ਥੱਲੇ ਘੁਮਾ ਕੇ ਬੜਕੀ ਭਾਬੀ ਗਰਜ ਉੱਠੀ, "ਕਿਉਂ ਭਾਈ ਸਾਹਿਬ, ਸਾਡੀ ਕੁਲਦੇਵੀ ਚਾਮੁੰਡਾ ਮਾਤਾ ਜੀ ਨੂੰ ਤੁਸੀਂ ਭੁੱਲ ਗਏ? ਉਹਨਾਂ ਦੀ ਕਿਰਪਾ ਨਾਲ ਤਾਂ ਸਾਡੇ ਕੁਲ ਦੀਆਂ ਸਾਰੀਆਂ ਮੁਸੀਬਤਾਂ ਟਲ ਜਾਂਦੀਆ ਹਨ। ਹੁਣ ਸਾਹਿਬ ਬਣ ਗਏ ਤਾਂ ਮਾਤਾ ਜੀ ਤੋਂ ਵੀ ਕਿਨਾਰਾ ਕਰ ਲਿਆ? ਤੁਸੀ ਆਪਣੇ ਵਰਗੇ ਕੋਟ ਪੈਂਟ ਵਾਲੇ ਭਗਵਾਨ ਦੀ ਤਸਵੀਰ ਲਗਾ ਦਿਤੀ ਅਤੇ ਸਾਡੀ ਕੁਲ ਮਾਤਾ ਜੀ ਨੂੰ ਭੁੱਲ ਗਏ?" ਮੋਢੇ ਉੱਤੇ ਬੜੀ ਝਾੜੂ ਰੱਖਕੇ ਪਿੰਡ ਦੀ ਤਰਫ ਜਾਂਦੇ ਹੋਏ ਉਹ ਬੁੜਬੜਾਉਂਦੀ ਰਹੀ, ਉ ਸ਼ਾਹੂਕਾਰ ਨਾਲ ਵਿਆਹ ਕਰੋ ਆਪਣੀ ਲੜਕੀ ਦਾ। ਅਸੀਂ ਨਹੀ ਚੜ੍ਹਾਗੇਂ ਤੁਹਾਡੇ ਦਰਵਾਜੇ 'ਤੇ!"

ਕੁਲ ਦੇਵੀ ਦੀ ਤਸਵੀਰ ਅਤੇ 'ਚਾਮੁੰਡਾ ਮਾਤਾ ਜੀ' ਦੀ ਅਪਾਰ ਕਿਰਪਾ ਨਾਲ ਆਰੰਭ ਹੋਣਵਾਲੇ ਬੁਲਾਵਾ ਪੱਤਰ ਦੇ ਬਦਲੇ ਬਘੇਲਾ ਦੰਪਤੀ ਨੇ ਨਵ-ਜਾਗ੍ਰਿਤੀ ਦੀ ਨਿਸ਼ਾਨੀ ਸਵਰੂਪ ਬਾਬਾ ਸਾਹਿਬ ਅੰਬੇਡਕਰ ਦੀ ਪ੍ਰਤੀਮਾ ਛਪਵਾ ਕੇ ਜਿਵੇਂ ਕਿ ਨਾ ਮੁਆਫ਼ ਕਰਨ ਵਾਲਾ ਅਪਰਾਧ ਕੀਤਾ ਹੋਵੇ। ਉਹਨਾਂ ਨੇ ਸੋਚਿਆ ਵੀ ਨਹੀਂ ਸੀ ਕਿ ਉਹਨਾਂ ਅਤੇ ਪਰਿਵਾਰ ਵਾਲਿਆਂ ਦੇ ਵਿਚਕਾਰ ਇੰਨੀ ਵੱਡੀ ਦੂਰੀ ਆ ਗਈ ਹੋਵੇਗੀ...

ਦੋਨੋਂ ਹੱਥ ਜੋੜ ਕੇ ਸਭ ਨੂੰ ਮਿੰਨਤਾਂ ਕਰਦੇ ਹੋਏ ਉਹਨਾਂ ਨੇ ਇਸ ਗੁਨਾਹ ਦੇ ਬਦਲੇ ਮੁਆਫ਼ ਕਰਨ ਨੂੰ ਕਿਹਾ।

ਇੰਨੇ ਵਿਚ ਪੱਲਾ ਕਰ ਕੇ ਤੇ ਨਜ਼ਰਾਂ ਝੁਕਾ ਕੇ ਛੋਟੀ ਭਾਬੀ ਕਹਿਣ ਲਗੀ, ਉਸਾਡੇ ਲਈ ਤਾਂ ਇਥੇ ਖਾਣਾ ਕਮਾਉਣਾ ਹੀ ਔਖਾ ਹੈ, ਤਾਂ ਗੱਡੀ ਦੇ ਕਿਰਾਏ ਦਾ ਖਰਚ ਕਰਕੇ ਮੁੰਬਈ ਕਿਸ ਤਰ੍ਹਾਂ ਆਵਾਂਗੇ? ਅਸੀਂ ਬੱਚਿਆਂ ਦੇ ਪਹਿਨਣ ਲਈ ਕੱਪੜੇ ਵੀ ਮਰੇ ਹੋਏ ਵਿਆਕਤੀਆਂ ਦੀ ਧੋਤੀ ਸਾੜ੍ਹੀ ਨਾਲ ਬਣਾਉਦੇਂ ਹਾਂ। ਸਾਰਾ ਪਿੰਡ ਘੁੰਮ ਕੇ ਖਾਣਾ ਮੰਗ ਲੈਂਦੇ ਹਾਂ ਫੇਰ ਜਾ ਕੇ ਪੇਟ ਭਰਦਾ ਹੈ। ਫਿਰ ਅਸੀ ਤੁਹਾਡੇ ਵਰਗੇ ਵੱਡੇ ਲੋਕਾਂ ਦੇ ਵਿਚ ਅਲੱਗ ਨਹੀ ਦਿਖਾਈ ਦੇਵਾਂਗੇ ਓਥੇ? ਸਾਡੀ ਤਾਂ ਕੀ ਤੁਹਾਡੀ ਹੀ ਨੱਕ ਕੱਟ ਜਾਵੇਗੀ।"



ਮਨੋਹਰ ਲਾਲ

ਇਸ ਦਹਿਸ਼ਤ ਦੇ ਚਲਦੇ ਬਘੇਲਾ ਦੰਪਤੀ ਨੇ ਦੋ ਵੱਖਰੇ-ਵੱਖਰੇ ਬੁਲਾਵਾ ਪੱਤਰ, ਦੋ ਅਲੱਗ ਭੋਜਨ ਸੂਚੀਆਂ, ਦੋ ਅੱਲਗ ਰੀਸ਼ੇਪਸ਼ਨ ਕੀਤੀਆਂ ਸਨ। ਕੋਈ ਰਾਸਤਾ ਕੱਢਦੇ ਹੋਏ ਜੇਬ ਵਿਚੋਂ ਪੇਸੇ ਕੱਢ ਕੇ ਮਿਸਟਰ ਬਘੇਲਾ ਨੇ ਕਿਹਾ, ਓਇਹ ਪੈਸੇ ਲਓ ਤੁਸੀਂ ਸਾਰੇ ਕਿਸੀ ਗੱਲ ਦੀ ਚਿੰਤਾਂ ਨਾ ਕਰੋ। ਔਰਤਾਂ, ਬੱਚੇ ਸਾਰਿਆਂ ਦੇ ਲਈ ਵਧੀਆ ਕੱਪੜੇ ਲਵੋ ਅਤੇ ਇਹ ਰਿਹਾ ਗੱਡੀ ਦਾ ਕਿਰਾਇਆ-ਭਾੜਾ। ਪਰ ਤੁਸੀਂ ਸਾਰੇ ਜਰੂਰ ਆ ਜਾਣਾ। ਸਾਡੇ ਦੋਸ਼ ਗੁਨਾਹ ਮੁਆਫ਼ ਕਰ ਕੇ ਦਰਿਆਦਿਲੀ ਨਾਲ ਸਾਡੇ ਪ੍ਰੋਗਰਾਮ ਨੂੰ ਰੌਸ਼ਨ ਕਰਨਾ।"

ਸਾਰਿਆਂ ਦਾ ਗੁੱਸਾ ਸ਼ਾਂਤ ਹੋ ਗਿਆ ਅਤੇ ਗੱਲ-ਬਾਤ ਸਿਰੇ ਚੜ੍ਹਨ ਦੇ ਆਸਾਰ ਨਜ਼ਰ ਆਉਣ ਲੱਗੇ। ਦਰਵਾਜੇ ਦੇ ਬਾਹਰ ਚਬੁਤੱਰੇ ਤੇ ਰੱਖੀ ਹੋਈ ਪਰਤ ਤੇ ਜਮੀ ਹੋਈ ਮਟਕੀ ਵਿਚੋਂ ਪਾਣੀ ਦੇ ਗਿਲਾਸ ਭਰ ਕੇ ਸਭ ਤੋਂ ਛੋਟੀ ਬਹੁ ਆਈ। ਸ਼੍ਰੀਮਤੀ ਬਘੇਲਾ ਇਸ ਅਨਹਾਈਜੈਨਿਕ ਪਾਣੀ ਨੂੰ ਦੇਖ ਕੇ ਬੋਲ ਉੱਠੀ, ਉਨਹੀਂ ਨਹੀਂ ਅਸੀਂ ਪਾਣੀ ਲੈ ਕੇ ਆਏ ਹਾਂ।" ਉਹਨਾਂ ਨੇ ਆਪਣੇ ਝੋਲੇ ਵਿਚੋਂ ਬਿਸਲਰੀ ਦੀ ਬੋਤਲ ਕੱਢ ਕੇ ਮਿਸਟਰ ਬਘੇਲਾ ਨੂੰ ਦਿੱਤੀ।

ਇਸੇ ਦੌਰਾਨ ਗੁਆਂਢੀਆਂ ਦੇ ਘਰ ਵਿਚੋਂ ਇਕ ਜੁਆਨ ਲੜਕੀ ਚਾਹ ਲੈ ਕੇ ਆਈ ਅਤੇ ਕਿਹਾ, "ਲਵੋ ਜੀ ਇਹ ਇਕੱਲੇ ਦੁੱਧ ਨਾਲ ਹੀ ਬਣਾਈ ਗਈ ਹੈ। ਤੁਹਾਡੇ ਵਰਗੇ ਸ਼ਾਹੁਕਾਰਾਂ ਦੇ ਪੀਣ ਯੋਗ।"

ਮਿਸਟਰ ਬਘੇਲਾ ਚਾਹ ਦੇ ਪਿਆਲੇ ਵਿਚ ਤੈਰਦੀ ਹੋਈ ਮਲਾਈ ਦੀ ਪਰਤ ਨੂੰ ਦੇਖਦਾ ਰਿਹਾ ਅਤੇ ਆਪਣੀ ਬੇਚੈਨੀ ਲੁਕਾਉਣ ਲਈ ਉਸ ਨੇ ਉਂਗਲ ਦੇ ਉਪੱਰਲੇ ਭਾਗ ਨਾਲ ਉਸ ਨੂੰ ਕੱਢ ਕੇ ਬਾਹਰ ਸੁੱਟ ਦਿਤਾ।

ਪਰਿਵਾਰਕ ਮੈਂਬਰਾਂ ਦੇ ਅਚਾਰ-ਵਿਹਾਰ ਅਤੇ ਹਾਲ-ਵਿਹਾਲ ਤੋਂ ਦੁਖੀ ਹੋ ਕੇ ਬਘੇਲਾ ਦੰਪਤੀ ਨੇ ਕਠੋਰ ਦਿਲ ਨਾਲ ਵਤਨ ਤੋਂ ਆਗਿਆ ਲਈ। ਤੇਜ ਰਫ਼ਤਾਰ ਨਾਲ ਸ਼ਹਿਰ ਦੀ ਤਰਫ਼ ਦੌੜ ਰਹੀ ਟੈਕਸੀ ਵਿਚ ਬੇਠੈ ਹੋਏ ਸੋਚ ਵਿਚ ਡੁੱਬ ਗਏ ਸੀ ਕਿ ਮਾਮਾ-ਮਾਸੀ, ਫੁੱਫੜ ਜੀ ਕਿਸ ਤਰ੍ਹਾਂ ਦਾ ਵਿਵਹਾਰ ਕਰਨਗੇ? ਸਾਬਰਮਤੀ ਦੇ ਤੱਟ 'ਤੇ ਆਲੀਸ਼ਾਨ ਅਰਾਮਘਰ ਦੀ ਤਰ੍ਹਾਂ ਦਿਖਣ ਵਾਲੀ ਇਕ ਇਮਾਰਤ ਵਰਗਾ ਹੀ ਸੀ, ਕੈਲਾਸ਼ ਧਾਮ। ਬਘੇਲਾ ਦੰਪਤੀ ਉਸਦੇ ਸੁੰਦਰ ਬਗੀਚੇ ਨੂੰ ਪਾਰ ਕਰਦੇ ਹੋਏ ਆਖਿਰੀ ਸਿਰੇ ਤੇ ਸਥਿਤ ਨੋਕਰਾਂ ਦੇ ਅਵਾਸ ਦੀ ਤਰਫ਼ ਗਏ। ਠੀਕ ਉਸੇ ਸਮੇਂ 'ਰਾਮ ਬੋਲੋ ਭਈ ਰਾਮ' ਦੀ ਅਵਾਜ ਦੇ ਨਾਲ ਇਕ ਅਰਥੀ ਦੇ ਨਾਲ ਕੰਧਾ ਦੇਣ ਵਾਲੇ ਐਬੂਲੈਂਸ ਤੋਂ ਉਤਰੇ। ਮਾਮਾ ਮਹਿਮਾਨਾ ਦੇ ਸਮਾਚਾਰ ਛੱਡਕੇ ਕਾਹਲੀ ਨਾਲ ਬਿਜਲਈ ਸ਼ਮਸ਼ਾਨਘਾਟ ਦੀ ਤਰਫ਼ ਚਲਾ ਗਿਆ। ਸ਼ਾਲਿਨੀ ਦੇ ਮਾਮੇ ਦਾ ਲੜਕਾ ਸੀ ਅਤੇ ਨੇਗ (ਬ੍ਰਾਹਮਣਾਂ ਨੂੰ ਲਾਗ ਦੇਣਾ) ਦੇਣ ਲਈ ਉਸ ਨੇ ਮਾਮਾ ਜੀ, ਮਾਮੀ ਜੀ ਨੂੰ ਮੁੰਬਈ ਆਉਣ ਲਈ ਰਾਜੀ ਕਰਨਾ ਸੀ। ਆਖੀਰ ਬਘੇਲਾ ਦੰਪਤੀ ਨੇ ਹੌਸਲਾ ਰੱਖਣਾ ਹੀ ਸਹੀ ਸਮਝਿਆ।

ਉਦੇਖੋ ਭਾਈ ਸਾਹਿਬ, ਜੀ ਇਸ ਸਮੇਂ ਤਾਂ ਸਾਰੇ ਸ਼ਹਿਰ ਵਿਚ ਸੂਰ ਦਾ ਬੁਖ਼ਾਰ (ਸਵਾਇਨ ਫਲੂ) ਫ਼ੈਲਿਆ ਹੋਇਆ ਹੈ, ਇਸ ਲਈ ਥੋੜੀ ਜਿਹੀ ਵੀ ਵਿਹਲ ਨਹੀ ਮਿਲਦੀ। ਇਸੇ ਕਰਕੇ ਨਗਰਪਾਲਿਕਾ ਵਾਲੇ ਛੁੱਟੀ ਵੀ ਨਹੀਂ ਦੇਣਗੇ। ਤੁਸੀ ਇਸ ਸਮੇਂ ਦਾ ਮੁਹਰਤ ਹੀ ਕਿਉਂ ਕੱਢਿਆ...?" ਸ਼ਾਲਿਨੀ ਦੇ ਵਿਆਹ ਦੀ ਗੱਲ ਸੁਣ ਕੇ ਮਾਮੀ ਨੇ ਆਪਣੀ ਗੱਲ ਕਹਿ ਦਿਤੀ। ਉਬੱਚੇ ਅਤੇ ਪਤਨੀਆਂ ਹਨ? ਕੋਈ ਦਿਖਾਈ ਨਹੀਂ ਦੇ ਰਿਹਾ"। ਮਿਸਟਰ ਬਘੇਲਾ ਨੇ ਇਸ ਉਲੰਝਣ ਭਰੇ ਹਾਲਾਤ ਚੋਂ ਨਿਕਲਣ ਦੇ ਲਈ ਵਾਰ ਵਾਰ ਪੁਛਿਆ।

ਉਭਾਈ ਸਾਹਿਬ, ਸਾਰੇ ਆਪਣੇ-ਆਪਣੇ ਕੰਮਾਂ ਤੇ ਲਗੇ ਹਨ। ਵਿਹਲੇ ਬੈਠ ਕੇ ਥੋੜੀ ਨਾ ਪੇਟ ਭਰਿਆ ਜਾ ਸਕਦਾ ਹੈ। ਵੱਡੇ ਦੀ ਘਰਵਾਲੀ ਸਿਵਲ ਵਿਚ ਸਫ਼ਾਈਦਾਰਨੀ ਅਤੇ ਵੱਡਾ ਵੀ ਮੁਰਦਾਘਰ ਵਿਚ ਨੋਕਰੀ ਕਰਦਾ ਹੈ ਅਤੇ ਛੋਟੇ ਬੱਚੇ ਤਾਂ ਧੋਤੀ ਵਿਛਾ ਕਿ ਬੈਠੇ ਹੋਣਗੇ ਓਥੇ ਦਰਵਾਜੇ 'ਤੇ। ਮਰਨ ਵਾਲੇ ਲਈ ਪੇਸੈ ਦਿਓ ਪੇਸੈ, ਦਾਨ-ਦਕਿਸ਼ਣਾ ਜੋ ਪੈਂਦੀ ਹੈ, ਉਸ ਨੂੰ ਲੈਣ ਲਈ। ਜੇਕਰ ਤੁਸੀ ਸਮਾਂ ਗੁਜਾਰਨਾ ਹੈ ਤਾਂ ਨੇੜੇ ਹੀ ਸਾਡਾ ਛੋਟਾ ਪੁੱਤਰ ਨੋਕਰੀ ਕਰਦਾ ਹੈ। ਤੁਹਾਡੇ ਮਾਮਾ ਜੀ ਵਾਪਸ ਆਉਣ, ਓਦੋਂ ਤੱਕ ਤੁਸੀ ਉਸ ਨੂੰ ਮਿਲ ਲਓ।" ਮਾਮੀ ਨੇ ਆਪਣੇ ਸਾਰੇ ਪਰਿਵਾਰ ਦੀ ਚੰਗੀ ਤਰ੍ਹਾਂ ਨਾਲ ਜਾਣ-ਪਹਿਚਾਣ ਕਰਾ ਕੇ ਹੀ ਸੁਝਾਅ ਰੱਖਿਆ।

ਬਘੇਲਾ ਦੰਪਤੀ ਨੇ ਅਧੁਨਿਕ ਸ਼ਮਸ਼ਾਨਘਾਟ ਦੇ ਘੁਟਣ ਭਰੇ ਵਾਤਾਵਾਰਨ ਤੋਂ ਬਾਹਰ ਨਿਕਲਣ ਲਈ ਮਾਮੀ ਦਾ ਸੁਝਾਅ ਸਵੀਕਾਰ ਕਰ ਲਿਆ ਅਤੇ ਮਾਮੀ ਦਆਰਾ ਦਿਤੇ ਗਏ ਐਡਰਸ ਤੇ ਜਾਣ ਲਈ ਟੈਕਸੀ ਡਰਾਇਵਰ ਨੂੰ ਹੁਕਮ ਦੇ ਦਿਤਾ। ਜਿਸਨੂੰ ਪਤਾ ਪੁਛਦੇ ਓਹੀ ਮੁਸਕਰਾ ਕੇ ਇਹੀ ਕਹਿੰਦਾ ਉਮੇਅਰ ਸਾਹਿਬ ਦੇ ਬੰਗਲੇ 'ਚ ਜਾਣਾ ਹੈ?"

ਬਘੇਲਾ ਦੰਪਤੀ ਸੋਚਣ ਲੱਗਾ, ਕੀ ਇਸ ਤਰ੍ਹਾਂ ਦੀ ਗਰੀਬ ਦਲਿਤ ਬਸਤੀ ਵਿਚ ਸ਼ਹਿਰ ਦੇ ਮੇਅਰ ਰਹਿੰਦੇ ਹੋਣਗੇ? ਟੈਕਸੀ ਰੁਕੀ। ਉਹ ਘਰ ਸੱਚਮੁੱਚ ਹੀ ਬਹੁਤ ਮਨਮੋਹਕ ਸੀ। ਕੋਈ ਨਿਯਮਤ ਦਫਤਰ ਦੀ ਤਰ੍ਹਾਂ ਲਗਣ ਵਾਲੇ ਉਸ ਮਕਾਨ ਉਪਰ ਵੱਡੇ ਅੱਖਰਾਂ ਵਿਚ ਲਿਖਿਆ ਸੀ, ਉਪੈਸੇ ਦੇ ਕੇ ਵਰਤੋ ਕਰੋ ਸੁਲਭ ਸ਼ੌਚਾਲਿਆ।" ਮਕਾਨ ਦੇ ਘੇਰੇ ਦੇ ਵਿਚੋ-ਵਿਚ ਮੇਜ-ਕੁਰਸੀ ਵਰਗੇ ਅਸਬਾਬ ਦੇ ਅੰਦਰ ਇਕ ਸਜਿਆ ਹੋਇਆ ਨੌਜਵਾਨ ਮਾਲਿਕ ਦੇ ਅੰਦਾਜ਼ ਵਿਚ ਖੜ੍ਹਾ ਸੀ। ਬਘੇਲਾ ਦੰਪਤੀ ਸਿਧੇ ਉਸ ਕੋਲ ਗਏ। ਨੌਜਵਾਨ ਨੇ ਵੇਫ਼ਿਕਰੀ ਨਾਲ ਕਿਹਾ, ਉਪਿਸ਼ਾਬ ਕਰਨ ਦਾ ਇਕ ਰੁਪਇਆ ਤੇ ਲੈਟਰਿੰਗ ਦੇ ਦੋ ਰੁਪਏ"। ਮਹਿਮਾਨਾਂ ਦੀ ਰਿਸ਼ਤੇਦਾਰਾਂ ਦੇ ਰੂਪ ਵਿਚ ਪਹਿਚਾਣ ਹੁੰਦੇ ਹੀ ਜਵਾਨ ਥੋੜਾ ਨਰਮ ਪੈ ਗਿਆ, ਪ੍ਰੰਤੂ ਉਸਨੇ ਆਪਣਾ ਰੋਅਬ ਦਿਖਾਉਂਦੇ ਹੋਏ ਇਕ ਲੜਕੇ ਨੂੰ ਬਲਾਇਆ, ਉਜਾ ਦੋ ਕੜਕ ਮੀਠੀ ਛੇਤੀ ਲੈ ਆ ਅਤੇ ਪਾਣੀ ਦੇ ਦੋ ਪੈਕਟ ਵੀ ਲੈ ਆ।"

ਵਾਰ-ਵਾਰ ਰੁਮਾਲ ਕੱਢਦੇ ਹੋਏ ਬਘੇਲਾ ਦੰਪਤੀ ਇਸ ਅਧੁਨਿਕ ਟਾਇਲਟ ਦੀ ਬਦਬੂ ਤੋਂ ਬਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹਨਾਂ ਨੇ ਚਾਹ-ਪਾਣੀ ਲਈ ਬਹੁਤ ਮਨਾ ਕੀਤਾ ਪ੍ਰੰਤੂ ਸਾਧਾਰਨ ਟਾਇਲਟ ਦੇ ਇਸ ਨੋਜਵਾਨ ਮੈਨੇਜਰ ਦੀ ਮੇਜ ਉਪਰ ਦੋ ਕੱਪ ਚਾਹ ਆ ਗਏ। ਸ਼੍ਰੀਮਤੀ ਬਘੇਲਾ ਨੇ ਤਾਂ ਚਾਹ ਨੂੰ ਹੱਥ ਵੀ ਨਹੀਂ ਲਾਇਆ। ਪ੍ਰੰਤੂ ਮਿਸਟਰ ਬਘੇਲੇ ਕੋਲ ਹੋਰ ਕੋਈ ਰਾਸਤਾ ਵੀ ਨਹੀਂ ਸੀ। ਉਹ ਇਸ ਚਾਹ ਦੇ ਕੱਪ ਨੂੰ ਦੇਖਦਾ ਹੀ ਰਿਹਾ। ਚਲੋ ਇਸ ਚਾਹ ਦੇ ਕੱਪ ਵਿਚ ਮਲਾਈ ਦੀ ਪਰਤ ਤਾਂ ਨਹੀਂ ਹੈ...।

ਸਾਧਾਰਨ ਟਾਇਲਟ ਤੋਂ ਕੈਲਾਸ਼ਧਾਮ ਹੋ ਕੇ ਅਤੇ ਮਾਮਾ ਜੀ ਤੋਂ ਆਗਿਆ ਲੈ ਕੇ ਬਘੇਲਾ ਦੰਪਤੀ ਸ਼ਹਿਰ ਦੇ ਉੱਚ ਇਲਾਕੇ ਵਿਚ ਰਹਿਣ ਵਾਲੀ ਮਾਸੀ ਜੀ ਨੂੰ ਮਿਲਣ ਪਹੁੰਚ ਗਏ। ਐਮ. ਐਲ. ਏ. ਕਵਾਟਰਸ ਦੇ ਰੂਪ ਵਿਚ ਬਣੇ ਹੋਏ, ਇਹ ਰਾਜਧਾਨੀ ਗਾਂਧੀਨਗਰ ਜਾਣ ਦੇ ਦਿਨਾਂ ਤੋਂ ਹੀ ਖਾਲੀ ਪਏ ਹੋਏ ਸੀ, ਜੋ ਹੁਣ ਨਗਰਪਾਲਿਕਾ ਦੇ ਕਰਮਚਾਰੀਆਂ ਨੂੰ ਦੇ ਦਿਤੇ ਗਏ ਸੀ। ਅੱਜ ਉਹਨਾਂ ਦੀ ਹਾਲਤ ਸਲਮ ਕਵਾਟਰਸ ਤੋਂ ਵੀ ਮਾੜੀ ਸੀ। ਸ਼ਾਹੀਬਾਗ ਦੇ ਅੱਡੇ ਤੋਂ ਦੋ ਥੈਲੀਆਂ ਪੀ ਕੇ ਬੈਠੇ ਹੋਏ ਮਾਸੜ ਜੀ ਸਿਆਣਪ ਦਿਖਾਉਂਦੇ ਹੋਏ ਕਹਿਣ ਲਗੇ, "ਦੇਖੋ ਭਾਈ ਸਾਡੇ ਤਾਂ ਸਾਰੇ ਹੀ ਸਰਕਾਰੀ ਨੋਕਰੀ ਵਿਚ ਹਨ।" ਸ਼੍ਰੀਮਤੀ ਬਘੇਲਾ ਨੇ ਘਰ ਵਿਚ ਇਸਤਰੀ ਸਹਿਜ਼ ਨਿਗਾਹ ਘੁਮਾਂਉਂਦੇ ਹੋਏ ਦੇਖਿਆ ਕਿ ਘਰ ਵਿਚ ਬਹੁਤ ਸਾਰੀਆਂ ਵਿਦੇਸ਼ੀ ਵਸਤੂਆਂ ਵੀ ਹਨ ਮਾਸੜ ਜੀ ਜਿਵੇਂ ਕਿ ਇਸ ਅਸਚਰਜ ਨੂੰ ਸਮਝ ਗਏ ਹੋਣ। ਉਹ ਸਫਾਈ ਦੇਣ ਲੱਗੇ, "ਸਾਡੇ ਛੋਟੇ ਦੀ ਘਰਵਾ.ਲੀ ਇੰਟਰਨੈਸ਼ਨਲ ਏਅਰਪੋਰਟ ਤੇ ਹੈ। ਬਾਹਰ ਦੇ ਲੋਕਾਂ ਨੂੰ ਤਾਂ ਹਵਾਈ ਜਹਾਜ ਦੇਖਣ ਲਈ ਪੈਸੇ ਦੇਣੇ ਪੈਂਦੇ ਹਨ। ਪ੍ਰੰਤੂ ਉਹ ਤਾਂ ਸਾਰਿਆਂ ਵਿਦੇਸ਼ੀ ਹਵਾਈ ਜਹਾਜਾਂ ਦੀ ਅੰਦਰ ਤੱਕ ਸਫ਼ਾਈ ਕਰਦੀ ਹੈ। ਹਵਾਈ ਜਹਾਜ ਵਿਚ ਤਾਂ ਟਾਇਲਟ ਵੀ ਖੁਸ਼ਬੂ ਨਾਲ ਮਹਿਕਦਾ ਹੈ। ਵਿਦੇਸ਼ੀ ਸ਼ਰਾਬ, ਚਾਕਲਟ ਸਭ ਕੁਝ ਯਾਤਰੀ ਜੋ ਅੱਧਾ ਅਧੂਰਾ ਖਾ ਕੇ ਛੱਡ ਦਿੰਦੇ ਹਨ, ਉਹ ਸਭ ਕੁਝ ਘਰ ਲੈ ਆਉਂਦੀ ਹੈ, ਤੁਹਾਡੀ ਸ਼ਾਲਿਨੀ ਵੀ ਹਵਾਈ ਜਹਾਜ ਵਿਚ ਹੀ ਕੰਮ ਕਰਦੀ ਹੈ ਨਾ ? ਹੋ ਸਕਦਾ ਹੈ ਕਿਸੇ ਦਿਨ ਅਹਿਮਦਾਬਾਦ ਹਵਾਈ ਅੱਡੇ ਤੇ ਦੋਨੋਂ ਇਕ ਹੀ ਹਵਾਈ ਜਹਾਜ ਵਿਚ ਮਿਲ ਜਾਣ...." ਬਘੇਲਾ ਦੰਪਤੀ ਇਸ ਸੰਭਾਵਨਾ ਦੀ ਕਲਪਨਾ ਨਾਲ ਹੀ ਕੰਬ ਉਠਿਆ। ਮਾਸੜ ਜੀ ਨੇ ਗੱਲ ਨੂੰ ਅੱਗੇ ਵਧਾਇਆ, ਉਵੱਡਾ ਤਾਂ ਕਸਾਈਵਾੜੇ ਦੀ ਕੁੜ੍ਹਾ ਚੁੱਕਣ ਵਾਲੀ ਗੱਡੀ ਦਾ ਡਰਾਇਵਰ ਹੈ ਅਤੇ ਛੋਟਾ ਭਟਕਦੇ ਕੁੱਤਿਆਂ ਨੂੰ ਫੜ੍ਹਨ ਵਾਲੀ ਗੱਡੀ ਦਾ। ਸਾਡੇ ਤਾਂ ਸਾਰੇ ਸਰਕਾਰੀ ਨੌਕਰ ਹਨ। ਸਭ ਕੁਲ ਦੇਵੀ ਦੀ ਕ੍ਰਿਪਾ ਹੈ।

ਤੁਹਾਡੀ ਮੁੰਬਈ ਵਿਚ ਸਾਡੇ ਲੋਕਾਂ ਦਾ ਕੀ ਹਾਲ ਹੈ? ਕਹਿੰਦੇ ਹਨ ਕਿ ਉਥੋਂ ਦੇ ਖਾਂਦੇ-ਪੀਦੇਂ ਲੋਕ ਵੀ ਝੋਪੜ-ਪੱਟੀਆਂ ਵਿਚ ਰਹਿੰਦੇ ਹਨ। ਬਾਹਰੋਂ ਠਾਠਬਾਠ ਹੈ ਪ੍ਰੰਤੂ ਕੰਮ ਤਾਂ ਉਹੀ ਗੰਦ ਚੁਕਣ ਦਾ। ਤੁਹਾਡੇ ਦਾਦਾ ਜੀ ਵੀ ਪਿੰਡ ਤੋਂ ਗਏ ਸੀ, ਓਦੋਂ ਉਹ ਵੀ ਇਹੀ ਕੰਮ ਕਰਦੇ ਸੀ । ਹੁਣ ਤੁਸੀ ਪੜ੍ਹ ਲਿਖ ਕੇ ਚੰਗੇ ਕੰਮ ਤੇ ਲੱਗ ਗਏ ਹੋ...."

ਮਾਸੜ ਜੀ ਤੋਂ ਬੂਰਾ-ਭਲਾ ਸੁਣ ਕੇ ਵੀ ਬਘੇਲਾ ਦੰਪਤੀ ਨੇ ਅੰਤ ਵਿਚ ਉਹਨਾਂ ਨੂੰ ਸ਼ਾਲਿਨੀ ਦੇ ਵਿਆਹ ਵਿਚ ਆਉਣ ਲਈ ਮਨਾ ਹੀ ਲਿਆ। ਬਿਗੜ ਰਹੀ ਪਰਿਸਥਿਤੀ ਤੋਂ ਛੇਤੀ ਰਾਹਤ ਪਾਉਣ ਲਈ ਬਘੇਲਾ ਦੰਪਤੀ ਮਹਿਮਾਨਾਂ ਦੀ ਸੂਚੀ ਦੀ ਜਾਂਚ ਕਰਨ ਲੱਗਿਆ। ਮਿਸਟਰ ਬਘੇਲਾ ਦੇ ਪਿਤਾ ਜੀ ਦੇ ਦੋਸਤ ਗੁਜਰਾਤ ਦੇ ਅੰਦਰੂਨੀ ਪਿੰਡ ਵਿਚ ਰਹਿੰਦੇ ਸਨ। ਪਿਤਾ ਜੀ ਦਾ ਆਦੇਸ਼ ਸੀ ਕਿ ਉਹਨਾਂ ਨੂੰ ਨਿੱਜੀ ਰੂਪ ਵਿਚ ਹੀ ਸੰਦੇਸ ਪਹੁੰਚਾਇਆ ਜਾਵੇ। ਇਹ ਬਜ਼ੂਰਗ ਉਹਨਾਂ ਦੇ ਬਚਪਨ ਦੇ ਦੋਸਤ ਸੀ। ਟੈਕਸੀ ਡਰਾਇਵਰ ਦੇ ਅਗੇ ਉਸਨੇ ਦੋ-ਗੁਣਾ ਕਿਰਾਇਆ ਦੇਣ ਦਾ ਪ੍ਰਸਤਾਵ ਰੱਖਦੇ ਹੀ ਉਸਨੇ ਧੂੜ੍ਹ ਭਰੇ ਰਾਹ ਰਾਹੀਂ ਪਿੰਡ ਦੀ ਤਰਫ਼ ਯਾਤਰਾ ਸ਼ੁਰੂ ਕਰ ਦਿਤੀ। ਪਿੰਡ ਦੀ ਸੀਮਾ 'ਤੇ ਅਲਗ ਇਕ ਝੋਪੜੀ ਸੀ। ਟੈਕਸੀ ਉਸ ਪਾਸੇ ਵਲ ਜਾਦੀ ਵੇਖ ਕੇ ਪਿੰਡ ਦੇ ਲੋਕ ਸੋਚ ਵਿਚ ਪੈ ਗਏ। ਝੋਪੜੀ ਕੋਲ ਪਹੁੰਚਦੇ ਹੀ ਅੰਦਰੋ ਇਕ ਬੁੱਢੀ ਦੀ ਅਵਾਜ਼ ਸੁਣਾਈ ਦਿਤੀ, "ਬੁੱਢਾ ਤਾਂ ਕਲੋਤਰੀ (ਮੁਰਦੇ ਦੇ ਕਿਰਿਆ ਕਰਮ ਨਾਲ ਸੰਬੰਧਿਤ ਚਿੱਠੀ) ਵੰਡਣ ਲਈ ਦੂਸਰੇ ਪਿੰਡ ਗਿਆ ਹੈ। ਪਿੰਡ ਦੇ ਨੌਜਵਾਨ ਤਾਂ ਮਰ ਗਏ ਹਨ। ਇਸ ਲਈ ਇਹ ਬਗ਼ਾਰ ਸਾਡੇ ਬੁੱਢਿਆਂ ਦੇ ਹਿੱਸੇ ਵਿਚ ਆਈ ਹੈ। ਬੁੱਢਾ ਤਾਂ ਪੈਦਲ ਹੀ ਗਿਆ ਹੈ। ਦੋ-ਚਾਰ ਪਿੰਡ ਘੁੰਮ ਕੇ ਕਲ੍ਹ-ਪਰਸੋਂ ਨੂੰ ਹੀ ਵਾਪਸ ਆਵੇਗਾ।"

ਕਲੋਤਰੀ ਵੰਡਣ ਗਏ ਪਿਤਾ ਜੀ ਜੀ ਦੇ ਬਚਪਨ ਦੇ ਸਾਥੀ ਉਸ ਬਜੂਰਗ ਦੇ ਨਾਮ ਲਿਖਿਆ ਬੁਲਾਵਾ ਪੱਤਰ ਮਿਸਟਰ ਬਘੇਲਾ ਨੇ ਬੁੱਢੀ ਨੂੰ ਦੇ ਦਿੱਤਾ। ਵਾਪਸ ਆਉਂਦੇ ਸਮੇਂ ਇਹ ਦੰਪਤੀ ਇੰਨਾ ਕੁ ਵੀ ਨਹੀਂ ਬੋਲ ਸਕਿਆ ਕਿ ਉਹ ਦੋਨੋਂ ਉਹਨਾਂ ਦੀ ਪੁੱਤਰੀ ਸ਼ਾਲਿਨੀ ਦੇ ਵਿਆਹ ਵਿਚ ਜਰੂਰ ਆਉਣ।

ਸ਼੍ਰੀਮਤੀ ਬਘੇਲਾ ਦੇ ਧੀਰਜ ਨੇ ਹੁਣ ਜਵਾਬ ਦੇ ਦਿਤਾ ਸੀ। ਉਸ ਨੇ ਗੁੱਸੇ ਵਿਚ ਆ ਕੇ ਕਿਹਾ ਕਿ, ਉਹੁਣ ਚਲੋ ਬਾਕੀ ਦੇ ਬੁਲਾਵਾ ਪੱਤਰ ਡਾਕ ਵਿਚ ਪਾ ਦੇਵਾਂਗੇ। ਹੁਣ ਇਕ ਪਲ ਲਈ ਵੀ ਮੈਂ ਇਥੇ ਨਹੀ ਰੁਕਣਾ। ਫ਼ਲਾਇਟ ਤੋਂ ਮੁੰਬਈ ਵਾਪਸ ਚਲ ਚਲੀਏ। ਮੈਂ ਆਪਣੀ ਪਿਆਰੀ ਪੁੱਤਰੀ ਦੇ ਵਿਆਹ ਦੀ ਬਹੁਤ ਸਾਰੀ ਤਿਆਰੀ ਵੀ ਕਰਨੀ ਹੈ..."

ਨਿਸਚਿਤ ਕੀਤੀ ਹੋਈ ਫਲਾਇਟ ਤੋਂ ਪਹਿਲਾਂ ਹੀ ਵਾਪਸ ਆਏ ਹੋਏ ਬਘੇਲਾ ਦੰਪਤੀ ਨੂੰ ਦੇਖ ਕੇ ਸ਼ਾਲਿਨੀ ਪੁਛਣ ਲਗੀ, "ਮਾਂ, ਸਾਰਿਆਂ ਨੂੰ ਬੁਲਾਵਾ ਪੱਤਰ ਦੇ ਦਿਤਾ ਨਾ? ਸਾਡਾ ਘਰ ਹੁਣ ਨਾਤੇ-ਰਿਸ਼ਤੇਦਾਰਾਂ ਅਤੇ ਪਰਿਵਾਰ-ਕਬੀਲਿਆਂ ਨਾਲ ਭਰ ਜਾਵੇਗਾ ਨਾ?" ਕੰਨਵੈਂਟ ਦੇ ਰੈਸਡੈਨਸ਼ੀਅਲ ਸਕੂਲ ਵਿਚ ਪੜ੍ਹੀ ਸ਼ਾਲਿਨੀ ਪਹਿਲੀ ਵਾਰ ਆਪਣੇ ਸਾਰੇ ਰਿਸ਼ਤੇਦਾਰਾਂ ਨੂੰ ਮਿਲਣ ਵਾਲੀ ਸੀ।

ਪ੍ਰੰਤੂ ਬਘੇਲਾ ਮਨ ਹੀ ਮਨ ਸੋਚ ਰਿਹਾ ਸੀ 'ਕਿੰਨੀ ਵੱਡੀ ਸਮਾਜਿਕ ਸੰਸਕ੍ਰਿਤੀ ਖਾਈ ਹੋ ਗਈ ਹੈ!' ਉਸ ਨੂੰ ਅਹਿਸਾਸ ਹੋਣ ਲੱਗਿਆ ਕਿ ਜਿਵੇਂ ਉਸਨੂੰ ਆਪਣੇ ਪਰਿਵਾਰ ਤੇ ਭਾਈਚਾਰੇ ਤੋਂ ਬਾਹਰ ਕੱਢ ਦਿਤਾ ਗਿਆ ਹੋਵੇ।

ਸੋਫੇ ਉਤੇ ਪਏ-ਪਏ ਹੋਏ ਉਸਨੇ ਸ਼ਾਲਿਨੀ ਨੂੰ ਬੁਲਾਇਆ, "ਸ਼ਾਲੂ ਮੇਨੂੰ ਇਕ ਕੱਪ ਚਾਹ ਪਿਲਾ ਦੇ ਪੁੱਤਰ। ਅਤੇ ਹਾਂ, ਹੁਣ ਮੇਰੀ ਚਾਹ ਵਿਚ ਕ੍ਰੀਮ (ਮਲਾਈ) ਨਾ ਪਾਉਣਾ। ਹੁਣ ਮੈਨੂੰ ਕਰੀਮੀ ਲੇਅਰ ਉਤੇ ਤਰਸ ਆਉਂਦਾ ਹੈ...."

***ਪੰਜਾਬੀ ਅਨੁਵਾਦਕ: ਮਨੋਹਰ ਲਾਲ***
***ਰਿਸਰਚ ਸਕਾਲਰ, ਪੰਜਾਬੀ ਯੂਨੀਵਰਸਿਟੀ ਪਟਿਆਲਾ***

---

## ਸਮਾਜਿਕ ਸਰੋਕਾਰਾਂ ਦਾ ਸੰਗ੍ਰਹਿ:
## (ਸਫਾ 16 ਦੀ ਬਾਕੀ)

(ਸਫਾ 16 ਦੀ ਬਾਕੀ)

ਅਸੁਰੱਖਿਅਤ ਭਵਿੱਖ, ਜਾਗਣ ਜਗਾਉਣ ਵਾਲੇ ਲੋਕਾਂ ਨੂੰ ਥਾਪੜਾ, ਬੁੱਧ ਸਿੰਘ ਤੋਂ ਬੁੱਧੂ ਦਾ ਸਫਰ, ਪਿਆਰ ਵਿਹੂਣਾ ਸਮਾਜ, ਜ਼ਿੰਦਗੀ ਅਤੇ ਮੌਤ ਵਿਚਲਾ ਥੋੜ੍ਹਾ ਜਿਹਾ ਸਫਰ, ਮੌਤ ਦਾ ਰੱਬੀ ਕਹਿਰ, ਮੈਲਾ ਕੌਣ?

ਕੰਮ ਕਰਨ ਵਾਲਾ ਜਾਂ ਕਰਾਉਣ ਵਾਲਾ, ਨੇਤਾਵਾਂ ਦਾ ਦੋਗਲਾ ਰੂਪ, ਰੱਬ ਦਾ ਸੰਕਲਪ, ਢੌਂਗੀ ਬਾਬਿਆਂ ਦਾ ਅਸਲ ਚਿਹਰਾ ਬਹੁਤ ਗਹਿਰ ਗੰਭੀਰ ਵਿਸ਼ਿਆ ਵੱਲ ਧਿਆਨ ਕੇਂਦਰਿਤ ਕਰਨ ਦੀ ਮੰਗ ਕਰਦੀਆਂ ਹਨ।ਪੰਜਾਬੀ ਕਵਿਤਾ ਜਗਤ ਵਿਚ ਇਸ ਤਰ੍ਹਾਂ ਦੀਆਂ ਰਚਨਾਵਾਂ ਦੀ ਆਮਦ ਵਾਲੀ ਕਾਵਿ ਪੁਸਤਕ ਨੂੰ ਜੀ ਆਇਆਂ ਆਖਣਾ ਬਣਦਾ ਹੈ।

ਸਮਾਜ ਦੀ ਅਸਲ ਤਸਵੀਰ ਉਘਾੜਨ ਵਾਲੇ ਸ਼ਾਇਰ ਨਵਤੇਜ ਤੋਂ ਅਜੇ ਬਹੁਤ ਆਸਾਂ ਉਮੀਦਾਂ ਹਨ।ਜੇਕਰ ਉਸਨੇ ਕਵਿਤਾ ਦੇ ਕਾਵਿ ਮੁਹਾਵਰੇ ਅਤੇ ਭਾਸ਼ਾ ਦੀ ਕੋਮਲਤਾ ਨਾਲ ਸਾਂਝ ਬਣਾਈ ਰੱਖੀ ਤਾਂ ਉਹ ਸੱਚ-ਮੁਚ ਸਾਹਿਤ ਦਾ ਇੱਕ ਹਾਸਲ ਹੋ ਨਿਬੜੇਗਾ।

### ਹਵਾਲੇ ਅਤੇ ਟਿੱਪਣੀਆਂ

1. ਗੜ੍ਹਦੀਵਾਲਾ, ਨਵਤੇਜ, ਧੁੱਪ ਦੀ ਤਲਾਸ਼, ਪੰਨਾ-45
2. ਗੜ੍ਹਦੀਵਾਲਾ, ਨਵਤੇਜ, ਸੂਰਜ ਦਾ ਹਲਫ਼ੀਆ ਬਿਆਨ, ਪੰਨਾ-15
3. ਗੜ੍ਹਦੀਵਾਲਾ, ਨਵਤੇਜ, ਸੂਰਜ ਦਾ ਹਲਫ਼ੀਆ ਬਿਆਨ, ਪੰਨਾ-20
4. ਗੜ੍ਹਦੀਵਾਲਾ, ਨਵਤੇਜ, ਸੂਰਜ ਦਾ ਹਲਫ਼ੀਆ ਬਿਆਨ, ਪੰਨਾ-42
5.ਪਾਤਰ, ਸੁਰਜੀਤ, ਸੁਰਜ਼ਮੀਨ, ਪੰਨਾ-76
6. ਗੜ੍ਹਦੀਵਾਲਾ, ਨਵਤੇਜ, ਸੂਰਜ ਦਾ ਹਲਫ਼ੀਆ ਬਿਆਨ, ਪੰਨਾ-43
7. ਗੜ੍ਹਦੀਵਾਲਾ, ਨਵਤੇਜ, ਸੂਰਜ ਦਾ ਹਲਫ਼ੀਆ ਬਿਆਨ, ਪੰਨਾ-57
8.ਅਖ਼ਤਰ, ਜਾਵੇਦ,ਡੀ.ਡੀ.-1 ਇੰਟਰਵਿਊ-2012
9. ਗੜ੍ਹਦੀਵਾਲਾ, ਨਵਤੇਜ, ਸੂਰਜ ਦਾ ਹਲਫ਼ੀਆ ਬਿਆਨ, ਪੰਨਾ-58
10.ਪ੍ਰੋ. ਮੋਹਨ ਸਿੰਘ, ਸਾਵੇ ਪੱਤਰ, ਪੰਨਾ-
11. ਗੜ੍ਹਦੀਵਾਲਾ, ਨਵਤੇਜ, ਸੂਰਜ ਦਾ ਹਲਫ਼ੀਆ ਬਿਆਨ, ਪੰਨਾ-83
12. ਗੜ੍ਹਦੀਵਾਲਾ, ਨਵਤੇਜ, ਸੂਰਜ ਦਾ ਹਲਫ਼ੀਆ ਬਿਆਨ, ਪੰਨਾ-32
13. ਗੜ੍ਹਦੀਵਾਲਾ, ਨਵਤੇਜ, ਸੂਰਜ ਦਾ ਹਲਫ਼ੀਆ ਬਿਆਨ, ਪੰਨਾ-74
14.ਪਾਤਰ, ਸੁਰਜੀਤ, ਲਫ਼ਜ਼ਾਂ ਦੀ ਦਰਗਾਹ, ਪੰਨਾ-17

**# ਮੁਹੱਲਾ ਆਕਾਸ ਕਲੋਨੀ**
**ਰਵਿਦਾਸ ਨਗਰ ਸ਼ੇਰਗੜ੍ਹ ਰੋਡ**
**ਨਜਦੀਕ ਪੀ.ਪੀ.ਐੱਲ.-409**
**ਹੁਸ਼ਿਆਰਪੁਰ-146001**

# ਕੇਂਦਰ ਤੇ ਸੂਬਾ ਸਰਕਾਰ ਦੀਆਂ ਰਾਖਵਾਂਕਰਨ ਤੇ ਜਨਵਿਰੋਧੀ ਨੀਤੀਆਂ ਖਿਲਾਫ ਬਸਪਾ ਨੇ ਕੀਤਾ ਪ੍ਰਦਰਸ਼ਨ

ਗੁਰਾਇਆ/ ਫਗਵਾੜਾ (ਰੱਤੂ)- ਬਹੁਜਨ ਸਮਾਜ ਪਾਰਟੀ (ਬਸਪਾ) ਵਲੋਂ ਕੇਂਦਰ ਤੇ ਸੂਬਾ ਸਰਕਾਰਾਂ ਦੀਆਂ ਰਾਖਵਾਂਕਰਨ ਤੇ ਹੋਰ ਜਨਵਿਰੋਧੀ ਨੀਤੀਆਂ ਖਿਲਾਫ ਸ਼ੁਰੂ ਕੀਤੇ ਗਏ ਦੇਸ਼ਵਿਆਪੀ ਅੰਦੋਲਨ ਤੇ ਪੰਜਾਬ ਬਚਾਓ ਅੰਦੋਲਨ ਤਹਿਤ 25 ਜੁਲਾਈ ਨੂੰ ਗੁਰਾਇਆ ਦਾਣਾ ਮੰਡੀ ਵਿਖੇ ਧਰਨਾ ਪ੍ਰਦਰਸ਼ਨ ਕੀਤਾ ਗਿਆ। ਧਰਨੇ ਦੀ ਅਗਵਾਈ ਬਸਪਾ ਦੇ ਰਾਸ਼ਟਰੀ ਜਨਰਲ ਸਕੱਤਰ, ਰਾਜਸਭਾ ਮੈਂਬਰ ਤੇ ਇੰਚਾਰਜ ਪੰਜਾਬ, ਚੰਡੀਗੜ ਤੇ ਜੰਮੂ ਕਸ਼ਮੀਰ ਸ੍ਰੀ ਨਰਿੰਦਰ ਕਸ਼ਯਪ ਨੇ ਕੀਤੀ ਜਦਕਿ ਸਾਰੇ ਸਮਾਗਮ ਦੀ ਪ੍ਰਧਾਨਗੀ ਬਸਪਾ ਸੂਬਾ ਪ੍ਰਧਾਨ ਤੇ ਸਾਬਕਾ ਰਾਜਸਭਾ ਮੈਂਬਰ ਸ. ਅਵਤਾਰ ਸਿੰਘ ਕਰੀਮਪੁਰੀ ਨੇ ਕੀਤੀ। ਬਸਪਾ ਸੂਬਾ ਕੋਆਰਡੀਨੇਟਰ ਸ੍ਰੀ ਰਛਪਾਲ ਰਾਜੂ ਨੇ ਧਰਨੇ ਨੂੰ ਸੰਬੋਧਤ ਕਰਦੇ ਹੋਏ ਕਿਹਾ ਕਿ ਬਸਪਾ ਹਮੇਸ਼ਾ ਦਲਿਤਾਂ, ਪਛੜਿਆਂ ਤੇ ਗਰੀਬਾਂ ਦੇ ਨਾਲ ਖੜੀ ਹੈ। ਧਰਨੇ ਵਿਚ ਬਸਪਾ ਦੇ ਅਹੁਦੇਦਾਰਾਂ ਤੇ ਵਰਕਰਾਂ ਸਮੇਤ ਵੱਡੀ ਗਿਣਤੀ ਵਿਚ ਲੋਕ ਇਸ ਵਿਚ ਸ਼ਾਮਲ ਹੋਏ ਤੇ ਕੇਂਦਰ ਦੀ ਭਾਜਪਾ ਤੇ ਸੂਬੇ ਦੀ ਅਕਾਲੀ ਭਾਜਪਾ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਖਿਲਾਫ ਆਪਣਾ ਗੁੱਸਾ ਜਾਹਿਰ ਕੀਤਾ। ਬਸਪਾ ਆਗੂ ਸ੍ਰੀ ਨਰਿੰਦਰ ਕਸ਼ਯਪ ਤੇ ਸ. ਅਵਤਾਰ ਸਿੰਘ ਕਰੀਮਪੁਰੀ ਨੇ ਇਸ ਧਰਨੇ ਵਿਚ ਪੰਜਾਬ ਸਮੇਤ ਦੇਸ਼ ਭਰ ਵਿਚ ਦਲਿਤਾਂ, ਪਛੜੇ ਵਰਗਾਂ, ਕਿਸਾਨ ਮਜਦੂਰਾਂ 'ਤੇ ਕੀਤੇ ਜਾ ਰਹੇ ਅਤਿਆਚਾਰਾਂ ਦਾ ਮਾਮਲਾ ਚੁੱਕਿਆ। ਇਸ ਤੋਂ ਇਲਾਵਾ ਕੇਂਦਰ ਤੇ ਸੂਬਾ ਸਰਕਾਰ ਵਲੋਂ ਅਨੁਸੂਚਿਤ ਜਾਤੀਆਂ ਤੇ ਪਛੜੇ ਵਰਗਾਂ ਦੇ ਵਿਦਿਆਰਥੀਆਂ ਲਈ ਬੰਦ ਕੀਤੀ ਜਾ ਰਹੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਦਾ ਵੀ ਮਾਮਲਾ ਚੁੱਕਿਆ ਤੇ ਕਿਹਾ ਕਿ ਇਸ ਸਕੀਮ ਕਿਸੀ ਵੀ ਸੂਰਤ ਵਿਚ ਬੰਦ ਨਹੀਂ ਹੋਣੀ ਚਾਹੀਦੀ ਤੇ ਵਿਦਿਆਰਥੀਆਂ ਤੋਂ ਬਿਨ੍ਹਾਂ ਫੀਸ ਲਏ ਦਾਖਿਲਾ ਦਿੱਤਾ ਜਾਵੇ। ਜਲੰਧਰ ਵਿਚ ਦੇਹਾਤੀ ਤੇ ਸ਼ਹਿਰੀ ਪੁਲਿਸ ਵਲੋਂ ਅਕਾਲੀ ਭਾਜਪਾ ਸਰਕਾਰ ਦੀ ਸ਼ਹਿ 'ਤੇ ਦਲਿਤਾਂ ਗਰੀਬਾਂ 'ਤੇ ਪਾਏ ਜਾ ਰਹੇ ਝੂਠੇ ਕੇਸਾਂ ਦਾ ਮਾਮਲਾ ਵੀ ਚੁੱਕਿਆ। ਧਰਨੇ ਨੂੰ ਸੰਬੋਧਤ ਕਰਦਿਆਂ ਸ੍ਰੀ ਕਸ਼ਯਪ ਨੇ ਕਿਹਾ ਕਿ ਪਿਛਲੀਆਂ ਕਾਂਗਰਸ ਦੀਆਂ ਸਰਕਾਰਾਂ ਦੀ ਤਰ੍ਹਾਂ ਹੀ ਭਾਜਪਾ ਦੀ ਕੇਂਦਰ ਸਰਕਾਰ ਤੇ ਸੂਬੇ ਦੀ ਅਕਾਲੀ ਭਾਜਪਾ ਸਰਕਾਰ ਵਲੋਂ ਅਨੁਸੂਚਿਤ ਜਾਤੀਆਂ (ਐਸਸੀ) ਤੇ ਪਛੜੇ ਵਰਗਾਂ ਨੂੰ ਸੰਵਿਧਾਨਕ ਤੌਰ 'ਤੇ ਮਿਲੇ ਰਾਖਵਾਂਕਰਨ ਨੂੰ ਖਤਮ ਕੀਤਾ ਜਾ ਰਿਹਾ ਹੈ। ਇਸਦੇ ਲਈ ਵੱਡੇ ਪੱਧਰ 'ਤੇ ਸਰਕਾਰੀ ਵਿਭਾਗਾਂ ਦਾ ਨਿਜੀਕਰਨ ਕੀਤਾ ਜਾ ਰਿਹਾ ਹੈ। ਪਛੜੇ ਵਰਗਾਂ ਲਈ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਰਿਹਾ ਹੈ ਤੇ ਐਸਸੀ ਵਰਗ ਦੇ ਮੁਲਾਜਮਾਂ ਨੂੰ ਤਰੱਕੀਆਂ ਵਿਚ ਰਾਖਵਾਂਕਰਨ ਨਹੀਂ ਦਿੱਤਾ ਜਾ ਰਿਹਾ ਹੈ। ਸੂਬਾ ਸਰਕਾਰ ਨੇ ਰੋਸਟਰ ਸਿਸਟਮ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਰੋਸਟਰ ਸਿਸਟਮ ਨੂੰ ਬਹਾਲ ਕੀਤਾ ਜਾਵੇ ਤੇ ਪਛੜੇ ਵਰਗਾਂ ਨੂੰ ਪੂਰਾ 27 ਫੀਸਦੀ ਰਾਖਵਾਂਕਰਨ ਦਿੱਤਾ ਜਾਵੇ, ਜਿਸ ਤਰ੍ਹਾਂ ਬਸਪਾ ਨੇ ਯੂਪੀ ਵਿਚ ਆਪਣੀ ਸਰਕਾਰ ਦੌਰਾਨ ਕੀਤਾ ਸੀ। ਰਾਖਵਾਂਕਰਨ ਦੇ ਨਾਲ ਨਾਲ ਮੌਜੂਦਾ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਐਸਸੀ ਵਰਗ ਦੀ ਭਲਾਈ ਲਈ ਰੱਖੇ ਜਾਣ ਵਾਲੇ ਬਜਟ ਵਿਚ ਵੀ ਕਟੌਤੀ ਕੀਤੀ ਹੈ ਤੇ ਪਛੜੇ ਵਰਗ ਦੀ ਭਲਾਈ ਲਈ ਵੱਖਰੇ ਤੌਰ 'ਤੇ ਕੋਈ ਬਜਟ ਨਹੀਂ ਰੱਖਿਆ ਹੈ। ਦੇਸ਼ ਵਿਚ ਸਿੱਖਿਆ ਤੇ ਸੇਹਤ ਖੇਤਰ ਲਈ ਬਜਟ ਪਹਿਲਾਂ ਹੀ ਬਹੁਤ ਘੱਟ ਹੈ, ਇਸ ਵਿਚ ਵੀ 20 ਫੀਸਦੀ ਹੋਰ ਕਟੌਤੀ ਕਰਕੇ ਆਮ ਲੋਕਾਂ ਲਈ ਸਿੱਖਿਆ ਤੇ ਸੇਹਤ ਸੇਵਾਵਾਂ ਨੂੰ ਸੁਧਾਰਨ ਲਈ ਕੋਈ ਕੋਸ਼ਿਸ਼ ਨਹੀਂ ਕੀਤੀ ਜਾ ਰਹੀ ਹੈ।

ਦੇਸ਼ ਭਰ ਵਿਚ ਦਲਿਤਾਂ, ਗਰੀਬਾਂ ਤੇ ਪਛੜੇ ਵਰਗਾਂ ਲਈ ਅਤਿਆਚਾਰ ਕੀਤੇ ਜਾ ਰਹੇ ਹਨ ਤੇ ਇਨ੍ਹਾਂ ਨੂੰ ਰੋਕਣ ਲਈ ਸਖਤ ਕਦਮ ਨਹੀਂ ਚੁੱਕੇ ਜਾ ਰਹੇ ਹਨ। ਸ੍ਰੀ ਕਰੀਮਪੁਰੀ ਨੇ ਕਿਹਾ ਕਿ ਕਾਂਗਰਸ, ਭਾਜਪਾ ਤੇ ਇਨ੍ਹਾਂ ਵਰਗੀ ਹੀ ਮਨੂੰਵਾਦੀ ਹੋਰ ਨਵੀਂਆਂ ਪਾਰਟੀਆਂ ਨਾਲ ਬਹੁਜਨ ਸਮਾਜ ਦੇ ਲੋਕਾਂ ਦਾ ਭਲਾ ਨਹੀਂ ਹੋਣ ਵਾਲਾ ਹੈ। ਇਸ ਲਈ ਲੋਕਾਂ ਨੂੰ ਬਸਪਾ ਦੇ ਝੰਡੇ ਸੱਤ੍ਹਾ ਪ੍ਰੀਵਰਤਨ ਲਈ ਸੰਘਰਸ਼ਸ਼ੀਲ ਹੋਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਐਸਸੀ ਤੇ ਪਛੜੇ ਵਰਗ ਦੀ ਆਬਾਦੀ ਦੇ ਹਿਸਾਬ ਨਾਲ ਉਨ੍ਹਾਂ ਦੇ ਰਾਖਵਾਂਕਰਨ ਦਾ ਕੋਟਾ ਵੀ ਵਧਾਇਆ ਜਾਵੇ।

ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਨਾ ਕਰਕੇ ਕੇਂਦਰ ਤੇ ਸੂਬਾ ਸਰਕਾਰ ਹਜਾਰਾਂ ਪੋਸਟਾਂ ਐਸ ਸੀ ਤੇ ਪੱਛੜੇ ਵਰਗ ਦੀਆਂ ਖਤਮ ਕਰ ਰਹੀਆਂ ਹਨ। ਇਸ ਤੋਂ ਇਲਾਵਾ ਸ. ਕਰੀਮਪੁਰੀ ਨੇ ਇਹ ਵੀ ਕਿਹਾ ਕਿ ਸੂਬੇ ਵਿਚ ਦਲਿਤਾਂ, ਔਰਤਾਂ ਤੇ ਹੋਰ ਗਰੀਬਾਂ 'ਤੇ ਅਤਿਆਚਾਰ ਕੀਤੇ ਜਾ ਰਹੇ ਹਨ, ਪੁਲਿਸ ਇਨਸਾਫ ਦੇਣ ਲਈ ਤਿਆਰ ਨਹੀਂ। ਅਤਿਆਚਾਰ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ ।



ਸੂਬੇ ਵਿਚ ਐਸਸੀ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਨੂੰ ਵੀ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਰਿਹਾ ਹੈ। ਇਸ ਸਕੀਮ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ। ਸਫਾਈ ਮੁਲਾਜਮਾਂ ਦੀ ਪੱਕੀ ਭਰਤੀ ਕੀਤੀ ਜਾਵੇ। ਕਿਸੇ ਵੀ ਸਰਕਾਰੀ ਸਕੂਲ ਨੂੰ ਬੰਦ ਨਾ ਕੀਤਾ ਜਾਵੇ, ਸਰਕਾਰੀ ਸਕੂਲਾਂ, ਹਸਪਤਾਲਾਂ- ਡਿਸਪੈਂਸਰੀਆਂ ਵਿਚ ਟੀਚਰਾਂ ਤੇ ਡਾਕਟਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਭਰਿਆ ਜਾਵੇ। ਮੌਜੂਦਾ ਸਰਕਾਰੀ ਕਾਲਜਾਂ ਵਿਚ ਵੀ ਲੈਕਚਰਰ ਦੀ ਭਰਤੀ ਕੀਤੀ ਜਾਵੇ ਤੇ ਹਰ ਬਲਾਕ ਪੱਧਰ 'ਤੇ ਸਰਕਾਰੀ ਕਾਲਜ ਖੋਲੇ ਜਾਣ। ਕੇਂਦਰ ਤੇ ਸੂਬਾ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਕਿਸਾਨਾਂ ਦੀ ਹਾਲਤ ਖਰਾਬ ਹੋ ਰਹੀ ਹੈ ਤੇ ਇਸ ਕਾਰਨ ਕਿਸਾਨ ਮਜਦੂਰ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਹੇ ਹਨ। ਕਿਸਾਨ ਸੰਕਟ ਦਾ ਹੱਲ ਕੀਤਾ ਜਾਵੇ ਤੇ ਖੇਤੀਬਾੜੀ ਸੈਕਟਰ ਨੂੰ ਖੁਸ਼ਹਾਲੀ ਵੱਲ ਨੂੰ ਤੋਰਿਆ ਜਾਵੇ। ਕੇਂਦਰ ਵਲੋਂ ਸਬਸਿਡੀਆਂ ਦੇਣ ਵਿਚ ਪੰਜਾਬ ਦੇ ਕਿਸਾਨਾਂ ਨਾਲ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ ਹੈ। ਵਨ ਰੈਂਕ ਵਨ ਪੈਂਸ਼ਨ ਸਕੀਮ ਲਾਗੂ ਕੀਤੀ ਜਾਵੇ। ਮਨਰੇਗਾ ਤਹਿਤ ਕੰਮ ਕਰਨ ਵਾਲੇ ਮਜਦੂਰਾਂ ਨੂੰ ਕੰਮ ਦੇ ਪੈਸਿਆਂ ਦੀ ਅਦਾਇਗੀ ਸਮੇਂ ਸਿਰ ਕੀਤੀ ਜਾਵੇ। ਮਹਿੰਗਾਈ 'ਤੇ ਕਾਬੂ ਕੀਤਾ ਜਾਵੇ, ਸਿੱਖਿਆ ਤੇ ਸਿਹਤ ਸੇਵਾਵਾਂ ਸਸਤੀਆਂ ਕੀਤੀਆਂ ਜਾਣ। ਉਦਯੋਗਾਂ ਵਿੱਚ ਕੰਮ ਕਰਦੇ ਮਜਦੂਰਾਂ ਨੂੰ ਬਣਦੀ ਉਜਰਤ ਦਿੱਤੀ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਬਸਪਾ ਵਲੋਂ ਨਸ਼ਿਆਂ ਤੇ ਹਰ ਗਲਤ ਨੀਤੀਆਂ ਦੇ ਖਿਲਾਫ ਪੰਜਾਬ ਬਚਾਓ ਪਿਛਲੇ ਸਾਲ 1 ਨਵੰਬਰ ਤੋਂ ਸ਼ੁਰੂ ਕੀਤੀ ਗਈ ਹੈ। ਇਸ ਮੌਕੇ 'ਤੇ ਸ. ਕਰੀਮਪੁਰੀ ਨੇ ਇਹ ਵੀ ਕਿਹਾ ਕਿ ਬਸਪਾ ਵਲੋਂ 2017 ਵਿਚ ਸੱਤਾ ਪ੍ਰਾਪਤ ਕਰਨ ਦੇ ਉਦੇਸ਼ ਦੇ ਮੱਦੇਨਜਰ ਇਕ ਲੱਖ ਵਰਕਰ ਤੇ ਲੀਡਰ ਤਿਆਰ ਕੀਤੇ ਜਾਣੇ ਹਨ। ਇਕ ਲੱਖ ਵਰਕਰਾਂ ਵਿਚੋਂ 40 ਹਜਾਰ ਵਰਕਰ ਪਛੜੇ ਤੇ ਜਨਰਲ ਵਰਗ ਵਿਚੋਂ ਤਿਆਰ ਕੀਤੇ ਜਾਣਗੇ।

ਉਨ੍ਹਾਂ ਇਹ ਵੀ ਕਿਹਾ ਕਿ 50 ਫੀਸਦੀ ਹਿੱਸੇਦਾਰੀ ਨੌਜਵਾਨ ਵਰਗ ਨੂੰ ਦਿੱਤੀ ਜਾਵੇਗੀ। ਉਨ੍ਹਾਂ ਵਿਸ਼ੇਸ਼ਕਰ ਨੌਜਵਾਨਾਂ ਨੂੰ ਵੱਧ ਤੋਂ ਵੱਧ ਗਿਣਤੀ ਵਿਚ ਬਸਪਾ ਨਾਲ ਜੁੜਨ ਦੀ ਅਪੀਲ ਕੀਤੀ। ਧਰਨੇ ਤੋਂ ਬਾਅਦ ਬਸਪਾ ਵਲੋਂ ਕੇਂਦਰ ਤੇ ਸੂਬਾ ਸਰਕਾਰ ਖਿਲਾਫ ਰੋਸ ਮਾਰਚ ਵੀ ਕੱਢਿਆ ਗਿਆ ਤੇ ਦੋਨਾਂ ਸਰਕਾਰਾਂ ਦਾ ਪੁਤਲਾ ਵੀ ਫੂਕਿਆ ਗਿਆ। ਇਸ ਮੌਕੇ 'ਤੇ ਫਿਲੌਰ ਹਲਕੇ ਦੇ ਇੰਚਾਰਜ ਬਲਦੇਵ ਖਹਿਰਾ, ਸੂਬਾ ਖਜਾਨਚੀ ਸੁੰਦਰ ਪਾਲ, ਜਿਲ੍ਹਾ ਦਿਹਾਤੀ ਪ੍ਰਧਾਨ ਬਲਬੀਰ ਤਿਹੰਗ, ਹਲਕਾ ਫਿਲੌਰ ਪ੍ਰਧਾਨ ਵਿਨੋਦ ਨੀਟਾ ਨੇ ਧਰਨੇ ਵਿਚ ਸ਼ਾਮਲ ਹੋਏ ਸਾਰੇ ਵਰਕਰਾਂ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ ਜਲੰਧਰ ਜੋਨ ਇੰਚਾਰਜ ਮਾਸਟਰ ਰਾਮ ਲੁਭਾਇਆ, ਬਲਵਿੰਦਰ ਕੁਮਾਰ, ਰੋਹਿਤ ਖੋਖਰ, ਜਲੰਧਰ ਸ਼ਹਿਰੀ ਪ੍ਰਧਾਨ ਧਰਮਵੀਰ ਧੰਮਾ, ਜਲੰਧਰ ਮੰਡਲ ਕੋਆਰਡੀਨੇਟਰ ਸੇਵਾ ਸਿੰਘ ਰੱਤੂ, ਸਰਵਣ ਸਿੰਘ ਸੱਗੂ, ਰਾਜਕੁਮਾਰ ਹੰਸ, ਜਗਦੀਸ਼ ਰਾਣਾ, ਰਜਿੰਦਰ ਰੀਹਲ, ਗੁਰਮੇਲ ਚੁੰਬਰ, ਸੁਖਵਿੰਦਰ ਕੋਟਲੀ, ਕਮਲਦੇਵ ਜੰਡੂਸਿੰਘਾ, ਬਾਬੂ ਸੁੰਦਰ ਪਾਲ, ਜਗਦੀਸ਼ ਸ਼ੇਰਪੁਰੀ, ਬਲਿਹਾਰ ਮੁਠੱਡਾ, ਮਦਨ ਮੱਦੀ, ਗੋਪਾਲ ਢਿਲਵਾਂ, ਸਤਪਾਲ ਮਕਸੂਦਾਂ, ਵਿਜੈ ਯਾਦਵ, ਰਣਜੀਤ ਸਰਹਾਲੀ, ਮਦਨ ਲਾਲ ਰੰਧਾਵਾ ਆਦਿ ਹਾਜਰ ਸਨ।

ਪਹਿਲੇ ਸਫੇ ਦੀ ਬਾਕੀ

## ਰਜਿਸਟਰਡ ਨਾ ਕੀਤੇ ਜਾਣ ਵਾਲੇ ਨਫ਼ਰਤ ਦੇ ਕੇਸਾਂ ਨੂੰ ਰੋਕਣ ਲਈ ਸੁਰੱਖਿਆ ਏਜੰਸੀਆਂ ਨਾਲ ਗਲ ਕਰਾਂਗੇ- ਭਾਰਤੀ ਰਾਜਦੂਤ ਅਰੁਣ ਕੁਮਾਰ ਸਿੰਘ

ਇਸ ਮੌਕੇ ਤੇ ਸ਼੍ਰੀ ਸਿੰਘ ਨੇ ਦੋਹਾਂ ਦੇਸ਼ਾਂ ਦੇ ਸਬੰਧਾਂ ਬਾਰੇ ਪੁੱਛੇ ਗਏ ਸਵਾਲਾਂ ਦੇ ਜਵਾਬ ਵੀ ਦਿੱਤੇ। ਕਾਨਫ਼ਰੰਸ ਦੌਰਾਨ ਸ: ਸਤਨਾਮ ਸਿੰਘ ਚਾਹਲ ਨੇ ਦੱਸਿਆ ਕਿ ਜਿਹੜੇ ਸਿੱਖ ਹਰ ਰੋਜ਼ ਨਫ਼ਰਤ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ ਉਨ੍ਹਾਂ ਵਿਚੋਂ ਕੁੱਝ ਲੋਕ ਤਾਂ ਪੁਲੀਸ ਜਾਂ ਸਬੰਧਤ ਅਧਿਕਾਰੀਆਂ ਕੋਲ ਆਪੋ ਆਪਣੀਆਂ ਸ਼ਿਕਾਇਤਾਂ ਦਰਜ ਕਰਵਾ ਦਿੰਦੇ ਹਨ ਜਿਸ ਨੂੰ ਸੁਰੱਖਿਆ ਏਜੰਸੀਆਂ ਆਪਣੇ ਰਿਕਾਰਡ ਉੱਪਰ ਲੈ ਲੈਂਦੀਆਂ ਹਨ। ਲੇਕਿਨ ਜਿਤਨੇ ਕੇਸ ਰਜਿਸਟਰਡ ਹੁੰਦੇ ਹਨ ਉਸ ਨਾਲੋਂ ਕਈ ਗੁਣਾਂ ਜ਼ਿਆਦਾ ਕੇਸ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਨਫ਼ਰਤ ਦਾ ਸ਼ਿਕਾਰ ਹੋਣ ਵਾਲੇ ਸਿੱਖ ਤੇ ਉਨ੍ਹਾਂ ਦੇ ਸਕੂਲ ਕਾਲਜ ਜਾਣ ਵਾਲੇ ਬੱਚੇ ਕਿਸੇ ਡਰ ਨੂੰ ਮੁੱਖ ਰੱਖ ਕੇ ਆਪਣੇ ਕੇਸ ਰਜਿਸਟਰਡ ਨਹੀਂ ਕਰਵਾਉਂਦੇ ਜਿਸ ਲਈ ਅਜਿਹੇ ਸਿੱਖ ਅੰਦਰ ਹੀ ਅੰਦਰ ਆਪਣੇ ਪ੍ਰਤੀ ਨਫ਼ਰਤ ਦਾ ਇਹ ਸੰਤਾਪ ਭੁਗਤਦੇ ਰਹਿੰਦੇ ਹਨ। ਸ: ਚਾਹਲ ਨੇ ਮੰਗ ਕੀਤੀ ਕਿ ਇਸ ਸਮੱਸਿਆ ਦਾ ਕੋਈ ਨਾ ਕੋਈ ਹੱਲ ਲੱਭਿਆ ਜਾਣਾ ਚਾਹੀਦਾ ਹੈ। ਰਾਜਦੂਤ ਅਰੁਣ ਕੁਮਾਰ ਸਿੰਘ ਨੇ ਸ: ਚਾਹਲ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਇਸ ਸਬੰਧੀ ਸੁਰੱਖਿਆ ਏਜੰਸੀਆਂ ਦੇ ਉੱਚ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਇਸਦਾ ਕੋਈ ਨਾ ਕੋਈ ਹੱਲ ਜ਼ਰੂਰ ਲੱਭਣਗੇ।

ਕਾਨਫਰੰਸ ਆਰੰਭ ਹੋਣ ਤੋਂ ਪਹਿਲਾਂ ਸ: ਚਾਹਲ ਨੇ ਰਾਜਦੂਤ ਅਰੁਨ ਕੁਮਾਰ ਸਿੰਘ ਨੂੰ ਦਸਿਆ ਕਿ ਇਥੋਂ ਦੇ ਸਾਰੇ ਅਖਬਾਰ ਆਰਥਿਕ ਤੌਰ ਤੇ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ ਇਸ ਲਈ ਭਾਰਤ ਸਰਕਾਰ ਨੂੰ ਵਿਦੇਸ਼ਾਂ ਵਿਚ ਨਿਕਲਣ ਵਾਲੇ ਅਖਬਾਰਾਂ ਨੂੰ ਇਸ਼ਤਿਹਾਰ ਦੇਣ ਦੀ ਪਾਲਿਸੀ ਬਣਾਉਣੀ ਚਾਹੀਦੀ ਹੈ।ਸ: ਚਾਹਲ ਦੀ ਗਲ ਨਾਲ ਸਹਿਮਤੀ ਪਰਗਟ ਕਰਦਿਆਂ ਰਾਜਦੂਤ ਸਾਹਿਬ ਨੇ ਭਰੋਸਾ ਦਿਵਾਇਆ ਕਿ ਉਹ ਇਸ ਸਬੰਧੀ ਭਾਰਤ ਸਰਕਾਰ ਨਾਲ ਗਲਬਾਤ ਕਰਨਗੇ

ਫੋਟੋ-ਪਰੈਸ ਕਾਨਫ਼ਰੰਸ ਨੂੰ ਸੰਬੋਧਨ ਕਰਦੇ ਹੋਏ ਭਾਰਤੀ ਰਾਜਦੂਤ ਅਰੁਣ ਕੁਮਾਰ ਸਿੰਘ।






## ਮੁੰਬਈ ਵਰਗੀ ਕਤਲੋਗ਼ਾਰਤ ਦੇ ਇਰਾਦੇ ਨਾਲ ਆਏ ਸਨ ਦਹਿਸ਼ਤਗਰਦ

ਚੰਡੀਗੜ੍ਹ- ਦੀਨਾਨਗਰ 'ਚ ਹੋਏ ਦਹਿਸ਼ਤੀ ਹਮਲੇ ਬਾਰੇ ਮਿਲੀ ਜਾਣਕਾਰੀ ਮੁਤਾਬਕ ਤਿੰਨੋ ਦਹਿਸ਼ਤਗਰਦ 3 ਤੋਂ 6 ਦਿਨ ਪਹਿਲਾਂ ਹੀ ਪਾਕਿਸਤਾਨ ਤੋਂ ਭਾਰਤ ਵਿੱਚ ਘੁਸਪੈਠ ਕਰ ਚੁੱਕੇ ਸਨ। ਉਨ੍ਹਾਂ ਦਾ ਨਿਸ਼ਾਨਾ ਦੀਨਾਨਗਰ ਦਾ ਥਾਣਾ ਨਹੀਂ ਸਗੋਂ ਰੇਲ ਗੱਡੀ ਅਤੇ ਬੱਸ ਅੱਡਾ ਸੀ ਅਤੇ ਉਹ ਕਤਲੋਗ਼ਾਰਤ ਦੇ ਇਰਾਦੇ ਨਾਲ ਆਏ ਸਨ। ਪੁਲੀਸ ਵੱਲੋਂ ਕੀਤੀ ਜਾਂਚ 'ਚ ਖ਼ੁਲਾਸਾ ਹੋਇਆ ਹੈ ਕਿ ਤਿੰਨੇ ਦਹਿਸ਼ਤਗਰਦ ਗੁਰਦਾਸਪੁਰ ਜ਼ਿਲ੍ਹੇ ਦੇ ਦੋਰਾਂਗਲਾ ਥਾਣੇ ਅਧੀਨ ਆਉਂਦੀ ਕੌਮਾਂਤਰੀ ਸਰਹੱਦ ਤੋਂ 3 ਤੋਂ 6 ਦਿਨ ਪਹਿਲਾਂ ਹੀ ਘੁਸਪੈਠ ਕਰ ਚੁੱਕੇ ਸਨ। ਸੁਰੱਖਿਆ ਏਜੰਸੀਆਂ ਮੁਤਾਬਕ ਦਹਿਸ਼ਤਗਰਦਾਂ ਨੇ ਸ਼ਹਿਰ ਦੇ ਬਾਹਰੀ ਖੇਤਰਾਂ ਵਿੱਚ ਠਾਹਰ ਲੈ ਕੇ ਇਸ ਖੇਤਰ ਦੀ ਪੂਰੀ ਜਾਣਕਾਰੀ ਹਾਸਲ ਕਰ ਲਈ ਸੀ। ਪੁਲੀਸ ਦੀਨਾਨਗਰ ਦੇ ਨਾਲ ਲਗਦੇ ਪਿੰਡਾਂ, ਡੇਰਿਆਂ ਅਤੇ ਏਕਾਂਤ ਵਿਚਲੇ ਸਥਾਨਾਂ ਤਕ ਪਹੁੰਚ ਕਰਕੇ ਅਜਿਹੀਆਂ ਠਾਹਰਾਂ ਦੀ ਭਾਲ ਅਤੇ ਉਨ੍ਹਾਂ ਦੇ ਹਮਦਰਦਾਂ ਦੀ ਨਿਸ਼ਾਨਦੇਹੀ ਕਰਨ ਵਿੱਚ ਜੁਟੀ ਹੈ।







# ਸਟਾਰਡਮ ਤੋਂ ਬਾਅਦ ਗੁੰਮਨਾਮ

## ਪਤਾ ਨਹੀਂ ਕਿੱਥੇ ਰੁੱਝੀਆਂ ਨੇ ਇਹ ਸਾਬਕਾ ਅਭਿਨੇਤਰੀਆਂ

ਮਿਸ ਵਰਲਡ ਅਤੇ ਮਿਸ ਯੂਨੀਵਰਸ ਦਾ ਤਾਜ ਪਾਉਣ ਵਾਲੀਆਂ ਬਿਊਟ ਕੁਈਨਸ ਨੇ ਇਕ ਵਕਤ ਖ਼ੂਬ ਸਟਾਰਡਮ ਪਾਇਆ, ਪਰ ਬਾਅਦ ਵਿਚ ਉਹ ਗੁੰਮਨਾਮ ਹੋ ਗਈਆਂ। ਇਹਨਾਂ ਵਿਚੋਂ ਕਈਆਂ ਨੇ ਬਾਲੀਵੁੱਡ ਵਿਚ ਕਿਸਮਤ ਅਜ਼ਮਾਈ ਪਰ ਕੁਝ ਖਾਸ ਕਮਾਲ ਨਹੀਂ ਕਰ ਸਕੀਆਂ।ਅੱਜ ਇਹ ਬਿਊਟੀ ਕੁਈਨਸ ਗਲੈਮਰ ਵਰਲਡ ਅਤੇ ਸਟਾਰਡਮ ਤੋਂ ਦੂਰ ਹਨ। ਇਹਨਾਂ ਵਿਚੋਂ ਕੋਈ ਸੋਸ਼ਲ ਵਰਕ ਅਤੇ ਕੋਈ ਆਪਣੇ ਫੈਮਲੀ ਬਿਜ਼ੀ ਹੈ।



**ਦੀਆ ਮਿਰਜ਼ਾ**

ਦੀਆ ਨੇ 2000 ਵਿਚ ਮਿਸ ਏਸ਼ੀਆ ਪੈਸੇਫਿਕ ਦਾ ਤਾਜ ਪਾਇਆ। ਇਸ ਤੋਂ ਬਾਅਦ ਉਹਨਾਂ ਨੇ ਬਾਲੀਵੁੱਡ ਦਾ ਰੁਖ ਕੀਤਾ। ਕੁਝ ਫਿਲਮਾਂ ਵਿਚ ਕੰਮ ਵੀ ਕੀਤਾ, ਪਰ ਇੰਡਸਟਰੀ ਵਿਚ ਉਹ ਆਪਣੀ ਪਛਾਣ ਬਣਾਉਣ ਵਿਚ ਕਾਮਯਾਬ ਨਾ ਹੋ ਸਕੀ। ਉਹਨਾਂ ਨੇ ਬਿਜਨਸਮੈਨ ਸਾਹਿਲ ਸੰਘਾ ਨਾਲ ਵਿਆਹ ਕਰਵਾ ਲਿਆ। ਉਹ ਫਿਲਮਾਂ ਤੋਂ ਦੂਰ ਹੈ ਅਤੇ ਕਈ ਸਮਾਜਿਕ ਸੰਸਥਾਵਾਂ ਨਾਲ ਜੁੜੀ ਹੈ।



**ਰੀਤਾ ਫਾਰੀਆ**

ਰੀਤਾ ਫਾਰੀਆ ਭਾਰਤ ਦੀ ਪਹਿਲੀ ਅਜਿਹੀ ਬਿਊਟੀ ਕੁਈਨ ਹੈ, ਜਿਸਨੇ ਦੇਸ਼ ਵਿਚ ਤਾਂ ਨਾਂ ਨਹੀਂ ਕਮਾਇਆ, ਪਰ 1966 ਵਿਚ ਉਸਨੇ ਮਿਸ ਵਰਲਡ ਦਾ ਤਾਜ ਪਹਿਨਿਆ। ਰੀਤਾ ਨੇ ਗਲੈਮਰ ਵਰਲਡ ਤੋਂ ਹਮੇਸ਼ਾ ਦੂਰੀ ਬਣਾ ਕੇ ਰੱਖੀ। ਉਹਨਾਂ ਨੇ ਮਾਡਲਿੰਗ ਤੱਕ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਬਾਅਦ ਵਿਚ ਉਹ ਮੈਡੀਕਲ ਦੀ ਪੜ੍ਹਾਈ ਵਿਚ ਬਿਜ਼ੀ ਹੋ ਗਈ। 1998 ਵਿਚ ਲੰਡਨ ਵਿਚ ਆਯ-ੋਜਿਤ ਮਿਸ ਵਰਲਡ ਮੁਕਾਬਲੇ ਦੀ ਜੱਜ ਵੀ ਰਹੀ। ਫਿਲਹਾਲ ਉਹ ਆਪਣੇ ਪਤੀ ਦੇ ਨਾਲ ਡਬਲਿਨ ਵਿਚ ਰਹਿ ਰਹੀ ਹੈ।



**ਲਾਰਾ ਦੱਤਾ**

ਲਾਰਾ ਨੇ 2000 ਵਿਚ ਮਿਸ ਯੂਨੀਵਰਸ ਦਾ ਤਾਜ ਪਾਇਆ ਅਤੇ ਬਾਲੀਵੁੱਡ ਵਿਚ ਐਂਟਰੀ ਲਈ। ਉਹਨਾਂ ਨੇ ਕਈ ਫਿਲਮਾਂ ਵਿਚ ਕੰਮ ਕੀਤਾ ਪਰ ਉਹਨਾਂ ਦੀ ਕੋਈ ਫਿਲਮ ਹਿੱਟ ਨਹੀਂ ਹੋਈ। 2011 ਵਿਚ ਉਹਨਾਂ ਨੇ ਟੈਨਿਸ ਸਟਾਰ ਮਹੇਸ਼ ਭੂਪਤੀ ਨਾਲ ਵਿਆਹ ਕਰਵਾ ਲਿਆ। ਫਿਲਹਾਲ ਉਹ ਆਪਣੀ ਬੇਟੀ ਦੀ ਦੇਖਭਾਲ ਵਿਚ ਹੀ ਬਿਜ਼ੀ ਹੈ। ਕਦੀ ਕਦੀ ਉਹ ਕਿਸੇ ਈਵੈਂਟ ਤੇ ਨਜ਼ਰ ਆ ਜਾਂਦੀ ਹੈ।



**ਡਾਇਨਾ ਹੇਡਨ**

1997 ਵਿਚ ਮਿਸ ਵਰਲਡ ਦਾ ਤਾਜ ਪਾਉਣ ਵਾਲੀ ਡਾਇਨਾ ਨੇ ਕੁਝ ਹਾਲੀਵੁੱਡ ਅਤੇ ਬਾਲੀਵੁੱਡ ਫਿਲਮਾਂ ਵਿਚ ਕੰਮ ਕੀਤਾ। ਵਰਤਮਾਨ ਵਿਚ ਉਹ ਆਪਣੇ ਪਤੀ ਦੇ ਨਾਲ ਮਿਲ ਕੇ ਮੁੰਬਈ ਵਿਚ ਇਕ ਐਨ. ਜੀ. ਓ. ਚਲਾ ਰਹੀ ਹੈ।



**ਨਫੀਸਾ ਅਲੀ**

ਨਫੀਸਾ ਅਲੀ ਨੇ 1976 ਵਿਚ ਮਿਸ ਇੰਡੀਆ ਦਾ ਤਾਜ ਪਾਇਲਾ ਸੀ।

ਇਸ ਤੋਂ ਬਾਅਦ ਉਹਨਾਂ ਨੇ 1979 ਵਿਚ ਸ਼ਸ਼ੀ ਕਪੂਰ ਨਾਲ ਫਿਲਮ 'ਜਨੂੰਨ' ਵਿਚ ਕੰਮ ਕੀਤਾ। ਵਿਆਹ ਤੋਂ ਬਾਅਦ ਉਹਨਾਂ ਨੇ ਆਪਣੇ ਪਰਿਵਾਰ ਤੇ ਫੋਕਸ ਕੀਤਾ ਅਤੇ ਗਲੈਮਰ ਵਰਲਡ ਨੂੰ ਅਲਵਿਦਾ ਕਹਿ ਦਿੱਤਾ। 2005 ਵਿਚ ਉਹਨਾਂ ਨੇ ਦੁਬਾਰਾ ਬਾਲੀਵੁੱਡ ਵਿਚ ਐਂਟਰੀ ਕੀਤੀ ਫਿਲਮ 'ਬੇਵਫਾ' ਤੋਂ। ਫਿਲਹਾਲ ਉਹ ਫਿਲਮੀ ਦੁਨੀਆਂ ਤੋਂ ਦੂਰ ਸੋਸ਼ਲ ਵਰਕ ਵਿਚ ਬਿਜ਼ੀ ਹੈ।

# ਮੈਂ ਸਾਰਥਿਕ ਸਿਨੇਮਾ ਦਾ ਹਿੱਸਾ ਬਣਨਾ ਚਾਹੁੰਦੀ ਹਾਂ- ਗੀਤਾ ਬਸਰਾ



ਬਚਪਨ ਤੋਂ ਹੀ ਬਾਲੀਵੁੱਡ ਫ਼ਿਲਮਾਂ ਵਿੱਚ ਅਦਾਕਾਰੀ ਕਰਨ ਦਾ ਸੁਫ਼ਨਾ ਵੇਖਣ ਵਾਲੀ ਪੰਜਾਬਣ ਮੁਟਿਆਰ ਗੀਤਾ ਬਸਰਾ ਦਾ ਪਾਲਣ-ਪੋਸ਼ਣ ਲੰਡਨ ਵਿੱਚ ਹੋਇਆ। ਉਸ ਨੇ 'ਦਿਲ ਦੀਆ ਹੈ' ਫ਼ਿਲਮ ਤੋਂ ਆਪਣੇ ਅਦਾਕਾਰੀ ਸਫ਼ਰ ਦੀ ਸ਼ੁ-ਰੂਆਤ ਕੀਤੀ। ਦੂਜੀ ਫ਼ਿਲਮ 'ਦਿ ਟ੍ਰੇਨ' ਕਰਨ ਤੋਂ ਬਾਅਦ ਉਹ ਵਾਪਸ ਲੰਡਨ ਚਲੀ ਗਈ। ਚਾਰ ਸਾਲ ਬਾਅਦ ਵਾਪਸ ਆ ਕੇ ਉਸ ਨੇ ਫ਼ਿਲਮ 'ਜ਼ਿਲ੍ਹਾ ਗਾਜ਼ੀਆਬਾਦ' ਰਾਹੀਂ ਅਦ-ਾਕਾਰੀ ਦੇ ਖੇਤਰ ਵਿੱਚ ਦੂਜੀ ਪਾਰੀ ਦੀ ਸ਼ੁਰੂਆਤ ਕੀਤੀ। ਹੁਣ ਉਹ ਬੀਤੇ ਦਿਨੀਂ ਰਿਲੀਜ਼ ਹੋਈ ਫ਼ਿਲਮ 'ਸੈਕਿੰਡ ਹੈਂਡ ਹਸਬੈਂਡ' ਨੂੰ ਲੈ ਕੇ ਚਰਚਾ ਵਿੱਚ ਹੈ। ਪੇਸ਼ ਹਨ ਗੀਤਾ ਬਸਰਾ ਨਾਲ ਗੱਲਬਾਤ ਦੇ ਕੁਝ ਅੰਸ਼:

* ਬਾਲੀਵੁੱਡ ਵਿੱਚ ਆਪਣੇ ਹੁਣ ਤਕ ਦੇ ਸਫ਼ਰ ਬਾਰੇ ਕੀ ਕਹੋਗੇ?

\- ਬਾਲੀਵੁੱਡ ਵਿੱਚ ਮੇਰਾ ਹੁਣ ਤਕ ਦਾ ਸਫ਼ਰ ਬਹੁਤ ਚੰਗਾ ਰਿਹਾ ਹੈ। ਜਦੋਂ ਮੈਂ ਲੰਡਨ ਤੋਂ ਮੁੰਬਈ ਆਪਣਾ ਕਰੀਅਰ ਬਣਾਉਣ ਲਈ ਆਈ ਸੀ ਤਾਂ ਮੈਂ ਬਿਲਕੁਲ ਇਕੱਲੀ ਸੀ। ਸਭ ਤੋਂ ਪਹਿਲਾਂ ਮੈਂ ਇੱਥੇ ਆ ਕੇ ਅਦਾਕਾਰੀ ਦੀ ਸਿਖਲਾਈ ਲਈ, ਜਿਸ ਤੋਂ ਬਾਅਦ ਮੈਨੂੰ 'ਦਿਲ ਦੀਆ ਹੈ' ਫ਼ਿਲਮ ਮਿਲੀ। 'ਦਿ ਟ੍ਰੇਨ' ਕਰਨ ਤੋਂ ਬਾਅਦ ਮੈਂ ਲੰਡਨ ਵਾਪਸ ਚਲੀ ਗਈ। ਹੁਣ ਫ਼ਿਲਮ 'ਜ਼ਿਲ੍ਹਾ ਗਾਜ਼ੀਆਬਾਦ' ਰਾਹੀਂ ਮੁੜ ਵਾਪਸੀ ਕੀਤੀ ਹੈ। ਮੇਰੀ ਖ਼ੁਸ਼ਕਿਸਮਤੀ ਹੈ ਕਿ ਮੈਨੂੰ ਅਰਸ਼ਦ ਵਾਰਸੀ, ਵਿਵੇਕ ਓਬਰਾਏ ਅਤੇ ਪਾਰੇਸ਼ ਰਾਵੇਲ ਵਰਗੇ ਵੱਡੇ ਅਦਾਕਾਰਾਂ ਨਾਲ ਡਾਂਸ ਕਰਨ ਦਾ ਮੌਕਾ ਮਿਲਿਆ। ਹੁਣ ਨਵੀਂ ਫ਼ਿਲਮ 'ਸੈਕਿੰਡ ਹੈਂਡ ਹਸਬੈਂਡ' ਆਈ ਹੈ। ਮੇਰੇ ਫ਼ਿਲਮੀ ਸਫ਼ਰ ਦੌਰਾਨ ਮੈਨੂੰ ਬਹੁਤ ਸਾਰੇ ਚੰਗੇ ਤੇ ਮੰਦੇ ਲੋਕ ਮਿਲੇ, ਪਰ ਮੈਂ ਸੰਜਮ ਵਰਤਿਆ ਅਤੇ ਮੈਨੂੰ ਚੰਗਾ ਫਲ ਵੀ ਮਿਲਿਆ।

* ਫ਼ਿਲਮ 'ਸੈਕਿੰਡ ਹੈਂਡ ਹਸਬੈਂਡ' ਨਾਲ ਕਿਵੇਂ ਜੁੜੇ?

\- ਇਸ ਫ਼ਿਲਮ ਦੇ ਨਿਰਦੇਸ਼ਕ ਸਮੀਪ ਕੰਗ ਪੰਜਾਬੀ ਫ਼ਿਲਮਾਂ ਦੇ ਮਸ਼ਹੂਰ ਨਿਰਦੇਸ਼ਕ ਹਨ। ਮੈਂ ਕਾਫ਼ੀ ਸਮੇਂ ਤੋਂ ਉਨ੍ਹਾਂ ਨਾਲ ਕੰਮ ਕਰਨਾ ਚਾਹੁੰਦੀ ਸੀ। ਜਦੋਂ ਕੰਗ ਨੇ ਮੈਨੂੰ ਇਹ ਫ਼ਿਲਮ ਕਰਨ ਲਈ ਕਿਹਾ ਤਾਂ ਇਸ ਦੀ ਕਹਾਣੀ ਅਤੇ ਕਾਮੇਡੀ ਮੈਨੂੰ ਚੰਗੀ ਲੱਗੀ। ਉਨ੍ਹਾਂ ਨੇ ਮੈਨੂੰ ਇੱਕ ਖ਼ਾਸ ਮਹਿਮਾਨ ਭੂਮਿਕਾ ਕਰਨ ਲਈ ਕਿਹਾ, ਪਰ ਜਦੋਂ ਮੈਂ ਸਕਰਿਪਟ ਪੜ੍ਹੀ ਤਾਂ ਮੈਨੂੰ ਨੇਹਾ ਦਾ ਕਿਰਦਾਰ ਬਹੁਤ ਪਸੰਦ ਆਇਆ ਅਤੇ ਮੈਂ ਇਸ ਨੂੰ ਕਰਨ ਦੀ ਇੱਛਾ ਜ਼ਾਹਿਰ ਕੀਤੀ। ਉਂਜ ਇਸ ਫ਼ਿਲਮ ਲਈ ਗਿੱਪੀ ਗਰੇਵਾਲ, ਟੀਨਾ ਆਹੂਜਾ ਸਮੇਤ ਸਾਰੇ ਕਲਾਕਰਾਂ ਦੀ ਚੋਣ ਹੋ ਪਹਿਲਾਂ ਹੀ ਹੋ ਚੁੱਕੀ ਸੀ ਅਤੇ ਮੈਂ ਇਸ ਫ਼ਿਲਮ ਨਾਲ ਕਾਫ਼ੀ ਸਮੇਂ ਬਾਅਦ ਜੁੜੀ। ਨੇਹਾ ਖੁੱਲ੍ਹੇ ਡੁੱਲੇ ਸੁਭਾਅ ਵਾਲੀ ਇੱਕ ਦਲੇਰ ਪੰਜਾਬੀ ਕੁੜੀ ਹੈ। ਉਹ ਫ਼ਿਲਮ ਵਿੱਚ ਰਾਜਬੀਰ (ਗਿੱਪੀ ਗਰੇਵਾਲ) ਦੀ ਪਤਨੀ ਹੈ, ਪਰ ਰਾਜਬੀਰ ਗੁਰਪ੍ਰੀਤ (ਟੀਨਾ ਆਹੂਜਾ) ਨੂੰ ਪਿਆਰ ਕਰਦਾ ਹੈ। ਇਸ ਕਰਕੇ ੁਹ ਨੇਹਾ ਨੂੰ ਤਲਾਕ ਦੇਣਾ ਚਾਹੁੰਦਾ ਹੈ। ਉਸ ਨੂੰ ਪਤਾ ਲੱਗਦਾ ਹੈ ਕਿ ਜੇ ਉਹ ਨੇਹਾ ਦਾ ਦੂਜਾ ਵਿਆਹ ਕਰਵਾ ਦੇਵੇ ਤਾਂ ਉਸ ਨੂੰ ਤਲਾਕ ਅਸਾਨੀ ਨਾਲ ਮਿਲ ਸਕਦਾ ਹੈ। ਇਸ ਲਈ ਰਾਜਬੀਰ ਆਪਣੀ ਪਤਨੀ ਲਈ ਪਤੀ ਲੱਭਣਾ ਸ਼ੁਰੂ ਕਰ ਦਿੰਦਾ ਹੈ। ਇਸ ਤਰ੍ਹਾਂ ਕਹਾਣੀ ਅੱਗੇ ਚਲਦੀ ਹੈ। ਮੈਨੂੰ ਇਹ ਕਿਰਦਾਰ ਨਿਭਾਉਣ ਵਿੱਚ ਬਹੁਤ ਮਜ਼ਾ ਆਇਆ।

* ਤੁਸੀਂ ਫ਼ਿਲਮ ਨਿਰਦੇਸ਼ਕ ਸਮੀਪ ਕਿੰਗ ਦੀ ਬਹੁਤ ਤਾਰੀਫ਼ ਕਰਦੇ ਹੋ?

\- ਉਹ ਤਾਰੀਫ਼ ਦੇ ਕਾਬਲ ਹਨ। ਪੰਜਾਬੀ ਵਿੱਚ ਉਨ੍ਹਾਂ ਕਈ ਚੰਗੀਆਂ ਕਾਮੇਡੀ ਫ਼ਿਲਮਾਂ ਦਿੱਤੀਆਂ ਹਨ। ਉਹ ਪੰਜਾਬ ਦੇ ਡੇਵਿਡ ਧਵਨ ਹਨ। ਉਹ ਇਨਸਾਨ ਵੀ ਬਹੁਤ ਚੰਗੇ ਹਨ। ਉਨ੍ਹਾਂ ਨਾਲ ਕੰਮ ਕਰਕੇ ਮੈਨੂੰ ਬਹੁਤ ਵਧੀਆ ਲੱਗਿਆ ਅਤੇ ਮੈਂ ਬਹੁਤ ਕੁਝ ਸਿੱਖਿਆ ਵੀ।

* ਕੰਗ ਨਾਲ ਪੰਜਾਬੀ ਫ਼ਿਲਮ 'ਲੌਕ' ਵੀ ਕਰ ਰਹੇ ਹੋ?

\- ਜੀ ਹਾਂ, ਮੇਰੀ ਮਾਂ ਬੋਲੀ ਪੰਜਾਬੀ ਹੈ, ਪਰ ਮੈਂ ਭਾਸ਼ਾ ਦੇ ਆਧਾਰ 'ਤੇ ਫ਼ਿਲਮਾਂ ਦੀ ਚੋਣ ਨਹੀਂ ਕਰਦੀ। ਮੈਂ ਚੰਗੀਆਂ ਫ਼ਿਲਮਾਂ ਦਾ ਹਿੱਸਾ ਬਣਨਾ ਚਾਹੁੰਦੀ ਹਾਂ।

ਫਿਰ ਚਾਹੇ ੁਹ ਹਿੰਦੀ ਹੋਣ ਜਾਂ ਪੰਜਾਬੀ। ਹੁਣ ਖੇਤਰੀ ਭਾਸ਼ਾਈ ਸਿਨੇਮਾ ਕਾਫ਼ੀ ਵਿਕਾਸ ਕਰ ਰਿਹਾ ਹੈ। ਦੱਖਣ ਭਾਰਤ ਦੀਆਂ ਫ਼ਿਲਮਾਂ ਦੀ ਸਫ਼ਲਤਾ ਬਾਰੇ ਸਭ ਨੂੰ ਪਤਾ ਹੀ ਹੈ। ਮੈਂ ਸਾਰਥਿਕ ਸਿਨੇਮਾ ਦਾ ਹਿੱਸਾ ਬਣਨਾ ਚਾਹੁੰਦੀ ਹਾਂ। ਪੰਜਾਬੀ ਸਿਨੇਮਾ ਬਹੁਤ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ। 'ਲੌਕ' ਨਵੰਬਰ ਵਿੱਚ ਰਿਲੀਜ਼ ਹੋਵੇਗੀ। ਇਸ ਦੀ ਸ਼ੂਟਿੰਗ ਪੂਰੀ ਹੋ ਚੁੱਕੀ ਹੈ।

ਮੇਰਾ ਦਾਅਵਾ ਹੈ ਕਿ ਇਹ ਫ਼ਿਲਮ ਸਾਰੇ ਪੰਜਾਬੀ ਸਿਨੇਮਾ ਦੀ ਨੁਹਾਰ ਬਦਲ ਦੇਵੇਗੀ। ਇਹ ਇੱਕ ਰੋਮਾਂਚਿਕ ਫ਼ਿਲਮ ਹੈ ਜਿਸ ਦੀ ਕਹਾਣੀ ਇੱਕ ਰਾਤ ਦੀ ਹੈ। ਹੁਣ ਤਕ ਇਸ ਤਰ੍ਹਾਂ ਦੇ ਵਿਸ਼ੇ 'ਤੇ ਕੋਈ ਫ਼ਿਲਮ ਨਹੀਂ ਬਣੀ।

# TANDOOR
## Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

Contact Us:

We are open seven days 11 AM to 10 PM

Ph. 510-885-1212

Fax. 510-885-1532



ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

# Kash FABRICS



ਸਾੜੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

## KASH FABRICS

ONE STOP SHOPPING CENTRE

29576 Mission Blvd Hayward. Ca 94544

www.kashfabrics.com

Tel: 510-538-1138





FREE WiFi

Ram Gopal

# Annabelle's
Pizza & Pasta Kitchen

200 "J" Street
Sacramento, CA 95814

(916) 448-6239

BIG SCREEN TV

## Annabelle's
Pizza & Pasta Kitchen

IN OLD SACRAMENTO

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM



Ram Gopal

Features All you can eat Italian Buffet

(Our Dough is Freshly Rolled Daily and Made of the Finest Ingredients)

Now Serving Beer &Wine!




Varieties of Video Games Available

Variety of Sandwiches are also available

FREE WiFi FREE WiFi FREE WiFi FREE WiFi

Ram Gopal (916) 448-6239
200 "J" Street, Sacramento, CA 95814



# INDIA BAZAAR



Jai Ram Gaught

Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (415) 706-7027
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀਆਂ 30 ਅਗਸਤ ਨੂੰ ਹੋ ਰਹੀਆਂ ਚੋਣਾਂ ਲਈ ਮੌਜੂਦਾ ਪ੍ਰਬੰਧਕ ਕਮੇਟੀ ਦੇ ਉਮੀਦਵਾਰ

## Current Parbandhak Committee Candidates for the San Jose Gurdwara Sahib Elections on August 30, 2015



ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀ ਖ਼ੂਬਸੂਰਤ ਇਮਾਰਤ *Gurdwara Photo*



ਹਰਦੇਵ ਸਿੰਘ ਤੱਖਰ
Hardev Singh Takhar



ਭੁਪਿੰਦਰ (ਬਾਬ) ਸਿੰਘ ਢਿੱਲੋਂ
Bhupindar (Bob) Singh Dhillon



ਪ੍ਰੀਤਮ ਸਿੰਘ ਗਰੇਵਾਲ
Pritam Singh Grewal



ਸੁਖਦੇਵ ਸਿੰਘ ਬੈਣੀਵਾਲ
Sukhdev Singh Bainiwal



ਰਾਜਿੰਦਰ ਸਿੰਘ ਮੰਗਰ
Rajinder Singh Mangar



ਡਾ. ਗੁਰਿੰਦਰਪਾਲ ਸਿੰਘ
Dr. Gurinderpal Singh



ਸੁਰਜੀਤ ਸਿੰਘ ਬੈਂਸ
Surjit Singh Bains



ਸਰਬਜੋਤ ਸਿੰਘ ਸਵੱਦੀ
Sarbjot Singh Sawaddi



ਕਿਰਪਾਲ ਸਿੰਘ ਅਟਵਾਲ
Kirpal Singh Atwal



ਭਾਈ ਧਰਮ ਸਿੰਘ
Bhai Dharam Singh



ਬਲਬੀਰ ਸਿੰਘ ਜੌਹਲ
Balbir Singh Johal



ਗੁਰਬਖਸ਼ ਸਿੰਘ ਢਿੱਲੋਂ
Gurbax Singh Dhillon



ਨਰਿੰਦਰਪਾਲ ਸਿੰਘ
Narinderpal Singh



ਸੋਹਣ ਸਿੰਘ ਧਨੋਤਾ
Sohan Singh Dhanota



ਨੀਟੂ ਸਿੰਘ ਕਾਹਲੋਂ
Neetu Singh Kahlon



ਨਰਿੰਦਰ ਕੌਰ ਮਹੇੜੂ
Narinder Kaur Maheru



ਪ੍ਰਿਤਪਾਲ ਕੌਰ
Pritpal Kaur



ਡਾ. ਬਲਬੀਰ ਸਿੰਘ ਬੈਂਸ
Dr. Balbir Singh Bains



ਬਲਜੀਤ (ਇਕਬਾਲਜੀਤ) ਕੌਰ ਹੰਸਰਾ
Baljit (Iqbaljit) Kaur Hansara



ਗੁਰਪ੍ਰੀਤ ਸਿੰਘ ਸੇਠੀ
Gurpreet Singh Sethi



ਬਹਾਦਰ ਸਿੰਘ ਦਿਉਲ
Bahadur Singh Deol